

# ਸਾਲ਼ ਦੀ ਆਖਰੀ ਪੂਰਨਮਾਸ਼ੀ

ਬਲਜੀਤ ਕੌਰ ਸੰਧੂ

BlueRose ONE.com
Stories Matter
NewDelhi • London

**BLUEROSE PUBLISHERS**
India | U.K.

Copyright © Baljeet Kaur Sandhu 2026

All rights reserved by author. No part of this publication may be reproduced, stored in a retrieval system or transmitted in any form or by any means, electronic, mechanical, photocopying, recording or otherwise, without the prior permission of the author. Although every precaution has been taken to verify the accuracy of the information contained herein, the publisher assume no responsibility for any errors or omissions. No liability is assumed for damages that may result from the use of information contained within.

BlueRose Publishers takes no responsibility for any damages, losses, or liabilities that may arise from the use or misuse of the information, products, or services provided in this publication.

BlueRose ONE.com
Stories Matter
NewDelhi • London

For permissions requests or inquiries regarding this publication,
please contact:

BLUEROSE PUBLISHERS
www.BlueRoseONE.com
info@bluerosepublishers.com
+91 8882 898 898
+4407342408967

ISBN: 978-93-7542-937-1

Cover design: Baljeet Kaur Sandhu
Typesetting: Tanya Raj Upadhyay

First Edition: July 2026

# ਜਰੂਰੀ ਸੂਚਨਾ

ਇਹ ਕਹਾਣੀ ਕਾਲਪਨਿਕ ਹੈ। ਇਸ ਪੁਸਤਕ ਵਿੱਚ ਸਾਰੇ ਨਾਮ, ਪਾਤਰ, ਕਾਰੋਬਾਰ, ਸਥਾਨ ਅਤੇ ਘਟਨਾਵਾਂ ਜਾਂ ਤਾਂ ਲੇਖਕ ਦੀ ਕਲਪਨਾ ਦੀ ਉਪਜ ਹਨ ਜਾਂ ਇਕ ਕਾਲਪਨਿਕ ਤਰੀਕੇ ਨਾਲ ਵਰਤੇ ਗਏ ਹਨ। ਅਸਲ ਵਿਅਕਤੀਆਂ (ਜਿਉਂਦੇ ਜਾਂ ਮਰੇ) ਜਾਂ ਅਸਲ ਘਟਨਾਵਾਂ ਨਾਲ ਕੋਈ ਸਮਾਨਤਾ ਪੂਰੀ ਤਰ੍ਹਾਂ ਨਾਲ ਇਤਫ਼ਾਕ ਹੈ।

# Disclaimer

This is a work of fiction. Unless otherwise indicated, all the names, characters, businesses, places, events and incidents in this book are either the product of the author's imagination or used in a fictitious manner. Any resemblance to actual persons, living or dead, or actual events is purely coincidental.

# ਪਾਠਕਾਂ ਦੇ ਨਾਮ ਇੱਕ ਖ਼ੱਤ

ਮੇਰੇ ਪਿਆਰੇ ਅਤੇ ਸਤਿਕਾਰਯੋਗ ਪਾਠਕੋ,

ਮੈਂ ਆਪਣੀ ਕਿਤਾਬ **"ਸਾਲ ਦੀ ਆਖ਼ਿਰੀ ਪੂਰਨਮਾਸ਼ੀ"** ਤੁਹਾਡੇ ਰੂਬਰੂ ਕਰ ਰਹੀਂ ਹਾਂ। ਇਹ ਕਹਾਣੀ ਇੱਕ ਅਜਿਹੇ ਫ਼ਰਿਸ਼ਤੇ ਨਾਲ ਸੰਬੰਧਤ ਹੈ ਜੋ ਸਾਲ ਦੀ ਆਖ਼ਿਰੀ ਪੂਰਨਮਾਸ਼ੀ ਵਾਲੀ ਰਾਤ ਇਸ ਧਰਤੀ ਉੱਤੇ ਇੱਕ ਚੰਗੇ ਇਨਸਾਨ ਦੀ ਤਲਾਸ਼ ਵਿੱਚ ਆਉਂਦਾ ਹੈ। ਸਾਰਾ ਸਾਲ ਫ਼ਰਿਸ਼ਤੇ ਦੇ ਦੂਤ ਇੱਕ ਅਜਿਹੇ ਇਨਸਾਨ ਦੀ ਭਾਲ ਕਰਦੇ ਹਨ ਜੋ ਸੱਚਾਈ ਅਤੇ ਰੱਬ ਦੇ ਰਾਹ ਉੱਤੇ ਚੱਲ ਰਿਹਾ ਹੋਵੇ। ਉਮੀਦ ਕਰਦੀ ਹਾਂ ਕਿ ਫ਼ਰਿਸ਼ਤੇ ਦੇ ਦੂਤਾਂ ਦੀ ਇਸ ਕਸ਼ਮਕਸ਼ ਨੂੰ ਪੜ੍ਹਦਿਆਂ ਤੁਸੀਂ ਮਾਯੂਸ ਨਹੀਂ ਹੋਵੋਗੇ।

ਤੁਹਾਡੀਆਂ ਦੁਆਵਾਂ ਅਤੇ ਪਿਆਰ ਦੀ ਇਛੁੱਕ,

**ਬਲਜੀਤ ਕੌਰ ਸੰਧੂ**

# ਤਤਕਰਾ

## ਅਧਿਆਏ

1. ਥਿਰਕਦੀ ਪਰਛਾਈ ........ 08

2. ਭੇੜੀਆ ਅਤੇ ਲੂੰਬੜ ........ 13

3. ਪੰਛੀਆਂ ਦਾ ਰਹੱਸ ........ 19

4. ਕੈਦੀ ਅਤੇ ਭਵਿੱਖਬਾਣੀ ........ 24

5. ਇਲਜ਼ਾਮ ........ 32

6. ਵਾਪਸੀ ........ 38

7. ਪ੍ਰੀਖਿਆ ........ 47

8. ਗੁਫ਼ਾ ਦਾ ਰਸਤਾ ........ 71

9. ਚਿੱਟੀ ਰੇਖ਼ਾ ........ 78

10. ਲਾਲ ਪੰਛੀਂ ........ 83

11. ਵਰ ........ 88

12. ਖ਼ੂਨੀ ਪਿਆਸ ........ 102

13. ਸੁਗੰਧਿਤ ਮਿੱਟੀ ........ 109

14. ਦਾਨਵ ........ 113

15. ਅਦ੍ਰਿਸ਼ ਆਵਾਜ ........ 121

16. ਸ਼ਰਾਪ ........ 132

17. ਵੱਖਰਾ ਸਥਾਨ ........ 144

18. ਮੰਜ਼ਲ ਵੱਲ ਪਹਿਲਾ ਕਦਮ ........ 150

19. ਮਾਇਆਵੀ ਜਾਦੂਗਰ ........................................................157

20. ਮੋਰ ਅਤੇ ਇੱਛਿਆਧਾਰੀ ਸੱਪ................................................166

21. ਮੰਜ਼ਿਲ ................................................................181

22. ਅੰਤ...................................................................189

## ਰਚਨਾਤਮਕ ਸੰਗ੍ਰਹਿ

1. ਰੱਬ ਨਾ ਜਾਣੇ ਇਸਮ ਤੇਰੇ ਨੂੰ ..............................................193



# ਅਧਿਆਏ

# 01

# ਥਿਰਕਦੀ ਪਰਛਾਈ

# 1. ਥਿਰਕਦੀ ਪਰਛਾਈ

ਦਸੰਬਰ ਮਹੀਨੇ ਦੀ ਹੱਡ ਠਾਰਦੀ ਠੰਡ ਸੀ ਅਤੇ ਅਕਾਸ਼ ਵਿੱਚ ਸਾਲ ਦੀ ਆਖਰੀ ਪੂਰਨਮਾਸ਼ੀ ਦਾ ਚੰਨ ਚਮਕਾਂ ਮਾਰ ਰਿਹਾ ਸੀ।ਬਰਫ਼ ਨਾਲ ਲੱਦੇ ਹੋਏ ਪਹਾੜ ਅਤੇ ਪੱਤਿਆਂ ਤੋਂ ਵਿਹੁਣੇ ਦਰੱਖ਼ਤ ਚੰਨ ਦੀ ਚਾਨਣੀ ਵਿੱਚ ਇੱਕ ਅਜੀਬ ਜਿਹਾ ਨਜਾਰਾ ਪੇਸ਼ ਕਰ ਰਹੇ ਸਨ।ਸਾਰੇ ਪਾਸੇ ਬਰਫ਼ ਹੀ ਬਰਫ਼ ਦਿਖਾਈ ਦੇ ਰਹੀ ਸੀ।ਦੇਖ ਕੇ ਇੰਜ ਮਹਿਸੂਸ ਹੋ ਰਿਹਾ ਸੀ ਜਿਵੇਂ ਜੰਗਲ ਵਿਚਲੀ ਸਾਰੀ ਬਨਸਪਤੀ ਨੇ ਚਾਂਦੀ ਦਾ ਰੂਪ ਧਾਰਨ ਕਰ ਲਿਆ ਹੋਵੇ।ਚਾਨਣੀ ਰਾਤ ਵਿੱਚ ਦਰੱਖ਼ਤਾਂ ਦੇ ਪ੍ਰਛਾਂਵੇਂ ਬਹੁਤ ਹੀ ਰਹੱਸਮਈ ਪ੍ਰਤੀਤ ਹੋ ਰਹੇ ਸਨ।ਇਹੋ-ਜਿਹੇ ਰਹੱਸਮਈ ਮਹੌਲ ਵਿੱਚ ਇੱਕ ਇਨਸਾਨੀ ਸਾਇਆ ਦਰੱਖਤਾਂ ਦੀ ਝੁੰਮਟੀ ਵਿੱਚ ਬੈਠਾ ਪੂਰਨਮਾਸ਼ੀ ਦੇ ਚੰਨ ਨੂੰ ਨਿਹਾਰ ਰਿਹਾ ਸੀ।ਜਿਵੇਂ-ਜਿਵੇਂ ਰਾਤ ਗਹਿਰਾ ਰਹੀ ਸੀ,ਚੰਨ ਦੇ ਚਾਨਣ ਵਿੱਚ ਲਾਲਗੀ ਵੱਧ ਰਹੀ ਸੀ।

ਪੁਰਾਤਨ ਯੁੱਗ ਦੀਆਂ ਕਥਾਵਾਂ ਵਿੱਚ ਇਹ ਗੱਲ ਬਹੁਤ ਪ੍ਰਚਲਿੱਤ ਸੀ ਕਿ ਹਰ ਯੁੱਗ ਵਿੱਚ ਸਾਲ ਦੀ ਆਖਰੀ ਪੂਰਨਮਾਸ਼ੀ ਦੀ ਰਾਤ ਇੱਕ ਫ਼ਰਿਸ਼ਤਾ ਚੰਨ ਵਿੱਚੋਂ ਨਿੱਕਲ ਕੇ ਧਰਤੀ ਉੱਤੇ ਆਉਂਦਾ ਹੈ।ਉਸ ਕਥਾ ਦੇ ਅਨੁਸਾਰ ਫ਼ਰਿਸ਼ਤਾ ਅਜਿਹੇ ਲੋਕਾਂ ਦੀ ਭਾਲ ਕਰਦਾ ਹੈ ਜੋ ਆਪਣੇ ਫ਼ਰਜ਼ਾਂ ਨੂੰ ਨਿਭਾਉਂਦੇ ਹੋਏ ਰੱਬ ਦੇ ਰਾਹ ਉੱਤੇ ਚੱਲ ਰਹੇ ਹੋਣ, ਉਹ ਲੋਕ ਜੋ ਨੇਕੀ ਅਤੇ ਸੱਚਾਈ ਦਾ ਸਾਥ ਦੇਣ ਦੀ ਹਿੰਮਤ ਰੱਖਦੇ ਹੋਣ।ਕਥਾਵਾਂ ਵਿੱਚ ਇਹ ਗੱਲ ਵੀ ਸੁਣਨ ਨੂੰ ਮਿਲਦੀ ਹੈ ਕਿ ਜਦੋਂ ਤੱਕ ਇਹ ਕਾਇਨਾਤ ਬਾਕੀ ਹੈ,ਉਸ ਸਮੇਂ ਤੱਕ ਫਰਿਸ਼ਤੇ ਦਾ ਇਸ ਧਰਤੀ ਉੱਤੇ ਆਉਣਾ ਨਿਰਵਿਘਨ ਜਾਰੀ ਰਹੇਗਾ।

ਦਰੱਖਤਾਂ ਦੇ ਝੁਰਮਟ ਵਿੱਚ ਬੈਠਾ ਸਾਇਆ ਓਸੇ ਫ਼ਰਿਸ਼ਤੇ ਦੀ ਉਡੀਕ ਕਰ ਰਿਹਾ ਸੀ।

ਰਾਤ ਦੇ ਬਾਰਾਂ-ਕੁ-ਵਜੇ ਇੰਜ ਪ੍ਰਤੀਤ ਹੋਇਆ ਜਿਵੇਂ ਚੰਦਰਮਾਂ ਵਿੱਚ ਹਲਚਲ ਮਚ ਗਈ ਹੋਵੇ।ਚੰਨ ਦੇ ਆਲੇ-ਦੁਆਲੇ ਬਹੁਤ ਹੀ ਨਿੱਕੇ-ਨਿੱਕੇ ਅਤੇ ਰਹੱਸਮਈ ਪੰਛੀ ਦਿਖਾਈ ਦੇਣ ਲੱਗੇ।ਕੁੱਝ ਸਮੇਂ ਬਾਅਦ ਚੰਨ ਵਿੱਚ ਇੱਕ ਦਰਵਾਜਾ ਦਿਖਾਈ ਦਿੱਤਾ।ਉਸ ਦਰਵਾਜੇ ਦੇ ਕੋਲ ਪੌੜੀ ਵੀ ਦਿਖਾਈ ਦੇ ਰਹੀ ਸੀ।ਛੇਤੀ ਹੀ ਇੱਕ ਪਰਛਾਈ ਚੰਨ ਵਿੱਚੋਂ ਉੱਤਰ ਕੇ ਧਰਤੀ ਉੱਤੇ ਆ ਗਈ।

ਦਰੱਖਤਾਂ ਦੇ ਝੁਰਮਟ ਵਿੱਚ ਬੈਠੇ ਸਾਏ ਨੇ ਚੰਨ ਵਿੱਚੋਂ ਉੱਤਰੀ ਪਰਛਾਈ ਵੱਲ ਧਿਆਨ ਨਾਲ ਵੇਖਿਆ।ਪਰਛਾਈ ਵੱਲ ਦੇਖ ਕੇ ਉਸਦੇ ਸ਼ਰੀਰ ਵਿੱਚ ਸਹਿਰਨ ਦੌੜ ਗਈ।ਇਨਸਾਨੀ ਸਾਇਆ ਫ਼ਰਿਸ਼ਤੇ ਨੂੰ ਦੇਖਣ ਲਈ ਜੰਗਲ ਦੇ ਓਸ ਹਿੱਸੇ ਵਿੱਚ ਪਹੁੰਚ ਤਾਂ ਗਿਆ ਸੀ ਲੇਕਿਨ ਪਰਛਾਈ ਨੂੰ ਸਾਹਮਣੇ ਦੇਖ ਕੇ ਉਹ ਡਰ ਨਾਲ ਕੰਬ ਗਿਆ।ਸਾਏ ਨੂੰ ਇਹ ਡਰ ਸਤਾ ਰਿਹਾ ਸੀ ਕਿ ਜੇ ਪਰਛਾਈ ਨੂੰ ਉਸਦੀ ਮੌਜੂਦਗੀ ਬਾਰੇ ਪਤਾ ਲੱਗ ਗਿਆ ਤਾਂ ਫਿਰ ਉਸਦਾ ਕੀ ਬਣੇਗਾ?”

ਚੰਨ ਵਿੱਚੋਂ ਨਿੱਕਲੀ ਪਰਛਾਈ ਨੂੰ ਦੇਖਣਾ ਬਹੁਤ ਮੁਸ਼ਕਲ ਸੀ ਕਿਉਂਕਿ ਉਹ ਹਰ ਪਲ ਆਪਣਾ ਰੂਪ ਬਦਲ ਰਹੀ ਸੀ।ਫ਼ਿਜ਼ਾ ਵਿੱਚ ਰੱਬ ਦੀ ਬੰਦਗੀ ਦੇ ਸ਼ਬਦਾਂ ਦੀ ਆਵਾਜ਼ ਸੁਣਾਈ ਦੇ ਰਹੀ ਸੀ।ਅਜਿਹਾ ਕੋਈ ਵੀ ਧਰਮ ਨਹੀਂ ਸੀ ਜਿਸਦੇ ਸ਼ਬਦਾਂ ਦੀ ਆਵਾਜ਼ ਦਰੱਖਤਾਂ ਦੇ ਝੁਰਮਟ ਵਿੱਚ ਬੈਠੇ ਸਾਏ ਦੇ ਕੰਨਾਂ ਵਿੱਚ ਸੁਣਾਈ ਨਾਂ ਦਿੱਤੀ ਹੋਵੇ।

ਬੰਦਗੀ ਕਰਨ ਤੋਂ ਬਾਅਦ ਚੰਨ ਵਿੱਚੋਂ ਨਿੱਕਲੀ ਪ੍ਰਛਾਈ ਨੇ ਥਰਥਰਾਉਣਾ ਸ਼ੁਰੂ ਕਰ ਦਿੱਤਾ।ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਪ੍ਰਛਾਈ ਦਾ ਪੋਟਾ-ਪੋਟਾ ਬਹੁਤ ਹੀ ਰਿਦਮ ਨਾਲ ਥਿੜਕ ਰਿਹਾ ਹੋਵੇ। ”

ਦਰੱਖਤਾਂ ਦੇ ਝੁਰਮਟ ਵਿੱਚ ਬੈਠਾ ਸਾਇਆ ਠੰਡ ਨਾਲ ਆਕੜ ਰਿਹਾ ਸੀ ਪਰ ਡਰ ਦੇ ਕਾਰਨ ਉਸ ਨੇ ਆਪਣੀ ਉਂਗਲ ਤੱਕ ਨਾ ਹਲਾਈ।ਅੱਧੇ-ਕੁ-ਘੰਟੇ ਬਾਅਦ

ਪਰਛਾਈ ਨੇ ਥਿਰਕਣਾ ਬੰਦ ਕਰ ਦਿੱਤਾ। ਫਿਰ ਉਹ ਪਰਛਾਈ ਬਾਹਾਂ ਫੈਲਾ ਕੇ ਕਿਸੇ ਨਾਲ ਗੱਲਾਂ ਕਰਨ ਲੱਗੀ। ਭਾਸ਼ਾ ਵੱਖਰੀ ਹੋਣ ਦੇ ਕਾਰਨ ਉਸ ਦੀਆਂ ਗੱਲਾਂ ਸਮਝ ਵਿੱਚ ਨਹੀਂ ਸਨ ਆ ਰਹੀਆਂ। ਚੰਦਰਮਾਂ ਦੇ ਆਲੇ-ਦੁਆਲੇ ਅਦਭੁੱਤ ਅਤੇ ਨਿੱਕੇ-ਨਿੱਕੇ ਪੰਛੀਆਂ ਦਾ ਉੱਡਣਾ ਓਸੇ ਤਰ੍ਹਾਂ ਜਾਰੀ ਸੀ॥



# ਅਧਿਆਏ 02

## ਭੇੜੀਆ ਅਤੇ ਲੂੰਬੜ

# 2. ਭੇੜੀਆ ਅਤੇ ਲੂੰਬੜ

ਚੰਦਰਮਾ ਦੇ ਆਲੇ-ਦੁਆਲੇ ਉੱਡ ਰਹੇ ਪੰਛੀਆਂ ਦੇ ਚਹਿਕਣ ਦਾ ਤਰੀਕਾ ਬਹੁਤ ਹੀ ਨਿਰਾਲਾ ਸੀ। ਉਹਨਾ ਦੇ ਚਹਿਕਣ ਵਿੱਚ ਦੁਵੱਲੇ ਭਾਵ ਸਨ। ਇੱਕ ਵਾਰ ਉਹ ਸੁਰੀਲੀ ਅਤੇ ਸਕੂਨ ਭਰੀ ਆਵਾਜ਼ ਕੱਢਦੇ ਅਤੇ ਦੂਜੀ ਵਾਰ ਬਹੁਤ ਹੀ ਉਦਾਸ ਅਤੇ ਡਰਾਵਣੀ ਆਵਾਜ਼ ਸੁਣਾਈ ਦਿੰਦੀ। ਇਹ ਸਿਲਸਲਾ ਅੱਧਾ-ਕੁ-ਘੰਟਾ ਜਾਰੀ ਰਿਹਾ।

ਹੁਣ ਫ਼ਰਿਸ਼ਤੇ ਨੇ ਉੱਚੀ ਆਵਾਜ਼ ਵਿੱਚ ਬੋਲਣਾ ਸ਼ੁਰੂ ਕਰ ਦਿੱਤਾ। ਇੰਜ ਲੱਗ ਰਿਹਾ ਸੀ ਜਿਵੇਂ ਉਹ ਕਿਸੇ ਨੂੰ ਬੁਲਾ ਰਿਹਾ ਹੋਵੇ। ਕੁੱਝ ਦੇਰ ਬਾਅਦ ਇੱਕ ਭੇੜੀਆ ਜੰਗਲੀ ਗੁਫ਼ਾ ਵਿੱਚੋਂ ਬਾਹਰ ਨਿੱਕਲਿਆ ਅਤੇ ਹੌਲੀ-ਹੌਲੀ ਤੁਰ ਕੇ ਫ਼ਰਿਸ਼ਤੇ ਦੇ ਕੋਲ ਪਹੁੰਚ ਗਿਆ।

ਫ਼ਰਿਸ਼ਤੇ ਨੇ ਆਪਣੇ ਹੱਥ ਉੱਤੇ ਫ਼ੂਕ ਮਾਰੀ ਅਤੇ ਹੱਥ ਦੀ ਦਿਸ਼ਾ ਭੇੜੀਏ ਵੱਲ ਕਰ ਦਿੱਤੀ। ਜਦੋਂ ਫ਼ੂਕ ਦੀ ਹਵਾ ਭੇੜੀਏ ਦੇ ਸ਼ਰੀਰ ਨਾਲ ਟਕਰਾਈ ਤਾਂ ਭੇੜੀਆ ਇਨਸਾਨ ਦੇ ਰੂਪ ਵਿੱਚ ਤਬਦੀਲ ਹੋ ਗਿਆ।

ਫ਼ਰਿਸ਼ਤੇ ਨੇ ਉਸ ਇਨਸਾਨ (ਭੇੜੀਏ) ਨੂੰ ਕਿਹਾ:

***"ਮਾੜੇ ਲੋਕਾਂ ਨੂੰ ਇਨਸਾਨੀਅਤ ਤੋਂ ਡਿੱਗਦਾ ਦੇਖ ਕੇ ਜਿਆਦਾ ਦੁੱਖ ਨਹੀਂ ਹੁੰਦਾ,***

***ਕਿਉਂਕਿ ਅਜਿਹੇ ਲੋਕਾਂ ਕੋਲੋਂ ਕੁਦਰਤ ਨੂੰ ਕੋਈ ਉਮੀਦ ਹੀ ਨਹੀਂ ਹੁੰਦੀ।***

*ਮਾੜੇ ਕਰਮ ਕਰਨ ਵਾਲੇ ਲੋਕਾਂ ਦਾ ਇਸ ਜੱਗ ਉੱਤੇ ਆਉਣਾ ਹੀ ਅਸਫ਼ਲ ਹੋ ਜਾਂਦਾ ਹੈ*

*ਫ਼ਿਰ ਨਿਰਾਸ਼ਾ ਕਿਸ ਗੱਲ ਦੀ।*

*ਦੁੱਖ ਤਾਂ ਉਸ ਵੇਲੇ ਹੁੰਦਾ ਹੈ ਜਦੋਂ*

*ਤੇਰੇ ਵਰਗੇ ਚੰਗੇ ਇਨਸਾਨ ਗਲਤੀ ਕਰਦੇ ਹਨ।*

*ਕੁਦਰਤ ਨੂੰ ਚੰਗੇ ਕਰਮ ਕਰਨ ਵਾਲੇ ਲੋਕਾਂ ਤੋਂ ਬਹੁਤ ਉਮੀਦ ਹੁੰਦੀ ਹੈ।*

*ਜਦੋਂ ਚੰਗੇ ਲੋਕ ਕੁਦਰਤ ਦੀ ਉਮੀਦ ਉੱਤੇ ਖ਼ਰੇ ਨਹੀਂ ਉੱਤਰਦੇ*

*ਫਿਰ*

*ਕੁਦਰਤ ਨਿਰਾਸ਼ ਹੋ ਜਾਂਦੀ ਹੈ।"*

ਫ਼ਰਿਸ਼ਤੇ ਨੇ ਤੰਜ ਭਰੇ ਲਹਿਜੇ ਵਿੱਚ ਉਸ ਇਨਸਾਨ (ਭੇੜੀਏ) ਨੂੰ ਕਿਹਾ: "ਕੁਦਰਤ ਨੂੰ ਤੇਰੇ ਤੋਂ ਬਹੁਤ ਉਮੀਦਾਂ ਸਨ ਲੇਕਿਨ ਤੂੰ ਉਹਨਾ ਉਮੀਦਾਂ ਤੇ ਖ਼ਰਾ ਨਾ ਉੱਤਰਿਆ।ਤੇਰਾ ਅਸਫ਼ਲ ਹੋ ਜਾਣਾ ਬਹੁਤ ਦੁਖਦਾਈ ਸੀ।ਇਸ ਲਈ ਤੇਰੀ ਸਜਾ ਉਸ ਸਮੇਂ ਤੱਕ ਮਾਫ਼ ਨਹੀਂ ਕੀਤੀ ਜਾ ਸਕਦੀ ਜਦੋਂ ਤੱਕ ਤੂੰ ਦੁਬਾਰਾ ਉਮੀਦ ਦੇ ਕਾਬਲ ਨਹੀਂ ਬਣ ਜਾਂਦਾ।"

ਫ਼ਰਿਸ਼ਤੇ ਨੇ ਨਿਰਾਸ਼ਾ ਨਾਲ ਸਿਰ ਹਿਲਾਉਂਦੇ ਹੋਏ ਕਿਹਾ:

"ਇਸ ਸਾਲ ਵੀ ਦੁਨੀਆਂ ਵਿੱਚ ਕੋਈ ਚੰਗਾ ਇਨਸਾਨ ਦਿਖਾਈ ਨਹੀਂ ਦੇ ਰਿਹਾ। ਪਤਾ ਨਹੀਂ ਕੀ ਹੋਵੇਗਾ ਇਸ ਸੰਸਾਰ ਦਾ?ਘੋਰ ਕਲਯੁੱਗ ਆ ਗਿਆ!ਲੋਕਾਂ ਨੂੰ ਰੱਬ ਹੀ ਭੁੱਲ ਗਿਆ। ਹੁਣ ਛੇਤੀ ਦੱਸ ਜੋ ਕੰਮ ਤੈਨੂੰ ਸੌਂਪਿਆ ਗਿਆ ਸੀ ਉਹ ਕੰਮ ਹੋਇਆ ਜਾਂ ਨਹੀਂ?"

ਇਨਸਾਨ (ਭੇੜੀਏ) ਨੇ ਫ਼ਰਿਸ਼ਤੇ ਨੂੰ ਜਵਾਬ ਦਿੱਤਾ: "ਔਹ ਸਾਹਮਣੇ! ਦਰੱਖਤਾਂ ਦੇ ਝੁਰਮਟ ਵਿੱਚ ਇੱਕ ਇਨਸਾਨ ਛੁੱਪ ਕੇ ਬੈਠਾ ਹੈ। ਉਸਨੇ ਬਚਪਨ ਤੋਂ ਹੀ ਤੁਹਾਨੂੰ ਦੇਖਣ ਦਾ ਇਰਾਦਾ ਧਾਰ ਲਿਆ ਸੀ। ਦਿਲ ਵਿੱਚ ਮਿਲਣ ਦੀ ਤਾਂਘ ਪਾਲ ਲਈ ਸੀ। ਤੁਹਾਨੂੰ ਦੇਖਣ ਲਈ ਜੋ ਕਾਬਲੀਅਤ ਅਤੇ ਸ਼ਰਤਾਂ ਤੈਅ ਹਨ ਓਹਨਾਂ ਵਿੱਚੋਂ ਅੱਧੀਆਂ ਸ਼ਰਤਾਂ ਇਹ ਇਨਸਾਨ ਪੂਰੀਆਂ ਕਰਦਾ ਹੈ। ਇਸਨੂੰ ਜੰਗਲ ਦੇ ਇਸ ਕੋਨੇ ਤੱਕ ਲੈ ਕੇ ਆਉਣ ਵਿੱਚ ਮੇਰੀ ਬਹੁਤ ਮਿਹਨਤ ਲੱਗੀ ਹੈ। ਇਸ ਲਈ ਕਾਨੂੰਨ ਦੇ ਅਨੁਸਾਰ ਅੱਜ ਮੇਰੀ ਇੱਕ ਗਲਤੀ ਮਾਫ਼ ਹੋ ਜਾਣੀ ਚਾਹੀਦੀ ਹੈ।"

ਫ਼ਰਿਸ਼ਤੇ ਨੇ ਇਨਸਾਨ (ਭੇੜੀਆ) ਨੂੰ ਕਿਹਾ: "ਪਹਿਲਾਂ ਉਸ ਇਨਸਾਨ ਨੂੰ ਮੇਰੇ ਸਾਹਮਣੇ ਪੇਸ਼ ਕਰ। ਪਤਾ ਤਾਂ ਲੱਗੇ! ਜਿਸ ਇਨਸਾਨ ਨੂੰ ਤੂੰ ਮੇਰੇ ਸਾਹਮਣੇ ਲਿਆਉਣ ਦੇ ਕਾਬਿਲ ਸਮਝਿਆ ਹੈ, ਉਹ ਇਸ ਕਾਬਿਲ ਹੈ ਵੀ ਜਾਂ ਨਹੀਂ! ਉਸ ਨੂੰ ਮਿਲਣ ਤੋਂ ਬਾਅਦ ਹੀ ਫ਼ੈਸਲਾ ਹੋਵੇਗਾ ਕਿ ਤੇਰੀ ਗਲਤੀ ਮਾਫ਼ ਹੋਣੀ ਚਾਹੀਦੀ ਹੈ ਜਾਂ ਨਹੀਂ!"

ਫ਼ਰਿਸ਼ਤੇ ਦੀ ਗੱਲ ਸੁਣ ਕੇ ਇਨਸਾਨ (ਭੇੜੀਆ) ਦਰੱਖਤਾਂ ਦੇ ਉਸ ਝੁਰਮਟ ਕੋਲ ਪਹੁੰਚਿਆ ਜਿਸ ਵਿੱਚ ਸਾਇਆ ਲੁੱਕ ਕੇ ਬੈਠਾ ਸੀ। ਉਸ ਨੇ ਸਾਏ ਦੀ ਬਾਂਹ ਫੜ੍ਹੀ ਅਤੇ ਉਸਨੂੰ ਫ਼ਰਿਸ਼ਤੇ ਦੇ ਸਾਹਮਣੇ ਲੈ ਆਇਆ।

ਫ਼ਰਿਸ਼ਤਾ ਨੇ ਦੋ-ਕੁ-ਮਿੰਟ ਉਸ ਸਾਏ ਵੱਲ ਦੇਖਿਆ ਅਤੇ ਫਿਰ ਫ਼ੂਕ ਮਾਰ ਕੇ ਉਸਨੂੰ ਲੂੰਬੜ ਵਿੱਚ ਤਬਦੀਲ ਕਰ ਦਿੱਤਾ। ਸਾਏ ਨੂੰ ਲੂੰਬੜ ਦੇ ਰੂਪ ਵਿੱਚ ਤਬਦੀਲ ਕਰਨ

ਤੋਂ ਬਾਅਦ ਫ਼ਰਿਸ਼ਤੇ ਨੇ ਕਿਹਾ: "ਮੈਂ ਇਸ ਇਨਸਾਨ ਨੂੰ ਆਯੋਗ ਕਰਾਰ ਦਿੰਦਾ ਹਾਂ ਕਿਉਂਕਿ ਇਸ ਦੇ ਦਿਲ ਅਤੇ ਦਿਮਾਗ ਵਿੱਚ ਤਾਲਮੇਲ ਨਹੀਂ ਹੈ।ਮੈਨੂੰ ਦੇਖਣ ਵਾਲੀਆਂ ਸ਼ਰਤਾਂ ਨੂੰ ਪੂਰਾ ਕਰਨ ਲਈ ਇਸਨੇ ਸਿਰਫ਼ ਦਿਮਾਗ ਤੋਂ ਕੰਮ ਲਿਆ ਹੈ।ਦਿਲ ਵਾਲੇ ਜਜ਼ਬਾਤਾਂ ਤੋਂ ਕੰਮ ਨਹੀਂ ਲਿਆ।ਇਨਸਾਨ ਨੂੰ ਆਪਣੇ ਦਿਲ ਅਤੇ ਦਿਮਾਗ ਦੋਹਾਂ ਤੋ ਕੰਮ ਲੈਣਾ ਚਾਹੀਦਾ ਹੈ ਕਿਉਂਕਿ ਦਿਲ ਅਤੇ ਦਿਮਾਗ ਦਾ ਤਾਲਮੇਲ ਬਹੁਤ ਜਰੂਰੀ ਹੈ।"

ਫ਼ਰਿਸ਼ਤੇ ਨੇ ਕਿਹਾ:

**"ਕੁਦਰਤ ਨੇ ਇਨਸਾਨ ਨੂੰ ਦਿਮਾਗ ਇਸ ਲਈ ਦਿੱਤਾ ਹੈ,**

**ਤਾਂ ਜੋ ਉਹ ਦੁਨਿਆਵੀ ਗੁੰਝਲਾਂ ਨੂੰ ਸੁਲਝਾ ਕੇ ਇਸ ਭਵ-ਸਾਗਰ ਤੋਂ ਪਾਰ ਲੰਘ ਜਾਵੇ।**

**ਦਿਲ ਇਸ ਲਈ ਦਿੱਤਾ ਹੈ,**

**ਤਾਂ ਜੋ ਇਨਸਾਨ ਕੁਦਰਤ ਵੱਲੋਂ ਬਣਾਈ ਇਸ ਸ੍ਰਿਸ਼ਟੀ ਵਿੱਚ,**

**ਮੋਹ ਭਰੇ ਜਜ਼ਬਾਤਾਂ ਨਾਲ ਵਿਚਰੇ,**

**ਆਪ ਵੀ ਸੁਖੀ ਰਹੇ ਅਤੇ ਦੂਜਿਆਂ ਨੂੰ ਵੀ ਸੁਖੀ ਰਹਿਣ ਦੇਵੇ।"**

ਫ਼ਰਿਸ਼ਤੇ ਨੇ ਭੇੜੀਏ ਨੂੰ ਕਿਹਾ: "ਇਸ ਇਨਸਾਨ ਨੇ ਸ਼ਰਤਾਂ ਪੂਰੀਆਂ ਕਰਨ ਲਈ ਸਿਰਫ਼ ਆਪਣੇ ਦਿਮਾਗ ਦੀ ਵਰਤੋਂ ਕੀਤੀ,ਦਿਲ ਦੀ ਨਹੀਂ।ਜਦੋਂ ਦਿਲ ਦੀ ਵਾਰੀ ਆਈ ਤਾਂ ਇਹ ਇੱਕ ਵਾਰ ਵੀ ਆਪਣੇ ਦਿਲ ਨੂੰ ਕਾਬੂ ਵਿੱਚ ਨਾ ਕਰ ਸਕਿਆ।ਇਸੇ ਕਾਰਨ ਇਹ ਮੇਰੇ ਸਾਹਮਣੇ ਫ਼ੇਲ ਹੋ ਗਿਆ।

ਇਸ ਇਨਸਾਨ ਦਾ ਦਿਮਾਗ ਤੇਜ਼ ਹੈ ਸੋ ਇਸ ਨੂੰ ਲੂੰਬੜ ਬਣਾ ਦਿੱਤਾ।ਹੁਣ ਚਲਾਉਂਦਾ ਰਹੇ ਅਪਣਾ ਦਿਮਾਗ।ਇਸਦੇ ਅਯੋਗ ਸਾਬਤ ਹੋਣ ਕਾਰਨ ਤੇਰੀ ਕਿਸੇ ਵੀ ਗਲਤੀ

ਵਿੱਚ ਕੋਈ ਕਟੌਤੀ ਨਹੀਂ ਹੋ ਸਕਦੀ।ਹੁਣ ਤੇਰਾ ਚੁਣਿਆ ਇਹ ਬੰਦਾਂ ਵੀ ਲੂੰਬੜ ਦੇ ਰੂਪ ਵਿੱਚ ਤੇਰੇ ਨਾਲ ਹੀ ਵਿਚਰੇਗਾ।"

ਫ਼ਰਿਸ਼ਤੇ ਨੇ ਭੇੜੀਏ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ: "ਅਗਲੇ ਸਾਲ ਮੇਰੇ ਧਰਤੀ ਉੱਤੇ ਪਹੁੰਚਣ ਤੋਂ ਪਹਿਲਾ ਹੀ ਤੇਰਾ ਕੰਮ ਪੂਰਾ ਹੋ ਜਾਣਾ ਚਾਹੀਦਾ ਹੈ ਵਰਨਾ ਤੁਸੀਂ ਦੋਵੇਂ ਇਸ ਜੰਗਲ ਵਿੱਚ ਹਮੇਸ਼ਾ ਲਈ ਭੇੜੀਏ ਅਤੇ ਲੂੰਬੜ ਦੇ ਰੂਪ ਵਿੱਚ ਹੀ ਘੁੰਮਦੇ ਰਹਿ ਜਾਵੋਗੇ।"

ਇਹ ਗੱਲ ਕਹਿਣ ਤੋਂ ਬਾਅਦ ਫ਼ਰਿਸ਼ਤੇ ਨੇ ਆਪਣੇ ਹੱਥ ਉੱਤੇ ਫ਼ੂਕ ਮਾਰੀ ਅਤੇ ਹੱਥ ਦੀ ਦਿਸ਼ਾ ਨੂੰ ਇਨਸਾਨ ਵੱਲ ਕਰ ਦਿੱਤਾ।ਉਹ ਇਨਸਾਨ ਫਿਰ ਤੋਂ ਭੇੜੀਏ ਦੇ ਰੂਪ ਵਿੱਚ ਬਦਲ ਗਿਆ।ਕੁੱਝ ਸਮੇਂ ਪਸ਼ਚਾਤ ਚੰਦਰਮਾਂ ਵਿੱਚ ਇੱਕ ਅੱਖ-ਨੁਮਾਂ ਪੌੜੀ ਦਿਖਾਈ ਦਿੱਤੀ ਅਤੇ ਉਹ ਫ਼ਰਿਸ਼ਤਾ ਪੌੜੀ ਰਾਂਹੀ ਚੰਦਰਮਾਂ ਦੇ ਅੰਦਰ ਚਲਾ ਗਿਆ॥



# ਅਧਿਆਏ

# 03

## ਪੰਛੀਆਂ ਦਾ ਰਹੱਸ

# 3. ਪੰਛੀਆਂ ਦਾ ਰਹੱਸ

ਫ਼ਰਿਸ਼ਤੇ ਦੇ ਜਾਣ ਤੋਂ ਬਾਅਦ ਭੇੜੀਆ ਅਤੇ ਲੂੰਬੜ ਇੱਕ-ਦੂਜੇ ਵੱਲ ਦੇਖ ਕੇ ਮੁਸਕਰਾ ਪਏ। ਉਹ ਇੱਕ-ਦੂਜੇ ਦੀ ਭਾਸ਼ਾ ਨੂੰ ਚੰਗੀਂ ਤਰ੍ਹਾਂ ਜਾਣਦੇ ਸਨ ਕਿਉਂਕਿ ਅਸਲ ਵਿੱਚ ਤਾਂ ਦੋਵੇਂ ਹੀ ਇਨਸਾਨ ਸਨ, ਬਸ ਫ਼ਰਿਸ਼ਤੇ ਨੇ ਉਹਨਾ ਨੂੰ ਭੇੜੀਆ ਅਤੇ ਲੂੰਬੜ ਬਣਾ ਦਿੱਤਾ ਸੀ। ਚੰਨ ਦੇ ਦੁਆਲੇ ਘੁੰਮਦੇ ਨਿੱਕੇ-ਨਿੱਕੇ ਪੰਛੀ ਹੁਣ ਅਲੋਪ ਹੋ ਚੁੱਕੇ ਸਨ। ਜੰਗਲ ਦਾ ਉਹ ਹਿੱਸਾ ਅਜੇ ਵੀ ਰਹੱਸਮਈ ਲੱਗ ਰਿਹਾ ਸੀ।

ਭੇੜੀਏ ਨੇ ਲੂੰਬੜ ਨੂੰ ਪੁੱਛਿਆ: "ਤੂੰ ਇਹ ਹੀ ਸਮਝ ਰਿਹਾ ਸੀ ਨਾ ਕਿ ਤੂੰ ਜੰਗਲ ਦੇ ਇਸ ਹਿੱਸੇ ਵਿੱਚ ਆਪਣੀ ਹੀ ਬਿਨਾਹ ਤੇ ਪਹੁੰਚ ਗਿਆ ਹੈਂ। ਜਿਸ ਸਮੇਂ ਤੈਨੂੰ ਦਰੱਖ਼ਤਾਂ ਦੇ ਝੁਰਮਟ ਵਿੱਚੋਂ ਕੱਢ ਕੇ ਫ਼ਰਿਸ਼ਤੇ ਦੇ ਸਾਹਮਣੇ ਪੇਸ਼ ਕੀਤਾ ਓਸ ਸਮੇਂ ਤੇਰੇ ਚਹਿਰੇ ਤੋਂ ਹੈਰਾਨੀ ਸਾਫ਼ ਝਲਕ ਰਹੀ ਸੀ। ਮੇਰੇ ਸਾਹਮਣੇ ਆਉਣ ਤੱਕ ਤੈਨੂੰ ਇਸ ਗੱਲ ਦਾ ਇਲਮ ਤੱਕ ਨਹੀਂ ਹੋਇਆ ਕਿ ਮੈਂ ਤੇਰੀ ਮੱਦਦ ਕਰ ਰਿਹਾ ਸਾਂ। ਜੇ ਤੂੰ ਸਫ਼ਲ ਹੋ ਜਾਂਦਾ ਤਾਂ ਮੇਰੀ ਗਲਤੀ ਵੀ ਮਾਫ਼ ਹੋ ਜਾਣੀ ਸੀ!!!!"

ਲੂੰਬੜ ਨੇ ਭੇੜੀਏ ਨੂੰ ਜਵਾਬ ਦਿੱਤਾ: "ਫ਼ਰਿਸ਼ਤੇ ਦੇ ਅਸੂਲਾਂ ਮੁਤਾਬਕ ਚੱਲਣਾ ਬਹੁਤ ਔਖਾ ਹੈ। ਮੈਨੂੰ ਨਹੀਂ ਲੱਗਦਾ ਕਿ ਅਸੀਂ ਕਦੇ ਫ਼ਰਿਸ਼ਤੇ ਦੀ ਕਸੌਟੀ ਨੂੰ ਪਾਰ ਕਰ ਸਕਾਂਗੇ। ਮੈਂ ਤਾਂ ਹਮੇਸ਼ਾ ਇਹੀ ਸੋਚਦਾ ਰਿਹਾ ਕਿ ਫ਼ਰਿਸ਼ਤੇ ਨੂੰ ਦੇਖਣ ਲਈ ਬਸ ਸ਼ਰਤਾਂ ਪੂਰੀਆਂ ਕਰਨੀਆਂ ਹਨ। ਉਹਨਾ ਸ਼ਰਤਾਂ ਨੂੰ ਕਿਸ ਤਰੀਕੇ ਨਾਲ ਪੂਰਾ ਕੀਤਾ ਗਿਆ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ!"

ਭੇੜੀਏ ਨੇ ਲੂੰਬੜ ਨੂੰ ਕਿਹਾ: "ਫ਼ਰਿਸ਼ਤਾ ਕਿਸੇ ਅਜਿਹੇ ਇਨਸਾਨ ਦੀ ਭਾਲ ਕਰ ਰਿਹਾ ਹੈ ਜੋ ਆਪਣੇ ਦਿਲ ਅਤੇ ਦਿਮਾਗ ਦੇ ਤਾਲਮੇਲ ਨਾਲ ਇਹਨਾ ਸ਼ਰਤਾਂ ਉੱਤੇ ਪੂਰਾ ਉੱਤਰਦਾ ਹੋਵੇ।

ਸਾਡਾ ਕੰਮ ਹੈ ਓਸ ਇਨਸਾਨ ਦੀ ਤਲਾਸ਼ ਕਰਨਾ।ਇਹ ਕੰਮ ਅਸੰਭਵ ਨਹੀਂ ਹੈ।ਦੁਨੀਆਂ ਦੇ ਕਿਸੇ ਕੋਨੇ ਵਿੱਚ ਕੋਈ-ਨਾ-ਕੋਈ ਇਨਸਾਨ ਇਹਨਾ ਸਾਰੀਆਂ ਸ਼ਰਤਾਂ ਨੂੰ ਜਰੂਰ ਪੂਰਾ ਕਰੇਗਾ।

ਸਾਨੂੰ ਇੱਕ ਚੰਗੇ ਇਨਸਾਨ ਦੀ ਖ਼ੋਜ ਦਾ ਕੰਮ ਸ਼ੁਰੂ ਕਰਨਾ ਚਾਹੀਦਾ ਹੈ।ਦੋਵੇਂ ਇਕੱਠੇ ਰਹਾਂਗੇ ਤਾਂ ਸਾਡੇ ਲਈ ਆਸਾਨੀ ਹੋ ਜਾਵੇਗੀ ਪਰ ਜੇ ਤੂੰ ਮੇਰੇ ਨਾਲ ਰਲ ਕੇ ਕੰਮ ਨਹੀਂ ਕਰਨਾ ਚਾਹੁੰਦਾ ਤਾਂ ਵੀ ਕੋਈ ਗੱਲ ਨਹੀਂ।

ਅਸੀਂ ਹਰ ਮਹੀਨੇ ਪੂਰਨਮਾਸ਼ੀ ਦੀ ਰਾਤ ਨੂੰ ਮਿਲ ਕੇ ਆਪਣੇ-ਆਪਣੇ ਵਿਚਾਰ ਸਾਂਝੇ ਕਰ ਲਿਆ ਕਰਾਂਗੇ।"

ਭੇੜੀਏ ਨੇ ਲੂੰਬੜ ਨਾਲ ਆਪਣੀ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ: "ਮੈਂ ਪੰਛੀਆਂ ਦੀ ਬੋਲੀ ਨੂੰ ਭਲੀ-ਭਾਂਤ ਸਮਝ ਲੈਂਦਾ ਹਾਂ।ਪੰਛੀਆਂ ਦੇ ਚਹਿਕਣ ਅਤੇ ਉੱਡਣ ਦੇ ਅੰਦਾਜ ਤੋਂ ਹੀ ਮੈਨੂੰ ਪਤਾ ਲੱਗ ਜਾਂਦਾ ਹੈ ਕਿ ਇਹ ਕੀ ਕਹਿਣਾ ਚਾਹੁੰਦੇ ਨੇ।ਤੂੰ ਵੀ ਮਹੀਨੇ-ਦੋ-ਮਹੀਨੇ ਬਾਅਦ ਇਹਨਾਂ ਦੀ ਬੋਲੀ ਨੂੰ ਸਮਝਣ ਲੱਗ ਜਾਵੇਂਗਾ।ਪੰਛੀਆਂ ਦੀ ਬੋਲੀ ਸਿੱਖਣ ਤੋਂ ਇਲਾਵਾ ਹੁਣ ਤੇਰੇ ਕੋਲ ਹੋਰ ਕੋਈ ਚਾਰਾ ਹੀ ਨਹੀਂ ਹੈ।

ਮੇਰੀ ਤਾਂ ਇਹੋ ਸਲਾਹ ਹੈ ਕਿ ਤੂੰ ਵੀ ਮੇਰੇ ਨਾਲ ਹੀ ਚੱਲ ਕਿਉਂਕਿ ਪੰਛੀ ਦੱਸ ਦਿੰਦੇ ਹਨ ਕਿ ਸਾਨੂੰ ਕਿਸ ਦਿਸ਼ਾ ਵੱਲ ਜਾਣਾ ਚਾਹੀਦਾ ਹੈ।ਇਹ ਨਿੱਕੇ-ਨਿੱਕੇ ਪੰਛੀ ਕੋਈ ਰੱਬੀ ਦੂਤ ਹਨ।ਇੰਜ ਮਹਿਸੂਸ ਹੁੰਦਾ ਹੈ ਜਿਵੇਂ ਕੁਦਰਤ ਨੇ ਪੰਛੀਆਂ ਨੂੰ ਇਨਸਾਨਾਂ ਦੀ ਨਜਰਸਾਨੀ ਕਰਨ ਲਈ ਬਣਾਇਆ ਹੋਵੇ।ਪੰਛੀਆਂ ਨੂੰ ਇਨਸਾਨਾਂ ਦੇ ਸਾਰੇ ਕੰਮਾਂ ਬਾਰੇ ਪੂਰੀ ਜਾਣਕਾਰੀ ਹੁੰਦੀ ਹੈ, ਬਸ ਇਨਸਾਨਾਂ ਨੂੰ ਪਤਾ ਹੀ ਨਹੀਂ ਲੱਗਦਾ।"

ਲੂੰਬੜ ਨੇ ਭੇੜੀਏ ਨੂੰ ਜਵਾਬ ਦਿੱਤਾ: "ਠੀਕ ਹੈ! ਜੋ ਤੈਨੂੰ ਸਹੀ ਲੱਗੇ ਓਸੇ ਤਰ੍ਹਾਂ ਕਰ ਲਵਾਂਗੇ ਲੇਕਿਨ ਇਸ ਸਮੇਂ ਮੈਨੂੰ ਬਹੁਤ ਭੁੱਖ ਲੱਗੀ ਹੈ।ਪਹਿਲਾਂ ਇਹ ਦੱਸ ਖਾਣਾ ਕਿੱਥੋਂ ਮਿਲੇਗਾ?"

ਭੇੜੀਏ ਨੇ ਲੂੰਬੜ ਨੂੰ ਕਿਹਾ: "ਇਸ ਭੁੱਖ ਦਾ ਇਲਾਜ ਤਾਂ ਆਪ ਹੀ ਕਰਨਾ ਪੈਂਦਾ ਹੈ।ਜੰਗਲ ਦੇ ਇਸ ਕੋਨੇ ਵਿੱਚ ਖਾਣ ਨੂੰ ਕੁੱਝ ਨਹੀਂ ਲੱਭਣਾ।ਪਹਿਲਾਂ ਇਸ ਜਗ੍ਹਾ ਤੋਂ ਬਾਹਰ ਨਿੱਕਲਦੇ ਹਾਂ ਫ਼ਿਰ ਦੇਖਦੇ ਹਾਂ ਭੋਜਨ ਦਾ ਕੀ ਕਰਨਾ ਹੈ?"

ਭੇੜੀਆ ਅਤੇ ਲੂੰਬੜ ਆਪਸ ਵਿੱਚ ਗੱਲਾਂ ਕਰਦੇ ਹੋਏ ਜੰਗਲ ਵਿੱਚੋਂ ਬਾਹਰ ਆਉਣ ਵਾਲਾ ਰਸਤਾ ਤਹਿ ਕਰਦੇ ਰਹੇ।ਰਸਤੇ ਵਿੱਚ ਉਹਨਾ ਨੂੰ ਇੱਕ ਖ਼ਰਗੋਸ਼ ਦਿਖਾਈ ਦਿੱਤਾ।ਖ਼ਰਗੋਸ਼ ਵੱਲ ਦੇਖ ਕੇ ਲ਼ੂੰਬੜ ਦੇ ਮੂੰਹ ਵਿੱਚ ਪਾਣੀ ਭਰ ਆਇਆ।ਉਹ ਦੌੜ ਕੇ ਖ਼ਰਗੋਸ਼ ਦਾ ਸ਼ਿਕਾਰ ਕਰਨ ਲੱਗਾ।

ਜਦੋਂ ਲੂੰਬੜ ਖ਼ਰਗੋਸ਼ ਦਾ ਸ਼ਿਕਾਰ ਕਰਨ ਲਈ ਉਸ ਦੇ ਨੇੜੇ ਪਹੁੰਚ ਗਿਆ ਤਾਂ ਅੱਗੋਂ ਖ਼ਰਗੋਸ਼ ਨੇ ਕਿਹਾ: "ਕੀ ਗੱਲ! ਅਜੇ ਦਿਮਾਗ ਖਰਚਣ ਦਾ ਮਜਾ ਨਹੀਂ ਆਇਆ ਜੋ ਮੇਰੇ ਨਾਲ ਪੰਗਾ ਲੈਣ ਲੱਗਾ ਏਂ? ਚੁੱਪ ਕਰਕੇ ਲੰਘ ਜਾ ਮੇਰੇ ਕੋਲੋਂ ਵਰਨਾ ਇਹ ਨਾ ਹੋਵੇ ਕਿ ਤੂੰ ਮੇਰਾ ਹੀ ਸ਼ਿਕਾਰ ਬਣ ਜਾਵੇਂ।ਵੱਡਾ ਸ਼ਿਕਾਰੀ!!!!"

ਇਹ ਗੱਲ ਕਹਿਣ ਤੋਂ ਬਾਅਦ ਖ਼ਰਗੋਸ਼ ਆਪਣੀ ਖੁੱਡ ਵਿੱਚ ਵੜ ਗਿਆ।ਲੂੰਬੜ ਨੇ ਹੈਰਾਨੀ ਨਾਲ ਭੇੜੀਏ ਵੱਲ ਦੇਖਿਆ।

ਭੇੜੀਏ ਨੇ ਹੱਸ ਕੇ ਲੂੰਬੜ ਨੂੰ ਕਿਹਾ: "ਜਰਾ ਸੰਭਲ ਕੇ ਚੱਲਣਾ ਸਿੱਖ ਲੈ ਹੁਣ।ਯਾਦ ਰੱਖ ਸਾਡੇ ਸ਼ਰੀਰ ਹੁਣ ਇਨਸਾਨਾਂ ਵਰਗੇ ਨਹੀਂ ਦਿਖਦੇ।ਸਿਰਫ਼ ਸਾਨੂੰ ਹੀ ਪਤਾ ਹੈ ਕਿ ਅਸੀਂ ਇਨਸਾਨ ਹਾਂ।ਕੀ ਪਤਾ ਫ਼ਰਿਸ਼ਤੇ ਨੇ ਜੰਗਲ ਦੇ ਇਸ ਕੋਨੇ ਵਿੱਚ ਕੀ ਕੀ ਖੇਡ ਰਚਾਈ ਹੋਵੇ।ਕਾਸ਼ ਮੇਰੇ ਕੋਲੋਂ ਕਦੇ ਵੀ ਕੋਈ ਗਲਤੀ ਨਾ ਹੁੰਦੀ! ਤੂੰ ਵੀ ਸਾਰੀਆਂ ਸ਼ਰਤਾਂ ਬਿਨਾਂ ਕਿਸੇ ਗਲਤੀ ਤੋਂ ਪੂਰੀਆਂ ਕਰ ਲੈਂਦਾ! ਪਰ ਹੁਣ ਪਛਤਾਉਣ ਦਾ ਕੀ ਫ਼ਾਇਦਾ। ਜੋ ਹੋਣਾ ਸੀ ਉਹ ਹੋ ਗਿਆ।ਹੁਣ ਤਾਂ ਸਾਡੇ ਬਚਣ ਦਾ ਇੱਕ ਹੀ ਤਰੀਕਾ ਹੈ ਕਿ ਅਗਲੇ ਸਾਲ ਅਸੀਂ ਫ਼ਰਿਸ਼ਤੇ ਅੱਗੇ ਹਰ ਹਾਲਤ ਵਿੱਚ ਪਾਸ ਹੋ

ਜਾਈਏ ਵਰਨਾ ਸਾਰੀ ਉਮਰ ਜਾਨਵਰ ਦੇ ਰੂਪ ਵਿੱਚ ਹੀ ਬਤੀਤ ਕਰਨੀ ਪਵੇਗੀ। ਚੱਲ ਹੁਣ ਪਹਿਲਾਂ ਇੱਥੋ ਨਿੱਕਲ ਫਿਰ ਭੁੱਖ ਦਾ ਇਲਾਜ ਵੀ ਕਰ ਲਵਾਂਗੇ। ”

ਭੇੜੀਏ ਅਤੇ ਲੂੰਬੜ ਨੂੰ ਬਹੁਤ ਭੁੱਖ ਲੱਗੀ ਸੀ ਪਰ ਉਹ ਡਰ ਦੇ ਕਾਰਨ ਸ਼ਿਕਾਰ ਨਹੀਂ ਸਨ ਕਰ ਰਹੇ। ਉਹ ਜੰਗਲ ਦਾ ਕਾਫ਼ੀ ਰਸਤਾ ਤਹਿ ਕਰ ਚੁੱਕੇ ਸਨ। ਤੁਰਦਿਆਂ-ਤੁਰਦਿਆਂ ਉਹਨਾ ਨੂੰ ਇੱਕ ਗੁਲਹਿਰੀ ਦਿਖਾਈ ਦਿੱਤੀ॥



# ਅਧਿਆਏ

# 04

## ਕੈਦੀ ਅਤੇ ਭਵਿੱਖਬਾਣੀ

# 4. ਕੈਦੀ ਅਤੇ ਭਵਿੱਖਬਾਣੀ

ਭੇੜੀਏ ਨੇ ਗੁਲਿਹਰੀ ਵੱਲ ਧਿਆਨ ਨਾਲ ਵੇਖਿਆ ਅਤੇ ਫਿਰ ਲੂੰਬੜ ਨੂੰ ਕਹਿਣ ਲੱਗਾ: "ਇਹ ਗੁਲਹਿਰੀ ਸਾਨੂੰ ਬੁਲਾ ਰਹੀ ਹੈ।ਜਲਦੀ ਚੱਲ! ਦੇਖਦੇ ਹਾਂ ਕੀ ਗੱਲ ਹੈ?"

ਗੁਲਹਿਰੀ ਕਾਫੀ ਤੇਜੀ ਨਾਲ ਜੰਗਲ ਦੇ ਬਾਹਰਲੇ ਹਿੱਸੇ ਵੱਲ ਵੱਧ ਰਹੀ ਸੀ।ਭੇੜੀਆ ਅਤੇ ਲੂੰਬੜ ਉਸ ਗੁਲਹਿਰੀ ਦਾ ਪਿੱਛਾ ਕਰਦੇ ਰਹੇ।ਜੰਗਲ ਤੋਂ ਬਾਹਰ ਨਿੱਕਲ ਕੇ ਗੁਲਹਿਰੀ ਰੁੱਕ ਗਈ।ਲੂੰਬੜ ਅਤੇ ਭੇੜੀਆ ਵੀ ਗੁਲਿਹਰੀ ਦੇ ਨਾਲ ਹੀ ਖੜ੍ਹੇ ਹੋ ਗਏ।ਸਾਹਮਣੇ ਇੱਕ ਛੋਟਾ-ਜਿਹਾ ਪਿੰਡ ਦਿਖਾਈ ਦੇ ਰਿਹਾ ਸੀ।ਪਿੰਡ ਵਿੱਚ ਘਰਾਂ ਦੀ ਗਿਣਤੀ ਕਾਫੀ ਘੱਟ ਸੀ।

ਥੋੜ੍ਹੀ-ਜਿਹੀ ਦੇਰ ਤੋਂ ਬਾਅਦ ਗੁਲਿਹਰੀ ਨੇ ਤੋਤੇ ਦਾ ਰੂਪ ਧਾਰਨ ਕੀਤਾ ਅਤੇ ਤੋਤਾ ਪਿੰਡ ਵੱਲ ਉੱਡ ਗਿਆ।ਲੂੰਬੜ ਅਤੇ ਭੇੜੀਆ ਵੀ ਉੱਡਦੇ ਹੋਏ ਤੋਤੇ ਦਾ ਪਿੱਛਾ ਕਰਨ ਲੱਗੇ।ਪਿੰਡ ਵਿੱਚ ਪਹੁੰਚ ਕੇ ਤੋਤਾ ਇੱਕ ਘਰ ਦੀ ਛੱਤ ਉੱਤੇ ਬੈਠ ਗਿਆ।ਲੂੰਬੜ ਅਤੇ ਭੇੜੀਆ ਵੀ ਉਸ ਘਰ ਦੇ ਕੋਲ ਪਹੁੰਚ ਗਏ।ਘਰ ਦਾ ਆਲਾ-ਦੁਆਲਾ ਕਾਫੀ ਗੰਦਾ ਲੱਗ ਰਿਹਾ ਸੀ।

ਘਰ ਦੇ ਦੁਆਲੇ ਐਂਨਾ ਗੰਦ ਦੇਖ ਕੇ ਲੂੰਬੜ ਨੇ ਭੇੜੀਏ ਨੂੰ ਕਿਹਾ: "ਇਸ ਘਰ ਦੇ ਆਲੇ-ਦੁਆਲੇ ਤਾਂ ਬਹੁਤ ਗੰਦਗੀ ਹੈ।ਮੇਰਾ ਤਾਂ ਬਦਬੂ ਨਾਲ ਸਾਹ ਘੁੱਟ ਰਿਹਾ ਏ।ਇਸ ਘਰ ਵਿੱਚੋਂ ਸਾਨੂੰ ਕੀ ਲੱਭ ਸਕਦਾ ਏ।ਚੱਲ ਵਾਪਿਸ ਚੱਲਦੇ ਹਾਂ।ਤੋਤੇ ਨੂੰ ਜਰੂਰ ਕੋਈ ਭੁਲੇਖ਼ਾ ਲੱਗਾ ਹੋਵੇਗਾ।"

ਭੇੜੀਏ ਨੇ ਬਹੁਤ ਗੰਭੀਰਤਾ ਨਾਲ ਲੂੰਬੜ ਨੂੰ ਜਵਾਬ ਦਿੱਤਾ: "ਮੇਰੀ ਗੱਲ ਧਿਆਨ ਨਾਲ ਸੁਣ। ਜਿਆਦਾ ਦਿਮਾਗ ਚਲਾਉਣਾ ਬੰਦ ਕਰ ਦੇ! ਨਹੀਂ ਤਾਂ ਤੈਨੂੰ ਪਛਤਾਉਣਾ ਪੈ ਸਕਦਾ ਏ। ਜੇ ਤੋਤਾ ਇਸ ਘਰ ਦੀ ਛੱਤ ਉੱਤੇ ਬੈਠਾ ਹੈ ਫਿਰ ਕੁੱਝ-ਨਾ-ਕੁੱਝ ਤਾਂ ਜਰੂਰ ਹੋਵੇਗਾ ਇਸ ਘਰ ਵਿੱਚ। ਚੁੱਪ-ਚਾਪ ਖੜ੍ਹਾ ਰਹਿ! ਮੈਨੂੰ ਪ੍ਰੇਸ਼ਾਨ ਨਾ ਕਰ।"

ਤੋਤਾ ਘਰ ਦੀ ਛੱਤ ਉੱਤੇ ਬੈਠ ਕੇ ਆਲੇ-ਦੁਆਲੇ ਦੇਖ ਰਿਹਾ ਸੀ। ਪੰਜ-ਕੁ-ਮਿੰਟ ਬਾਅਦ ਤੋਤਾ ਉੱਡਿਆ ਅਤੇ ਘਰ ਦੇ ਅੰਦਰ ਮੌਜੂਦ ਦਰੱਖ਼ਤ ਉੱਤੇ ਬੈਠ ਗਿਆ। ਭੇੜੀਏ ਨੇ ਥੋੜ੍ਹਾ-ਜਿਹਾ ਅੱਗੇ ਹੋ ਕੇ ਘਰ ਵੱਲ ਦੇਖਿਆ। ਘਰ ਦਾ ਦਰਵਾਜਾ ਖੁੱਲਾ ਸੀ ਪਰ ਇੰਜ ਲੱਗ ਰਿਹਾ ਸੀ ਜਿਵੇਂ ਘਰ ਦੇ ਅੰਦਰ ਕੋਈ ਨਾ ਹੋਵੇ। ਘਰ ਦੀ ਗੱਲ ਛੱਡੋ, ਭੇੜੀਏ ਨੂੰ ਤਾਂ ਸਾਰਾ ਪਿੰਡ ਹੀ ਖਾਲੀ ਦਿਖਾਈ ਦੇ ਰਿਹਾ ਸੀ।

ਥੋੜ੍ਹੀ ਦੇਰ ਘਰ ਦਾ ਜਾਇਜਾ ਲੈਣ ਤੋਂ ਬਾਅਦ ਭੇੜੀਏ ਨੇ ਲੂੰਬੜ ਨੂੰ ਕਿਹਾ: "ਮੈਂ ਘਰ ਦੇ ਅੰਦਰ ਜਾ ਕੇ ਦੇਖਦਾ ਹਾਂ। ਪਤਾ ਤਾਂ ਲੱਗੇ ਕਿ ਤੋਤੇ ਨੂੰ ਇਸ ਘਰ ਵਿੱਚ ਅਜਿਹਾ ਕੀ ਦਿਖਾਈ ਦਿੱਤਾ ਜਿਸ ਕਾਰਨ ਇਹ ਘਰ ਦੇ ਅੰਦਰ ਹੀ ਜਾ ਕੇ ਬੈਠ ਗਿਆ। ਤੂੰ ਤੋਤੇ ਵੱਲ ਧਿਆਨ ਨਾਲ ਦੇਖਦਾ ਰਹੀਂ। ਜੇ ਤੋਤਾ ਦਰੱਖ਼ਤ ਤੋਂ ਉੱਡ ਕੇ ਦੁਬਾਰਾ ਘਰ ਦੀ ਛੱਤ ਉੱਤੇ ਬੈਠ ਗਿਆ ਤਾਂ ਸਮਝ ਲਵੀਂ ਕਿ ਮੈਂ ਕਿਸੇ ਮੁਸੀਬਤ ਵਿੱਚ ਹਾਂ। ਫ਼ਿਰ ਤੂੰ ਓਸੇ ਸਮੇਂ ਘਰ ਦੇ ਅੰਦਰ ਆ ਜਾਵੀਂ।"

ਲੂੰਬੜ ਨੂੰ ਇਹ ਗੱਲ ਕਹਿਣ ਤੋਂ ਬਾਅਦ ਭੇੜੀਆ ਘਰ ਦੇ ਅੰਦਰ ਚਲਾ ਗਿਆ। ਸਾਰਾ ਘਰ ਖਾਲੀ ਸੀ। ਭੇੜੀਆ ਘਰ ਦੇ ਵਿਹੜੇ ਵਿਚਲੀ ਛੋਟੀ-ਤੋਂ-ਛੋਟੀ ਚੀਜ ਨੂੰ ਧਿਆਨ ਨਾਲ ਦੇਖ ਰਿਹਾ ਸੀ। ਅਚਾਨਕ ਉਸਨੂੰ ਕਿਸੇ ਬੰਦੇ ਦੇ ਕਰਾਹੁਣ ਦੀ ਆਵਾਜ਼ ਸੁਣਾਈ ਦਿੱਤੀ।

ਭੇੜੀਏ ਨੇ ਆਲੇ-ਦੁਆਲੇ ਦੇਖਿਆ ਅਤੇ ਫਿਰ ਆਵਾਜ਼ ਦੀ ਦਿਸ਼ਾ ਵੱਲ ਤੁਰ ਪਿਆ। ਆਵਾਜ਼ ਦਾ ਪਿੱਛਾ ਕਰਦਾ ਹੋਇਆ ਭੇੜੀਆ ਇੱਕ ਕਮਰੇ ਦੇ ਦਰਵਾਜੇ ਉੱਤੇ ਪਹੁੰਚ ਗਿਆ। ਕਮਰੇ ਵਿੱਚ ਮੰਜੇ ਉੱਤੇ ਕੋਈ ਆਦਮੀ ਲੇਟਿਆ ਹੋਇਆ ਸੀ। ਉਸ

ਇਨਸਾਨ ਦੇ ਹੱਥ-ਪੈਰ ਰੱਸੀਆਂ ਨਾਲ ਬੰਨੇ ਹੋਏ ਸਨ। ਮੰਜੇ ਉੱਤੇ ਕੈਦ ਇਨਸਾਨ ਪਿਆਸ ਨਾਲ ਤੜਪ ਰਿਹਾ ਸੀ ਅਤੇ ਪਾਣੀ-ਪਾਣੀ ਕਰ ਰਿਹਾ ਸੀ।

ਭੇੜੀਆ ਜਗਿਆਸਾ ਵਸ ਮੰਜੇ ਦੇ ਕੋਲ ਪਹੁੰਚ ਗਿਆ। ਉਹ ਬਹੁਤ ਹੀ ਧਿਆਨ ਨਾਲ ਉਸ ਇਨਸਾਨ ਵੱਲ ਦੇਖ ਰਿਹਾ ਸੀ। ਭੇੜੀਏ ਨੂੰ ਦੇਖ ਕੇ ਉਸ ਇਨਸਾਨ ਦੀ ਅੱਧੀ ਜਾਨ ਡਰ ਨਾਲ ਹੀ ਖਤਮ ਹੋ ਗਈ। ਉਹ ਉੱਚੀ-ਉੱਚੀ ਚੀਕਾਂ ਮਾਰਨ ਲੱਗਾ।

ਭੇੜੀਏ ਨੇ ਉਸ ਬੰਦੇ ਨੂੰ ਕਿਹਾ: "ਮੇਰੇ ਕੋਲੋਂ ਡਰਨ ਦੀ ਲੋੜ ਨਹੀਂ। ਮੈਂ ਵੀ ਇਨਸਾਨ ਹੀ ਹਾਂ ਬਸ ਕਿਸੇ ਕਾਰਨਵਸ਼ ਭੇੜੀਏ ਦੇ ਰੂਪ ਵਿੱਚ ਘੁੰਮ ਰਿਹਾ ਹਾਂ। ਮੈਂ ਤੈਨੂੰ ਖਾਣ ਵਾਸਤੇ ਨਹੀਂ ਬਲਕਿ ਤੇਰੀ ਮੱਦਦ ਕਰਨ ਲਈ ਆਇਆ ਹਾਂ।"

ਇਹ ਗੱਲ ਕਹਿਣ ਤੋਂ ਬਾਅਦ ਭੇੜੀਏ ਨੇ ਉਸ ਇਨਸਾਨ ਦੇ ਸਿਰ ਤੇ ਆਪਣਾ ਪੰਜਾ ਰੱਖ ਦਿੱਤਾ।

ਭੇੜੀਏ ਦੇ ਮੂੰਹੋਂ ਇਨਸਾਨ ਦੀ ਆਵਾਜ਼ ਸੁਣ ਕੇ ਉਹ ਬੰਦਾ ਹੈਰਾਨ ਰਹਿ ਗਿਆ। ਉਸਦੇ ਹੱਥ-ਪੈਰ ਕੰਬ ਰਹੇ ਸਨ। ਉਹ ਭੈਅ-ਭੀਤ ਹੋ ਕੇ ਭੇੜੀਏ ਵੱਲ ਦੇਖਣ ਲੱਗਾ। ਹੈਰਾਨੀ ਨਾਲ ਉਸਦੇ ਮੂੰਹੋਂ ਆਵਾਜ਼ ਨਿੱਕਲਣੀ ਬੰਦ ਹੋ ਗਈ।

ਭੇੜੀਏ ਨੇ ਉਸ ਨੂੰ ਹੌਂਸਲਾ ਦਿੰਦੇ ਹੋਏ ਪੁੱਛਿਆ: "ਤੂੰ ਕੌਣ ਏਂ? ਤੈਨੂੰ ਇਸ ਮੰਜੇ ਉੱਤੇ ਕਿਸ ਨੇ ਬੰਨਿਆ ਏ? ਮੰਜੇ ਉੱਤੇ ਬੰਨਣ ਦਾ ਕਾਰਨ ਕੀ ਏ? ਇਸ ਪਿੰਡ ਦੇ ਸਾਰੇ ਘਰ ਖਾਲੀ ਕਿਉਂ ਹਨ?"

ਉਸ ਬੰਦੇ ਨੇ ਭੇੜੀਏ ਨੂੰ ਜਵਾਬ ਦਿੱਤਾ: "ਮੇਰਾ ਨਾਮ ਸਿਰਜੂ ਹੈ। ਇਹ ਮੇਰਾ ਹੀ ਘਰ ਹੈ। ਇਸ ਪਿੰਡ ਵਿੱਚ ਪਲੇਗ ਪੈ ਗਈ ਸੀ। ਪਿੰਡ ਦੇ ਤਕਰੀਬਨ ਸਾਰੇ ਹੀ ਲੋਕ

ਪਲੇਗ ਵਿੱਚ ਮਰ ਗਏ ਸਨ। ਸਾਰੇ ਪਿੰਡ ਵਿੱਚੋਂ ਸਿਰਫ਼ ਪੰਦਰਾਂ ਲੋਕ ਹੀ ਪਲੇਗ ਦੀ ਮਾਰ ਤੋਂ ਬਚੇ ਸਨ। ਉਹਨਾ ਵਿੱਚੋਂ ਇੱਕ ਮੈਂ ਵੀ ਸੀ। ”

ਸਿਰਜੂ ਨੇ ਅੱਗੇ ਦੱਸਿਆ: “ਪਲੇਗ ਫ਼ੈਲਣ ਦੇ ਨਾਲ ਹੀ ਪਿੰਡ ਵਿੱਚ ਇਹ ਅਫ਼ਵਾਹ ਵੀ ਫ਼ੈਲ ਗਈ ਕਿ **ਵਿਸ਼ਨੂੰ ਜੀ** ਦੀ ਭਵਿੱਖਬਾਣੀ ਪੂਰੀ ਹੋਣ ਦਾ ਸਮਾਂ ਆ ਗਿਆ ਹੈ। ਭਵਿੱਖਬਾਣੀ ਦੇ ਅਨੁਸਾਰ ਦੁਨੀਆਂ ਦਾ ਖਾਤਮਾਂ ਨਿਸਚਿਤ ਹੈ। ਇਸ ਅਫ਼ਵਾਹ ਨਾਲ ਲੋਕਾਂ ਵਿੱਚ ਹਾਹਾਕਾਰ ਮੱਚ ਗਈ। ਮੌਤ ਦੇ ਡਰ ਕਾਰਨ ਲੋਕ ਪਤਾ ਨਹੀਂ ਕਿਹੜੇ-ਕਿਹੜੇ ਟੋਟਕੇ ਵਰਤ ਰਹੇ ਸਨ। ”

**(ਸਿਰਜੂ ਨੇ ਅੱਗੇ ਦੱਸਿਆ)** ਪਿੰਡ ਵਿੱਚ ਰਹਿਣ ਵਾਲੇ ਬਜ਼ੁਰਗਾਂ ਦੇ ਮੁਤਾਬਕ ਉਹਨਾ ਦੇ ਪੁਰਖ਼ੇ ਦੱਸਦੇ ਹੁੰਦੇ ਸਨ ਕਿ ਅਜਿਹੀ ਮਹਾਮਾਰੀ ਦੀ ਭਵਿੱਖਬਾਣੀ ਵਿਸ਼ਨੂੰ ਜੀ ਪਹਿਲਾਂ ਹੀ ਕਰ ਚੁੱਕੇ ਸਨ। ਉਹਨਾ ਲੋਕਾਂ ਦੇ ਅਨੁਸਾਰ **ਵਿਸ਼ਨੂੰ ਜੀ ਦਾ ਕਥਨ ਸੀ:**

**“ਕਲਯੁੱਗ ਵਿੱਚ ਇਨਸਾਨਾਂ ਦੇ ਦਿਲ ਪਾਪ ਨਾਲ ਭਰ ਜਾਣਗੇ।**

**ਇਨਸਾਨ ਰੱਬ ਨੂੰ ਭੁੱਲ ਕੇ ਖ਼ੁਦ ਨੂੰ ਹੀ ਰੱਬ ਸਮਝਣਾ ਸ਼ੁਰੂ ਕਰ ਦੇਵੇਗਾ।**

**ਭਗਤਾਂ ਦੀ ਜ਼ਿੰਦਗੀ ਦੁਸ਼ਵਾਰ ਹੋ ਜਾਵੇਗੀ।**

**ਨੇਕੀ ਉੱਤੇ ਬਦੀ ਭਾਰੂ ਹੋ ਜਾਵੇਗੀ।**

**ਚੰਗੇ ਲੋਕਾਂ ਦਾ ਜੀਣਾ ਮੁਹਾਲ ਹੋ ਜਾਵੇਗਾ।**

**ਜਦੋਂ ਬੰਦਾ ਹੀ ਬੰਦੇ ਨੂੰ ਖਾਣ ਲੱਗ ਜਾਵੇਗਾ ਤਾਂ ਓਸ ਵੇਲੇ,**

**ਦੁਨੀਆਂ ਵਿੱਚ ਕੋਈ ਮਹਾਮਾਰੀ ਫ਼ੈਲ ਜਾਵੇਗੀ।**

**ਮਹਾਮਾਰੀ ਫ਼ੈਲਣ ਦੇ ਨਾਲ ਇਨਸਾਨੀ ਜਾਤ ਧਰਤੀ ਤੋਂ ਖ਼ਤਮ ਹੋ ਜਾਵੇਗੀ। ”**

ਸਿਰਜੂ ਨੇ ਭੇੜੀਏ ਨੂੰ ਅੱਗੇ ਦੱਸਿਆ: "ਪਿੰਡ ਵਿੱਚ ਹਰ ਰੋਜ ਪੰਜ ਜਾਂ ਸੱਤ ਲੋਕ ਪਲੇਗ ਨਾਲ ਮਰ ਹੀ ਜਾਂਦੇ ਸਨ।ਲੋਕਾਂ ਨੂੰ ਵਿਸ਼ਵਾਸ ਹੋ ਗਿਆ ਕਿ **ਵਿਸ਼ਨੂੰ ਜੀ** ਦੀ ਭਵਿੱਖ-ਬਾਣੀ ਪੂਰੀ ਹੋਣ ਦਾ ਸਮਾਂ ਆ ਗਿਆ ਹੈ।

ਮੌਤ ਤੋਂ ਡਰਦੇ ਲੋਕ ਘਰ-ਬਾਰ ਛੱਡ ਕੇ ਖੇਤਾਂ ਵਿੱਚ ਆ ਗਏ ਅਤੇ ਖੁੱਲੇ ਆਸਮਾਨ ਦੇ ਥੱਲੇ ਰਹਿਣ ਲੱਗੇ।ਖੇਤਾਂ ਵਿੱਚ ਵੀ ਪਲੇਗ ਨੇ ਲੋਕਾਂ ਦਾ ਪਿੱਛਾ ਨਾ ਛੱਡਿਆ।ਹਰ ਰੋਜ ਕੋਈ ਨਾ ਕੋਈ ਮਰ ਹੀ ਜਾਂਦਾ ਸੀ।

ਪਿੰਡ ਦੇ ਪੰਦਰਾਂ-ਕੁ-ਲੋਕਾਂ ਨੇ ਆਪਸ ਵਿੱਚ ਸਲਾਹ ਬਣਾਈ ਕਿ ਇਸ ਪਿੰਡ ਨੂੰ ਤਿਆਗ ਦੇਣਾ ਚਾਹੀਦਾ ਹੈ।ਉਹਨਾ ਲੋਕਾਂ ਵਿੱਚ ਮੈਂ ਵੀ ਸ਼ਾਮਿਲ ਸਾਂ।ਫਿਰ ਅਸੀਂ ਪਿੰਡ ਅਤੇ ਖੇਤਾਂ ਨੂੰ ਛੱਡ ਕੇ ਜੰਗਲ ਦੇ ਨੇੜੇ ਪਹੁੰਚ ਗਏ।ਝੁੱਗੀਆਂ ਬਣਾ ਕੇ ਰਹਿਣ ਦਾ ਪ੍ਰਬੰਧ ਵੀ ਕਰ ਲਿਆ।ਹਰ ਇਨਸਾਨ ਦੇ ਦਿਲ ਵਿੱਚ ਮੌਤ ਦਾ ਡਰ ਸਮਾ ਗਿਆ ਸੀ।"

ਸਿਰਜੂ ਨੇ ਭੇੜੀਏ ਨੂੰ ਦੱਸਿਆ: "ਮੌਤ ਦੇ ਡਰ ਕਾਰਨ ਕਿਸੇ ਨੇ ਮੁੜ ਪਿੰਡ ਵੱਲ ਮੂੰਹ ਵੀ ਨਾ ਕੀਤਾ।ਜੰਗਲ ਵਿੱਚੋਂ ਫ਼ਲ-ਫ਼ਰੂਟ ਤੋੜ ਕੇ ਅਸੀਂ ਪੇਟ ਦੀ ਅੱਗ ਨੂੰ ਸ਼ਾਂਤ ਕਰ ਲੈਂਦੇ।

ਜੰਗਲੀ ਜਾਨਵਰਾਂ ਤੋਂ ਬਚਣ ਲਈ ਅਸੀਂ ਦੋ ਗਰੁੱਪ ਬਣਾ ਲਏ।ਇੱਕ ਗਰੁੱਪ ਆਰਾਮ ਕਰਦਾ ਅਤੇ ਦੂਜਾ ਗਰੁੱਪ ਪਹਿਰੇਦਾਰੀ ਕਰਦਾ।ਬੱਸ ਸਾਡੇ ਕੋਲ ਇਹ ਹੀ ਸਾਧਨ ਸੀ ਮੌਤ ਤੋਂ ਬਚਣ ਦਾ।ਜੰਗਲ ਵਿੱਚ ਰਹਿੰਦਿਆਂ ਸਾਨੂੰ ਕਾਫੀ ਸਮਾਂ ਲੰਘ ਗਿਆ ਅਤੇ ਸਾਡੇ ਪੰਦਰਾਂ ਵਿੱਚੋਂ ਕਿਸੇ ਦੀ ਵੀ ਮੌਤ ਨਾ ਹੋਈ।

ਸਿਰਜੂ ਨੇ ਅੱਗੇ ਦੱਸਿਆ: "ਜੰਗਲ ਦੇ ਵਾਤਾਵਰਨ ਦਾ ਅਸਰ ਸੀ ਜਾਂ ਕੁੱਝ ਹੋਰ ਇਹ ਤਾਂ ਕਿਹਾ ਨਹੀਂ ਜਾ ਸਕਦਾ ਪਰ ਸਾਰੇ ਲੋਕ ਇਸ ਗੱਲ ਤੋਂ ਬਹੁਤ ਖੁਸ਼ ਸਨ ਕਿ ਅਸੀਂ ਪਲੇਗ ਵਰਗੀ ਮਹਾਮਾਰੀ ਤੋਂ ਬਚ ਗਏ।

ਮੌਤ ਦੇ ਡਰ ਤੋਂ ਅਸੀਂ ਅਜਾਦ ਹੋ ਗਏ।ਫਿਰ ਸਾਡੇ ਦਿਲਾਂ ਨੇ ਇਹ ਭਰਮ ਪਾਲ ਲਿਆ ਕਿ ਅਸੀਂ ਬਹੁਤ ਹੀ ਚੰਗੇ ਇਨਸਾਨ ਹਾਂ।ਆਪਣੇ ਚੰਗੇ ਕਰਮਾਂ ਦੇ ਸਦਕੇ ਹੀ ਅਸੀਂ ਪਲੇਗ ਤੋਂ ਬਚ ਗਏ ਹਾਂ।ਸਾਡੇ ਦਿਲਾਂ ਵਿੱਚ ਕੋਈ ਪਾਪ ਨਹੀਂ ਹੈ।

ਸਿਰਜੂ ਨੇ ਭੇੜੀਏ ਨੂੰ ਅੱਗੇ ਦੱਸਿਆ:

"ਇਨਸਾਨ ਦਾ ਦਿਮਾਗ ਬਹੁਤ ਹੀ ਖ਼ੁਰਾਫ਼ਾਤੀ ਹੁੰਦਾ ਹੈ।

ਉਹ ਹਮੇਸ਼ਾ ਅਪਣੇ ਗੁਣਾ ਨੂੰ ਦੇਖਣਾ ਪਸੰਦ ਕਰਦਾ ਹੈ ਅਤੇ ਦੂਜਿਆਂ ਦੇ ਔਗੁਣ ਦੇਖਣਾ ਪਸੰਦ ਕਰਦਾ ਹੈ।

ਬਹੁਤ ਘੱਟ ਲੋਕ ਹੁੰਦੇ ਹਨ ਜਿਹੜੇ ਖ਼ੁਦ ਨੂੰ ਛੱਡ ਕੇ ਦੂਜਿਆਂ ਦੇ ਚੰਗੇ ਵਿਚਾਰਾਂ ਨੂੰ ਉਤਸ਼ਾਹਿਤ ਕਰਨ ਦੀ ਹਿੰਮਤ ਰੱਖਦੇ ਹੋਣ।

ਸਾਡੇ ਨਾਲ ਵੀ ਕੁੱਝ ਇਸੇ ਤਰ੍ਹਾਂ ਹੋਇਆ। ਦਿਲ ਅਤੇ ਦਿਮਾਗ ਖ਼ੁਦ ਨੂੰ ਛੱਡ ਕੇ ਬਾਕੀਆਂ ਦੇ ਕੀਤੇ ਹੋਏ ਪਾਪ ਗਿਣਾਉਣਾ ਸ਼ੁਰੂ ਕਰ ਦਿੰਦਾ। ਦਿਮਾਗ ਦੀ ਇਸ ਸੋਚ ਕਾਰਨ ਅਸੀਂ ਲੋਕ ਬਾਹਰੀ ਤੌਰ ਉੱਤੇ ਤਾਂ ਖੁਸ਼ ਦਿਖਾਈ ਦਿੰਦੇ ਪਰ ਅੰਦਰੂਨੀ ਤੌਰ ਉੱਤੇ ਬਹੁਤ ਹੀ ਬੇਸਕੂਨ ਰਹਿਣ ਲੱਗੇ।"

ਸਿਰਜੂ ਨੇ ਦੱਸਿਆ: "ਇੱਕ ਦਿਨ ਮੇਰੇ ਦਿਲ ਵਿੱਚ ਇਸ ਭਾਵਨਾ ਨੇ ਜਨਮ ਲਿਆ ਕਿ ਜੇ ਰੱਬ ਨੇ ਜ਼ਿੰਦਗੀ ਬਖਸ਼ ਹੀ ਦਿੱਤੀ ਹੈ ਫਿਰ ਕਿਉਂ ਨਾ ਬਾਕੀ ਬਚੀ ਜ਼ਿੰਦਗੀ ਵਿੱਚ ਕੁੱਝ ਚੰਗਾ ਹੀ ਕਰ ਲਿਆ ਜਾਵੇ। ਦਿਲ ਵਿੱਚੋਂ ਲੋਭ-ਲਾਲਚ ਤਿਆਗ ਕੇ ਸੱਚ ਦੇ ਰਾਹ ਉੱਤੇ ਤੁਰਿਆ ਜਾਵੇ। ਜੋ ਲੋਕ ਜਿੰਦਾ ਹਨ ਉਹਨਾ ਲੋਕਾਂ ਦੇ ਰਹਿਣ ਦਾ ਪ੍ਰਬੰਧ ਕਰਕੇ ਉਹਨਾ ਨੂੰ ਬਚਾ ਲਿਆ ਜਾਵੇ।"

ਸਿਰਜੂ ਨੇ ਆਪਣੀ ਕਹਾਣੀ ਨੂੰ ਅੱਗੇ ਤੋਰਦੇ ਹੋਏ ਦੱਸਿਆ: "ਆਪਣੀ ਸੋਚ ਨੂੰ ਅੰਜਾਮ ਤੱਕ ਪਹੁੰਚਾਣ ਲਈ ਮੈਂ ਦਿਨ-ਰਾਤ ਮਿਹਨਤ ਕਰਨ ਲੱਗਾ। ਪੰਦਰਾਂ ਲੋਕਾਂ ਵਿਚੋਂ ਤਿੰਨ ਹੋਰ ਲੋਕ ਮੇਰੀ ਇਸ ਸੋਚ ਨਾਲ ਸਹਿਮਤ ਹੋ ਗਏ। ਬਰਸਾਤ ਦਾ ਮੌਸਮ ਸ਼ੁਰੂ ਹੋਣ ਵਾਲਾ ਸੀ। ਇਸ ਲਈ ਅਸੀਂ ਚਾਰੇ ਜਣੇ ਮਿਲ ਕੇ ਨੇੜਲੀਆਂ ਥਾਂਵਾ ਉੱਤੇ ਰਹਿਣ ਲਈ ਜਗ੍ਹਾ ਤਲਾਸ਼ਣ ਲੱਗੇ।

ਘੁੰਮਦੇ-ਘੁਮਾਉਂਦੇ ਅਸੀਂ ਨੇੜਲੇ ਪਿੰਡ ਪਹੁੰਚ ਗਏ।ਉਹ ਪਿੰਡ ਦੂਜੇ ਪਿੰਡਾਂ ਨਾਲੋਂ ਜਿਆਦਾ ਸੁਰੱਖਿਅਤ ਦਿਖਾਈ ਦੇ ਰਿਹਾ ਸੀ।ਪਿੰਡ ਵਿੱਚ ਲਾਸ਼ਾਂ ਦੀ ਗਿਣਤੀ ਬਹੁਤ ਹੀ ਘੱਟ ਸੀ ਅਤੇ ਬਦਬੂ ਵੀ ਨਾਂ ਦੇ ਬਰਾਬਰ ਸੀ।ਜਾਨਵਰਾਂ ਦੀਆਂ ਲਾਸ਼ਾਂ ਵੀ ਘੱਟ ਹੀ ਦਿਖਾਈ ਦੇ ਰਹੀਆਂ ਸਨ।ਸੰਗਲ ਕਿੱਲਿਆਂ ਨਾਲ ਬੱਝੇ ਹੋਏ ਸਨ ਜੋ ਇਸ ਗੱਲ ਦਾ ਸੰਕੇਤ ਦੇ ਰਹੇ ਸਨ ਕਿ ਲੋਕਾਂ ਨੇ ਪਿੰਡ ਛੱਡਣ ਤੋਂ ਪਹਿਲਾਂ ਆਪਣੇ ਪਸ਼ੂਆਂ ਨੂੰ ਸੰਗਲ ਖੋਲ ਕੇ ਆਜ਼ਾਦ ਕਰ ਦਿੱਤਾ ਹੋਵੇਗਾ।ਪਿੰਡ ਵਿੱਚ ਸਿਰਫ਼ ਵੀਹ-ਕੁ-ਮਕਾਨ ਸਨ।ਵੈਸੇ ਵੀ ਜੰਗਲ ਦੇ ਨੇੜਲੇ ਪਿੰਡਾਂ ਵਿੱਚ ਮਕਾਨ ਘੱਟ ਹੀ ਹੁੰਦੇ ਹਨ ਕਿਉਂਕਿ ਇੱਕ ਮਕਾਨ ਵਿੱਚ ਹੀ ਜਿਆਦਾ ਲੋਕ ਬਸੇਰਾ ਕਰ ਲੈਂਦੇ ਹਨ।"

ਸਿਰਜੂ ਨੇ ਅੱਗੇ ਦੱਸਿਆ: "ਅਸੀਂ ਚਾਰ ਲੋਕਾਂ ਨੇ ਮਿਲ ਕੇ ਪਿੰਡ ਦੀਆਂ ਗਲੀਆਂ ਅਤੇ ਮਕਾਨਾਂ ਨੂੰ ਸਾਫ਼ ਕਰਨਾ ਸ਼ੁਰੂ ਕਰ ਦਿੱਤਾ।ਘਰਾਂ ਵਿੱਚੋਂ ਸਿਰਫ਼ ਤਿੰਨ ਲਾਸ਼ਾਂ ਹੀ ਮਿਲੀਆਂ। ਲੱਗਦਾ ਸੀ ਕਿ ਲੋਕ ਪਲੇਗ ਦੇ ਸ਼ੁਰੂਆਤੀ ਦੌਰ ਵਿੱਚ ਹੀ ਪਿੰਡ ਛੱਡ ਕੇ ਚਲੇ ਗਏ ਹੋਣਗੇ।ਘਰਾਂ ਵਿੱਚ ਸਮਾਨ ਓਸੇ ਤਰ੍ਹਾਂ ਪਿਆ ਸੀ।ਤਿੰਨ ਜਾਂ ਚਾਰ ਦਿਨਾਂ ਵਿੱਚ ਅਸੀਂ ਘਰਾਂ ਨੂੰ ਸਾਫ਼ ਕਰ ਦਿੱਤਾ।ਖੇਤੀ ਦੇ ਸੰਦ ਅਤੇ ਹੋਰ ਸਮਾਨ ਵੀ ਪਿੰਡ ਵਿੱਚੋਂ ਆਸਾਨੀ ਨਾਲ ਮਿਲ ਗਏ।"

ਸਿਰਜੂ ਨੇ ਭੇੜੀਏ ਨੂੰ ਦੱਸਿਆ: "ਪਿੰਡ ਨੂੰ ਸਾਫ਼ ਕਰਨ ਤੋਂ ਬਾਅਦ ਅਸੀਂ ਜੰਗਲ ਦੇ ਨੇੜੇ ਆਪਣੇ ਸਾਥੀਆਂ ਕੋਲ ਪਹੁੰਚੇ।ਉਹਨਾ ਨੂੰ ਸਾਰੀ ਗੱਲਬਾਤ ਤੋਂ ਜਾਣੂ ਕਰਵਾਇਆ। ਆਪਸੀ ਸਲਾਹ ਨਾਲ ਅਸੀਂ ਸਾਰੇ ਲੋਕ ਨੇੜਲੇ ਪਿੰਡ ਵਿੱਚ ਰਹਿਣ ਲਈ ਪਹੁੰਚ ਗਏ।ਸਾਰੇ ਲੋਕਾਂ ਨੇ ਆਪੋ-ਆਪਣੇ ਹਿਸਾਬ ਨਾਲ ਘਰ ਚੁਣ ਲਏ ਅਤੇ ਰਹਿਣਾ ਸ਼ੁਰੂ ਕਰ ਦਿੱਤਾ॥



# ਅਧਿਆਏ

# 05

# ਇਲਜ਼ਾਮ

# 5. ਇਲਜ਼ਾਮ

ਸਿਰਜੂ ਨੇ ਭੇੜੀਏ ਨੂੰ ਦੱਸਿਆ: "ਮੈਂ ਬਹੁਤ ਹੀ ਸੱਚੇ ਦਿਲ ਨਾਲ ਲੋਕਾਂ ਦੀ ਮੱਦਦ ਕਰ ਰਿਹਾ ਸਾਂ। ਪਲੇਗ ਪੈਣ ਤੋਂ ਪਹਿਲਾਂ ਦੀ ਜਿੰਦਗੀ ਵਿੱਚ ਮੇਰੇ ਕੋਲੋਂ ਜੋ ਗਲਤੀਆਂ ਹੋਈਆਂ ਸਨ ਮੈਂ ਉਹਨਾ ਗਲਤੀਆਂ ਨੂੰ ਸੁਧਾਰ ਕੇ ਅੱਗੇ ਵਧਣਾ ਚਹੁੰਦਾ ਸਾਂ। ਲਾਲਚ ਅਤੇ ਹੰਕਾਰ ਵਰਗੀਆਂ ਭਾਵਨਾਵਾਂ ਨੂੰ ਮੈਂ ਸੱਚਮੁਚ ਹੀ ਤਿਆਗ ਚੁੱਕਾ ਸਾਂ। ਇਹ ਵੀ ਕਿਹਾ ਜਾ ਸਕਦਾ ਹੈ ਕਿ ਪਲੇਗ ਵਰਗੀ ਮਹਾਮਾਰੀ ਵਿੱਚੋਂ ਬਚਣ ਤੋਂ ਬਾਅਦ ਇੱਕ ਨਵੇਂ ਸਿਰਜੂ ਨੇ ਜਨਮ ਲਿਆ ਸੀ।

ਪਲੇਗ ਤੋਂ ਬਾਅਦ ਲੋਕਾਂ ਦੀ ਮੱਦਦ ਕਰਨ ਵਾਲੇ ਵਿਚਾਰ ਮੇਰੇ ਸੱਚੇ ਦਿਲ ਦੀ ਉੱਪਜ ਸਨ ਪਰ ਲੋਕਾਂ ਨੇ ਮੇਰੀ ਸੱਚਾਈ ਉੱਤੇ ਵਿਸ਼ਵਾਸ ਹੀ ਨਹੀਂ ਕੀਤਾ। ਹੈਰਾਨੀ ਵਾਲੀ ਗੱਲ ਇਹ ਸੀ ਕਿ ਜਦੋਂ ਮੇਰਾ ਦਿਲ ਬੇਈਮਾਨ ਹੁੰਦਾ ਸੀ, ਉਸ ਵੇਲੇ ਪਿੰਡ ਦੇ ਸਾਰੇ ਲੋਕ ਮੇਰੀਆਂ ਗੱਲਾਂ ਉੱਤੇ ਅੱਖਾਂ ਬੰਦ ਕਰਕੇ ਵਿਸ਼ਵਾਸ ਕਰ ਲੈਂਦੇ ਸਨ। ਲੋਕ ਮੇਰੇ ਨਾਲ ਖੜ੍ਹੇ ਹੁੰਦੇ ਸਨ ਪਰ ਪਲੇਗ ਤੋਂ ਬਾਅਦ ਜਦੋਂ ਸੱਚ ਉੱਤੇ ਖ਼ਰਾ ਉਤਰਣ ਦੀ ਕੋਸ਼ਿਸ਼ ਕੀਤੀ ਤਾਂ ਲੋਕਾਂ ਨੇ ਮੈਨੂੰ ਸਵੀਕਾਰ ਹੀ ਨਾ ਕੀਤਾ।"

**(ਸਿਰਜੂ ਨੇ ਅਫ਼ਸੋਸ ਭਰੇ ਲਹਿਜੇ ਵਿੱਚ ਅੱਗੇ ਦੱਸਿਆ)** ਓਸ ਪਿੰਡ ਵਿੱਚ ਰਹਿੰਦਿਆਂ ਸਾਨੂੰ ਕਾਫੀ ਸਮਾਂ ਬੀਤ ਗਿਆ। ਸਭ-ਕੁੱਝ ਠੀਕ-ਠਾਕ ਚੱਲ ਰਿਹਾ ਸੀ। ਅਚਾਨਕ ਇੱਕ ਦਿਨ ਉਸ ਪਿੰਡ ਦੇ ਕੁੱਝ ਲੋਕ ਵਾਪਿਸ ਆ ਗਏ। ਉਹਨਾ ਨੇ ਸਾਡੇ ਨਾਲ ਲੜਾਈ-ਝਗੜਾ ਕਰਨਾ ਸ਼ੁਰੂ ਕਰ ਦਿੱਤਾ। ਉਹਨਾ ਲੋਕਾਂ ਵਿੱਚ ਉਸ ਪਿੰਡ ਦਾ ਸਰਪੰਚ ਵੀ ਸੀ। ਨਾਮ ਸੀ ਤੇਜਾ ਸਿੰਘ। ਉਸਨੇ ਸਾਨੂੰ ਕਿਹਾ: "ਤੁਸੀਂ ਸਾਡੇ ਪਿੰਡ ਉੱਤੇ ਕਬਜਾ ਕਰਕੇ ਕਿਵੇਂ ਬੈਠ ਸਕਦੇ ਹੋ? ਚੋਰ ਹੋ ਤੁਸੀਂ ਲੋਕ। ਪਿੰਡ ਦੇ ਲੋਕਾਂ ਦਾ ਕੀਮਤੀ ਸਮਾਨ ਤੁਸੀਂ ਗਾਇਬ ਕਰ ਦਿੱਤਾ ਹੈ। ਮੇਰੇ ਘਰੋਂ ਵੀ ਸੋਨਾ ਗਾਇਬ ਹੈ।"

**(ਸਿਰਜੂ ਨੇ ਦੱਸਿਆ)** ਓਸ ਪਿੰਡ ਨੂੰ ਲੱਭਣ ਵਿੱਚ ਮੇਰਾ ਯੋਗਦਾਨ ਸਭ ਤੋਂ ਜਿਆਦਾ ਸੀ। ਇਸ ਲਈ ਮੇਰੇ ਪਿੰਡ ਦੇ ਲੋਕ ਮੇਰੇ ਵੱਲ ਸ਼ੱਕੀ ਨਜਰ ਨਾਲ ਦੇਖਣ ਲੱਗੇ। ਆਪਣੀ

ਸਫ਼ਾਈ ਪੇਸ਼ ਕਰਦੇ ਹੋਏ ਮੈਂ ਬਾਹਰੋਂ ਆਏ ਲੋਕਾਂ ਨੂੰ ਕਿਹਾ: "ਅਸੀਂ ਤੁਹਾਡੇ ਪਿੰਡ ਉੱਤੇ ਕਬਜਾ ਨਹੀਂ ਕੀਤਾ। ਸਾਡੇ ਪਿੰਡ ਵਿੱਚ ਪਲੇਗ ਦਾ ਜਿਆਦਾ ਕਹਿਰ ਸੀ ਇਸ ਲਈ ਤੁਹਾਡੇ ਪਿੰਡ ਨੂੰ ਖਾਲੀ ਦੇਖ ਕੇ ਅਸੀਂ ਸ਼ਰਣ ਲੈ ਲਈ। ਤੁਸੀ ਵਾਪਿਸ ਆ ਗਏ ਹੋ ਤਾਂ ਜੀ ਸਦਕੇ। ਘਰ ਵੀ ਤੁਹਾਡੇ ਅਤੇ ਪਿੰਡ ਵੀ ਤੁਹਾਡਾ। ਤੁਸੀਂ ਸਾਨੂੰ ਬੱਸ ਕੁੱਝ ਦਿਨ ਦੀ ਮੋਹਲਤ ਦੇ ਦੇਵੋ ਤਾਂ ਜੋ ਅਸੀਂ ਆਪਣੇ ਪਿੰਡ ਨੂੰ ਸਾਫ਼ ਕਰਕੇ ਰਹਿਣ ਦੇ ਲਾਇਕ ਬਣਾ ਲਈਏ।"

**(ਸਿਰਜੂ ਨੇ ਅੱਗੇ ਦੱਸਿਆ)** ਸਰਪੰਚ ਬਹੁਤ ਹੀ ਬੇਈਮਾਨ ਸੀ। ਉਸਦੇ ਦਿਲ ਵਿੱਚ ਲਾਲਚ ਆ ਗਿਆ। ਉਹ ਕਹਿਣ ਲੱਗਾ: "ਤੁਸੀਂ ਮੇਰੇ ਘਰ ਵਿੱਚੋਂ ਸੋਨਾ ਗਾਇਬ ਕਰ ਦਿੱਤਾ ਹੈ। ਮੈਨੂੰ ਮੇਰਾ ਸੋਨਾ ਵਾਪਿਸ ਕਰੋ। ਜੇ ਸੋਨਾ ਨਹੀਂ ਹੈ ਫਿਰ ਸੋਨੇ ਦੇ ਪੈਸੇ ਦੇ ਦਿਓ ਨਹੀਂ ਤਾਂ ਮੈਂ ਤੁਹਾਡੇ ਪਿੰਡ ਆ ਕੇ ਜਮੀਨਾਂ ਹਥਿਆ ਲਵਾਂਗਾ।"

ਸਿਰਜੂ ਨੇ ਦੱਸਿਆ: "ਸਰਪੰਚ ਸੋਨੇ ਵਾਲੀ ਗੱਲ ਝੂਠ ਕਹਿ ਰਿਹਾ ਸੀ। ਪਿੰਡ ਦੀ ਸਫ਼ਾਈ ਕਰਨ ਵਾਲੇ ਅਸੀਂ ਚਾਰ ਲੋਕ ਸਾਂ। ਸਾਡੇ ਵਿੱਚੋਂ ਕੋਈ ਵੀ ਅਜਿਹਾ ਨਹੀਂ ਸੀ ਜਿਸਨੂੰ ਕਿਸੇ ਘਰ ਵਿੱਚੋਂ ਸੋਨਾ ਜਾਂ ਕੋਈ ਪੈਸਾ-ਧੇਲਾ ਲੱਭਿਆ ਹੋਵੇ ਪਰ ਮੇਰੇ ਪਿੰਡ ਦੇ ਲੋਕਾਂ ਨੇ ਪਤਾ ਨਹੀਂ ਕਿਉਂ ਸਾਰਾ ਦੋਸ਼ ਮੇਰੇ ਮੱਥੇ ਮੜ੍ਹ ਦਿੱਤਾ।"

ਮੇਰੇ ਪਿੰਡ ਦੇ ਲੋਕਾਂ ਨੇ ਸਰਪੰਚ ਨੂੰ ਕਿਹਾ: "ਇਹ ਸਾਰਾ ਕਾਰਨਾਮਾ ਸਿਰਜੂ ਦਾ ਹੋਵੇਗਾ। ਇਹ ਹੀ ਸਾਨੂੰ ਭਰਮਾ ਕੇ ਇਸ ਪਿੰਡ ਵਿੱਚ ਲੈ ਕੇ ਆਇਆ ਸੀ। ਜਰੂਰ ਚੋਰੀ ਇਸ ਨੇ ਹੀ ਕੀਤੀ ਹੋਵੇਗੀ ਵਰਨਾ ਕੌਣ ਕਿਸੇ ਲਈ ਐਂਨੇ ਪਾਪੜ ਵੇਲਦਾ ਹੈ ਜਿੰਨੇ ਇਸਨੇ ਸਾਡੇ ਵਾਸਤੇ ਵੇਲ੍ਹੇ। ਸਿਰਜੂ ਆਪਣਾ ਪਰਦਾ ਕੱਜਣ ਵਾਸਤੇ ਹੀ ਸਾਨੂੰ ਇਸ ਪਿੰਡ ਵਿੱਚ ਲੈ ਕੇ ਆਇਆ ਹੋਵੇਗਾ।"

ਸਿਰਜੂ ਨੇ ਅੱਗੇ ਦੱਸਿਆ: "ਲੋਕਾਂ ਨੂੰ ਸਮਝਾਉਣ ਲਈ ਮੈਂ ਜੋ ਕਰ ਸਕਦਾ ਸੀ ਕੀਤਾ ਪਰ ਕਿਸੇ ਨੂੰ ਵੀ ਮੇਰੀ ਗੱਲ ਉੱਤੇ ਯਕੀਨ ਨਾ ਆਇਆ। ਜਿਹੜੇ ਚਾਰ ਨੌਜਵਾਨਾਂ ਨੇ ਪਿੰਡ ਦੀ ਸਫ਼ਾਈ ਕਰਨ ਵਿੱਚ ਮੇਰਾ ਸਾਥ ਦਿੱਤਾ ਸੀ ਉਹ ਵੀ

ਇਲਜਾਮਾਂ ਤੋਂ ਡਰਦੇ ਮੇਰੇ ਵਿਰੁੱਧ ਹੋ ਗਏ। ਜੋ ਲੋਕ ਬਾਹਰੋਂ ਆਏ ਸਨ ਉਹਨਾ ਵਿੱਚ ਇੱਕ ਬਜ਼ੁਰਗ ਬੰਦਾ ਸ਼ਮਿਲ ਸੀ। ਉਹ ਆਪਣੇ-ਆਪ ਨੂੰ ਰੱਬ ਦਾ ਭਗਤ ਕਹਿ ਰਿਹਾ ਸੀ। ਇਸ ਲਈ ਲੋਕ ਉਸ ਨੂੰ ਬਾਬਾ ਜੀ ਕਹਿਕੇ ਬੁਲਾ ਰਹੇ ਸਨ।"

**(ਸਿਰਜੂ ਨੇ ਰੋਂਦੇ ਹੋਏ ਅੱਗੇ ਦੱਸਿਆ)** ਉਸ ਬਜ਼ੁਰਗ ਬਾਬੇ ਨੇ ਲੋਕਾਂ ਨੂੰ ਕਿਹਾ: "ਸਿਰਜੂ ਨੂੰ ਇਸਦੇ ਪੁਰਾਣੇ ਪਿੰਡ ਲੈ ਜਾਓ ਅਤੇ ਇਸਦੇ ਘਰ ਵਿੱਚ ਹੀ ਬੰਨ ਕੇ ਵਾਪਿਸ ਆ ਜਾਓ। ਜੇ ਇਹ ਸੱਚਾ ਅਤੇ ਨੇਕੀ ਦੇ ਰਾਸਤੇ ਉੱਤੇ ਚੱਲਣ ਵਾਲਾ ਹੋਇਆ ਤਾਂ ਪਲੇਗ ਤੋਂ ਦੁਬਾਰਾ ਬਚ ਜਾਵੇਗਾ।"

ਫਿਰ ਉਹ ਲੋਕ ਮੇਰੀ ਸਚਾਈ ਪਰਖ਼ਣ ਲਈ ਮੈਨੂੰ ਮੇਰੇ ਇਸ ਘਰ ਵਿੱਚ ਬੰਨ ਕੇ ਚਲੇ ਗਏ।

ਸਿਰਜੂ ਦੀਆਂ ਗੱਲਾਂ ਸੁਣ ਕੇ ਭੇੜੀਆ ਹੈਰਾਨ ਰਹਿ ਗਿਆ। ਗੱਲਾਂ-ਬਾਤਾਂ ਦੇ ਦੌਰਾਨ ਤੋਤਾ ਵੀ ਸਿਰਜੂ ਦੇ ਮੰਜੇ ਕੋਲ ਪਹੁੰਚ ਚੁੱਕਾ ਸੀ। ਮੰਜੇ ਕੋਲ ਆ ਕੇ ਤੋਤੇ ਨੇ ਆਪਣਾ ਰੂਪ ਬਦਲ ਲਿਆ। ਹੁਣ ਤੋਤਾ ਬੌਣੇ ਦੇ ਰੂਪ ਵਿੱਚ ਸਿਰਜੂ ਅਤੇ ਭੇੜੀਏ ਦੇ ਸਾਹਮਣੇ ਖੜ੍ਹਾ ਸੀ। ਬੌਣੇ ਦੇ ਰੂਪ ਵਿੱਚ ਉਸਨੇ ਸਿਰਜੂ ਦੀਆਂ ਰੱਸੀਆਂ ਖੋਲ ਕੇ ਉਸਨੂੰ ਆਜ਼ਾਦ ਕਰ ਦਿੱਤਾ।

ਬੌਣੇ ਨੇ ਸਿਰਜੂ ਨੂੰ ਕਿਹਾ: "ਪਲੇਗ ਪੈਣ ਤੋਂ ਪਹਿਲਾਂ ਦੀ ਜਿੰਦਗੀ ਵਿੱਚ ਤੂੰ ਬੇਸ਼ੁਮਾਰ ਗਲਤੀਆਂ ਕੀਤੀਆਂ ਲੇਕਿਨ ਇਸ ਸਮੇਂ ਤੂੰ ਸੱਚਾਈ ਦੇ ਰਸਤੇ ਉੱਤੇ ਇਮਾਨਦਾਰੀ ਨਾਲ ਚੱਲ ਰਿਹਾ ਏਂ, ਇਸ ਲਈ ਤੇਰੇ ਬੁਰੇ ਕੰਮਾਂ ਨੂੰ ਭੁੱਲ ਕੇ ਸਿਰਫ਼ ਚੰਗੇ ਕਰਮਾਂ ਦੇ ਆਧਾਰ ਉੱਤੇ ਤੈਨੂੰ ਆਜ਼ਾਦ ਕਰ ਰਿਹਾ ਹਾਂ। ਸਾਨੂੰ ਇਸ ਸਮੇਂ ਚੰਗੇ ਲੋਕਾਂ ਦੀ ਭਾਲ ਏ। ਤੇਰੇ ਚੰਗੇ ਕੰਮਾਂ ਦੀ ਗਿਣਤੀ ਬਹੁਤ ਘੱਟ ਏ। ਦੁਬਾਰਾ ਉਸ ਪਿੰਡ ਵਿੱਚ ਜਾ ਕੇ ਆਪਣੀ ਸੱਚਾਈ ਸਾਬਤ ਕਰਨੀ ਹੈ ਜਾਂ ਨਹੀਂ ਇਹ ਫੈਸਲਾ ਤੇਰਾ ਆਪਣਾ ਹੋਵੇਗਾ। ਤੈਨੂੰ ਕਿਸੇ ਵੀ ਗੱਲ ਦੀ ਕੋਈ ਮਜਬੂਰੀ ਨਹੀਂ।"

ਬੌਣੇ ਨੇ ਹਦਾਇਤ ਦੇ ਰੂਪ ਵਿੱਚ ਸਿਰਜੂ ਨੂੰ ਕਿਹਾ: "ਮੇਰੀ ਨਜ਼ਰ ਹੁਣ ਹਮੇਸ਼ਾ ਤੇਰੇ ਉੱਤੇ ਹੀ ਰਹੇਗੀ। ਜੇ ਤੂੰ ਸੱਚਾਈ ਦੇ ਰਸਤੇ ਉੱਤੇ ਬੇਖ਼ੌਫ਼ ਹੋ ਕੇ ਚਲਦਾ ਰਿਹਾ ਤਾਂ ਆਪਣੀ ਅਗਲੀ ਮੁਲਾਕਾਤ ਜ਼ਰੂਰ ਹੋਵੇਗੀ। ਜੇ ਤੇਰੇ ਕਦਮ ਬਦੀ ਦੇ ਰਸਤੇ ਉੱਪਰ ਵਾਪਿਸ ਮੁੜ ਗਏ ਤਾਂ ਸਮਝ ਲੈਣਾ ਕਿ ਤੇਰੇ ਲਈ ਕੋਈ ਨਾ ਕੋਈ ਸਜ਼ਾ ਨਿਰਧਾਰਿਤ ਹੋ ਚੁੱਕੀ ਹੈ।"

ਸਿਰਜੂ ਨੂੰ ਇਹ ਗੱਲ ਕਹਿਣ ਤੋਂ ਬਾਅਦ ਬੌਣੇ ਨੇ ਤੋਤੇ ਦਾ ਰੂਪ ਲਿਆ ਅਤੇ ਉਡਾਰੀ ਮਾਰ ਕੇ ਘਰੋਂ ਬਾਹਰ ਨਿੱਕਲ ਗਿਆ। ਬੌਣੇ ਦੇ ਜਾਣ ਤੋਂ ਬਾਅਦ ਸਿਰਜੂ ਨੇ ਭੇੜੀਏ ਨੂੰ ਪੁੱਛਿਆ: "ਤੁਸੀਂ ਚੰਗੇ ਲੋਕਾਂ ਦੀ ਭਾਲ ਕਿਉਂ ਕਰ ਰਹੇ ਹੋ?"

ਭੇੜੀਏ ਨੇ ਸਿਰਜੂ ਨੂੰ ਜਵਾਬ ਦਿੱਤਾ: "ਬਦੀ ਨੂੰ ਹਰਾਉਣ ਲਈ ਹਮੇਸ਼ਾ ਚੰਗੇ ਲੋਕਾਂ ਦੀ ਜ਼ਰੂਰਤ ਹੁੰਦੀ ਹੈ। ਕੁਦਰਤ ਦੀ ਇਹ ਹੀ ਰੀਤ ਹੈ। ਬਦੀ ਸੱਚਾਈ ਨੂੰ ਕੁੱਝ ਸਮੇਂ ਲਈ ਦਬਾ ਜ਼ਰੂਰ ਸਕਦੀ ਹੈ ਪਰ ਕਦੇ ਵੀ ਸੱਚਾਈ ਨੂੰ ਖ਼ਤਮ ਨਹੀਂ ਕਰ ਸਕਦੀ। ਜੇ ਤੂੰ ਨੇਕੀ ਦੇ ਰਸਤੇ ਉੱਤੇ ਤੁਰਦਾ ਰਿਹਾ ਤਾਂ ਮੈਨੂੰ ਬਹੁਤ ਖੁਸ਼ੀ ਹੋਵੇਗੀ।"

ਭੇੜੀਆ ਅਤੇ ਸਿਰਜੂ ਗੱਲਾਂ-ਬਾਤਾਂ ਕਰ ਰਹੇ ਸਨ। ਤੋਤਾ ਘਰ ਦੇ ਅੰਦਰੋਂ ਨਿੱਕਲ ਕੇ ਦਰੱਖ਼ਤ ਉੱਤੇ ਬੈਠਣ ਦੀ ਬਜਾਏ ਘਰੋਂ ਬਾਹਰ ਉੱਡ ਗਿਆ ਸੀ। ਇਹ ਦੇਖ ਕੇ ਲੂੰਬੜ ਨੇ ਸੋਚਿਆ: "ਲੱਗਦਾ ਹੈ ਭੇੜੀਆ ਕਿਸੇ ਵੱਡੀ ਮੁਸੀਬਤ ਵਿੱਚ ਫ਼ਸ ਗਿਆ! ਉਸਦੀ ਮੱਦਦ ਕਰਨ ਲਈ ਮੈਨੂੰ ਜਲਦੀ-ਤੋਂ-ਜਲਦੀ ਘਰ ਦੇ ਅੰਦਰ ਜਾਣਾ ਚਾਹੀਦਾ ਹੈ।"

ਲੂੰਬੜ ਆਪਣੀ ਸੋਚ ਦੇ ਤਹਿਤ ਜਲਦੀ ਨਾਲ ਘਰ ਦੇ ਅੰਦਰ ਪਹੁੰਚ ਗਿਆ। ਭੇੜੀਏ ਨੂੰ ਸਿਰਜੂ ਨਾਲ ਗੱਲਾਂ ਕਰਦੇ ਦੇਖ ਉਸਨੇ ਰਾਹਤ ਭਰਿਆ ਸਾਹ ਲਿਆ ਅਤੇ ਭੇੜੀਏ ਨੂੰ ਕਿਹਾ: "ਸ਼ੁਕਰ ਹੈ ਰੱਬ ਦਾ ਭਰਾਵਾ! ਤੂੰ ਠੀਕ-ਠਾਕ ਏਂ! ਮੈਂ ਤਾਂ ਡਰ ਹੀ ਗਿਆ ਸੀ। ਤੋਤਾ ਦਰੱਖ਼ਤ ਉੱਤੇ ਨਾ ਬੈਠ ਕੇ ਘਰੋਂ ਬਾਹਰ ਨਿੱਕਲ ਗਿਆ ਏ। ਮੈਂ ਸੋਚਿਆ ਤੂੰ ਕਿਸੇ ਮੁਸੀਬਤ ਵਿੱਚ ਫ਼ਸ ਗਿਆ ਏਂ। ਚਲੋ ਚੰਗਾ ਹੋਇਆ! ਸਭ-ਕੁੱਝ ਠੀਕ-ਠਾਕ ਏ।"

ਸਿਰਜੂ ਨੇ ਜਦੋਂ ਲੂੰਬੜ ਨੂੰ ਵੀ ਇਨਸਾਨੀ ਬੋਲੀ ਵਿੱਚ ਗੱਲਾਂ ਕਰਦੇ ਸੁਣਿਆ ਤਾਂ ਉਹ ਹੋਰ ਵੀ ਹੈਰਾਨ ਹੋ ਗਿਆ। ਉਸਨੇ ਭੇੜੀਏ ਨੂੰ ਪੁੱਛਿਆ: "ਮੈਨੂੰ ਇਸ ਗੱਲ ਦੀ ਸਮਝ ਨਹੀਂ ਲੱਗੀ ਕਿ ਤੁਸੀਂ ਦੋਵੇਂ ਲੂੰਬੜ ਅਤੇ ਭੇੜੀਏ ਦੀ ਸ਼ਕਲ ਵਿੱਚ ਕਿਉਂ ਘੁੰਮ ਰਹੇ ਹੋ? ਕੀ ਤੁਸੀਂ ਵੀ ਬੌਣੇ ਹੋ?"

ਭੇੜੀਏ ਨੇ ਸਿਰਜੂ ਨੂੰ ਜਵਾਬ ਦਿੱਤਾ: "ਨਹੀਂ! ਅਸੀਂ ਬੌਣੇ ਨਹੀਂ ਹਾਂ। ਆਮ ਇਨਸਾਨ ਹਾਂ। ਭੇੜੀਆ ਅਤੇ ਲੂੰਬੜ ਕਿਵੇਂ ਬਣ ਗਏ ਇਹ ਗੱਲ ਬਾਅਦ ਵਿੱਚ ਦੱਸਾਂਗੇ।"

ਭੇੜੀਏ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਲੂੰਬੜ ਨੇ ਸਿਰਜੂ ਨੂੰ ਕਿਹਾ: "ਮੈਨੂੰ ਬਹੁਤ ਭੁੱਖ ਲੱਗੀ ਏ। ਜਲਦੀ ਦੱਸ ਸਾਨੂੰ ਖਾਣਾ ਕਿੱਥੇ ਮਿਲ ਸਕਦਾ ਏ?"

ਸਿਰਜੂ ਨੇ ਲੂੰਬੜ ਨੂੰ ਜਵਾਬ ਦਿੱਤਾ: "ਜਿਸ ਪਿੰਡ ਵਿੱਚ ਅਸੀਂ ਸ਼ਰਣ ਲਈ ਸੀ ਉਹ ਪਿੰਡ ਨਜਦੀਕ ਹੀ ਹੈ। ਤੁਸੀਂ ਮੇਰੇ ਨਾਲ ਚੱਲੋ। ਤੁਹਾਡੇ ਖਾਣ ਲਈ ਕੋਈ ਨਾ ਕੋਈ ਪ੍ਰਬੰਧ ਕਰ ਹੀ ਦੇਵਾਂਗਾ। ਇਸ ਪਿੰਡ ਵਿੱਚ ਖਾਣਾ ਮਿਲਣਾ ਬਹੁਤ ਹੀ ਮੁਸ਼ਕਲ ਹੈ॥"

# ਅਧਿਆਏ

# 06

## ਵਾਪਸੀ

# 6. ਵਾਪਸੀ

ਭੇੜੀਏ ਅਤੇ ਲੂੰਬੜ ਨੂੰ ਸਿਰਜੂ ਦੀ ਗੱਲ ਠੀਕ ਲੱਗੀ। ਇਸ ਲਈ ਦੋਵੇਂ ਉਸਦੇ ਨਾਲ ਤੁਰ ਪਏ। ਗੱਲਾਂ ਕਰਦੇ ਕਰਦੇ ਉਹ ਛੇਤੀ ਹੀ ਉਸ ਪਿੰਡ ਵਿੱਚ ਪਹੁੰਚ ਗਏ ਜਿਸ ਪਿੰਡ ਦੇ ਲੋਕ ਸਿਰਜੂ ਨੂੰ ਮੰਜੇ ਨਾਲ ਬੰਨ ਕੇ ਗਏ ਸਨ। ਜਦੋਂ ਉਹ ਪਿੰਡ ਪਹੁੰਚੇ ਤਾਂ ਲੋਕ ਸਿਰਜੂ ਵੱਲ ਦੇਖ ਕੇ ਹੈਰਾਨ ਰਹਿ ਗਏ। ਸਿਰਜੂ ਦਾ ਬਚ ਜਾਣਾ ਉਹਨਾ ਲੋਕਾਂ ਦੀਆਂ ਨਜਰਾਂ ਵਿੱਚ ਅਚੰਭਾ ਸੀ। ਲੋਕ ਸੋਚ ਰਹੇ ਸਨ: "ਪਲੇਗ ਤਾਂ ਛੱਡੋ! ਇਸ ਨੂੰ ਤਾਂ ਹੁਣ ਤੱਕ ਭੁੱਖ-ਪਿਆਸ ਨਾਲ ਹੀ ਮਰ ਜਾਣਾ ਚਾਹੀਦਾ ਸੀ। ਸਿਰਜੂ ਜਿਊਂਦਾ ਕਿਵੇਂ ਬਚ ਗਿਆ? ਇਹ ਤਾਂ ਭਲਾ-ਚੰਗਾ ਵਾਪਿਸ ਆ ਗਿਆ।"

ਲੂੰਬੜ ਅਤੇ ਭੇੜੀਏ ਨੂੰ ਸਿਰਜੂ ਦੇ ਨਾਲ ਦੇਖ ਕੇ ਲੋਕਾਂ ਨੂੰ ਬਹੁਤ ਹੈਰਾਨੀ ਹੋ ਰਹੀ ਸੀ। ਉਹ ਸੋਚ ਰਹੇ ਸਨ ਕਿ ਇਹ ਕਿਵੇਂ ਸੰਭਵ ਹੋ ਸਕਦਾ ਹੈ! ਸਿਰਜੂ ਨੂੰ ਤਾਂ ਲੋਕੀਂ ਮੰਜੇ ਨਾਲ ਬੰਨ ਕੇ ਆਏ ਸਨ ਫਿਰ ਇਹ ਭੇੜੀਆ ਅਤੇ ਲੂੰਬੜ ਸਿਰਜੂ ਦੇ ਨਾਲ ਕਿਵੇਂ? ਭੇੜੀਏ ਅਤੇ ਲੂੰਬੜ ਨੂੰ ਦੇਖ ਕੇ ਲੋਕ ਡਰ ਰਹੇ ਸਨ ਇਸ ਲਈ ਉਹਨਾ ਨੇ ਸਿਰਜੂ ਨੂੰ ਕੁੱਝ ਨਾ ਕਿਹਾ। ਸਿਰਜੂ ਨੇ ਵੀ ਪਿੰਡ ਦੇ ਲੋਕਾਂ ਨਾਲ ਕੋਈ ਗੱਲ ਨਾ ਕੀਤੀ ਬੱਸ ਉਹ ਚੁੱਪ-ਚਾਪ ਆਪਣੇ ਘਰ ਅੰਦਰ ਚਲਾ ਗਿਆ।

ਲੂੰਬੜ ਨੇ ਸਿਰਜੂ ਨੂੰ ਕਿਹਾ: "ਮੈਨੂੰ ਨਹੀਂ ਲੱਗਦਾ ਕਿ ਲੋਕ ਤੈਨੂੰ ਪਿੰਡ ਵਿੱਚ ਰਹਿਣ ਦੇਣਗੇ। ਤੈਨੂੰ ਇਸ ਮਸਲੇ ਦਾ ਹੱਲ ਛੇਤੀ ਹੀ ਲੱਭਣਾ ਪਵੇਗਾ।"

ਸਿਰਜੂ ਨੇ ਲੂੰਬੜ ਨੂੰ ਜਵਾਬ ਦਿੱਤਾ: "ਇਸ ਮਸਲੇ ਦਾ ਹੱਲ ਮੈਂ ਬਾਅਦ ਵਿੱਚ ਸੋਚਾਂਗਾ। ਪਹਿਲਾਂ ਇਹ ਦੱਸੋ ਕਿ ਮੈਂ ਤੁਹਾਨੂੰ ਖਾਣ ਲਈ ਕੀ ਦੇਵਾਂ?"

ਭੇੜੀਏ ਨੇ ਸਿਰਜੂ ਨੂੰ ਜਵਾਬ ਦਿੱਤਾ: "ਸਾਨੂੰ ਭੁੱਖ ਵੀ ਆਪਣੇ ਸ਼ਰੀਰ ਦੇ ਮੁਤਾਬਕ ਹੀ ਲੱਗਦੀ ਹੈ। ਅੱਜ ਸਾਨੂੰ ਕੁੱਝ ਵੀ ਖਵਾ ਦੇ। ਕੱਲ ਤੋਂ ਅਸੀਂ ਸ਼ਿਕਾਰ ਕਰਕੇ ਆਪਣੇ ਪੇਟ ਦਾ ਇੰਤਜਾਮ ਖ਼ੁਦ ਹੀ ਕਰ ਲਵਾਂਗੇ।"

ਸਿਰਜੂ ਨੇ ਘਰ ਦੇ ਵੇਹੜੇ ਵਿੱਚ ਅੱਗ ਬਾਲੀ ਅਤੇ ਆਲੂ ਭੁੰਨਣ ਲਈ ਅੱਗ ਵਿੱਚ ਰੱਖ ਦਿੱਤੇ। ਫਿਰ ਉਸਨੇ ਲੂੰਬੜ ਅਤੇ ਭੇੜੀਏ ਨੂੰ ਕਿਹਾ: "ਅੱਜ ਤਾਂ ਤੁਹਾਨੂੰ ਆਲੂ ਖਾ ਕੇ ਹੀ ਗੁਜਾਰਾ ਕਰਨਾ ਪਵੇਗਾ। ਕੱਲ ਨੂੰ ਕਿਸੇ ਹੋਰ ਚੀਜ ਦਾ ਪ੍ਰਬੰਧ ਕਰ ਲਵਾਂਗੇ।"

ਸਿਰਜੂ ਅਜੇ ਲੂੰਬੜ ਅਤੇ ਭੇੜੀਏ ਨਾਲ ਅਗਲੇ ਦਿਨ ਦੇ ਖਾਣੇ ਬਾਰੇ ਗੱਲਾਂ ਕਰ ਹੀ ਰਿਹਾ ਸੀ ਕਿ ਪਿੰਡ ਦੇ ਲੋਕ ਇੱਕਠੇ ਹੋ ਕੇ ਸਿਰਜੂ ਦੇ ਘਰ ਪਹੁੰਚ ਗਏ। ਪਿੰਡ ਦਾ ਸਰਪੰਚ ਵੀ ਲੋਕਾਂ ਦੇ ਨਾਲ ਹੀ ਸੀ। ਪਿੰਡ ਦੇ ਲੋਕ ਕੋਈ ਗੱਲ ਕਰਦੇ, ਉਸ ਤੋਂ ਪਹਿਲਾਂ ਹੀ ਸਿਰਜੂ ਨੇ ਪਿੰਡ ਦੇ ਲੋਕਾਂ ਨੂੰ ਕਿਹਾ: "ਮੈਂ ਤਾਂ ਉਸ ਬਜ਼ੁਰਗ ਬਾਬੇ ਦੀ ਲਾਈ ਹੋਈ ਕਸੌਟੀ ਉੱਤੇ ਖ਼ਰਾ ਸਾਬਤ ਹੋਇਆ ਹਾਂ। ਰੱਬ ਨੇ ਇੱਕ ਵਾਰ ਫਿਰ ਮੈਨੂੰ ਪਲੇਗ ਅਤੇ ਮੌਤ ਤੋਂ ਬਚਾ ਲਿਆ। ਕਿਉਂ ਨਾ ਹੁਣ ਇਸ ਸਰਪੰਚ ਦੀ ਵੀ ਪ੍ਰੀਖਿਆ ਲਈ ਜਾਵੇ?"

ਸਿਰਜੂ ਨੇ ਕਿਹਾ: "ਕੱਲ ਸਵੇਰੇ ਬਜ਼ੁਰਗ ਬਾਬਾ ਜੀ ਨਾਲ ਮੈਂ ਇਸ ਵਿਸ਼ੇ ਉੱਤੇ ਗੱਲ ਕਰਾਂਗਾ। ਸਰਪੰਚ ਦੀ ਸੋਨੇ ਵਾਲੀ ਗੱਲ ਦਾ ਫ਼ੈਸਲਾ ਹੋਣਾ ਬਹੁਤ ਜਰੂਰੀ ਹੈ। ਸਭ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਸਰਪੰਚ ਨੇ ਝੂਠ ਬੋਲਿਆ ਹੈ। ਵਰਨਾ ਤੁਹਾਡੇ ਵਰਗੇ ਲੋਕ ਕਿਸੇ ਇਨਸਾਨ ਨੂੰ ਸੱਚ ਦੇ ਰਸਤੇ ਉੱਤੇ ਚੱਲਣ ਨਹੀਂ ਦੇਣਗੇ। ਪਲੇਗ ਪੈਣ ਤੋਂ ਪਹਿਲਾਂ ਮੈਂ ਕੋਈ ਚੰਗਾ ਇਨਸਾਨ ਨਹੀਂ ਸਾਂ। ਬਹੁਤ ਗਲਤੀਆਂ ਹੋਈਆਂ ਮੇਰੇ ਕੋਲੋਂ। ਉਹਨਾ ਸਾਰੀਆਂ ਗਲਤੀਆਂ ਨੂੰ ਮੈਂ ਸਵੀਕਾਰ ਕਰਦਾ ਹਾਂ ਲੇਕਿਨ ਪਲੇਗ ਤੋਂ ਬਾਅਦ ਜੋ ਕੁੱਝ ਵੀ ਮੈਂ ਕਰ ਰਿਹਾ ਸਾਂ ਉਹ ਸਾਰੀਆਂ ਭਾਵਨਾਵਾਂ ਮੇਰੇ ਸੱਚੇ ਦਿਲ ਦੀ ਉਪਜ ਸਨ। ਤੁਸੀਂ ਮੈਨੂੰ ਮੇਰੇ ਨੇਕ ਕੰਮਾਂ ਲਈ ਸਜਾ ਦਿੱਤੀ।"

ਸਿਰਜੂ ਨੇ ਅਫ਼ਸੋਸ ਭਰੇ ਲਹਿਜੇ ਵਿੱਚ ਪਿੰਡ ਦੇ ਲੋਕਾਂ ਨੂੰ ਕਿਹਾ: "ਰਾਤ ਦੇ ਇਸ ਸਮੇਂ ਮੈਂ ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਦੇਣਾ ਚਾਹੁੰਦਾ।ਜੋ ਮੇਰੇ ਨਾਲ ਕਰਨਾ ਸੀ ਉਹ ਤੁਸੀਂ ਕਰ ਚੁੱਕੇ ਹੋ।ਬਾਕੀ ਗੱਲਾਂ ਦੇ ਫ਼ੈਸਲੇ ਕੱਲ ਸਵੇਰੇ ਉਸ ਬਜ਼ੁਰਗ ਬਾਬੇ ਦੀ ਮੌਜੂਦਗੀ ਵਿੱਚ ਹੋਣਗੇ।ਚਾਹ-ਪਾਣੀ ਪੀਣਾ ਹੈ ਤਾਂ ਬੈਠ ਜਾਵੋ ਨਹੀਂ ਫਿਰ ਆਪਾਂ ਕੱਲ ਮਿਲਾਂਗੇ।ਡਰੋ ਨਾ, ਪਿੰਡ ਛੱਡ ਕੇ ਮੈਂ ਕਿਤੇ ਨਹੀਂ ਭੱਜਦਾ।ਬਾਬਾ ਜੀ ਨੂੰ ਮਿਲਣ ਤੋਂ ਬਾਅਦ  ਮੈਂ ਆਪਣੇ ਪਿੰਡ ਵਾਪਿਸ ਚਲਾ ਜਾਵਾਂਗਾ।ਅਪਣੇ ਜੱਦੀ ਪਿੰਡ ਵਿੱਚ ਬਾਕੀ ਜ਼ਿੰਦਗੀ ਬਤੀਤ ਕਰਾਂਗਾ।"

ਸਿਰਜੂ ਦੀਆਂ ਗੱਲਾਂ ਸੁਣ ਕੇ ਸਰਪੰਚ ਕੁੱਝ ਕਹਿਣਾ ਚਾਹੁੰਦਾ ਸੀ ਲੇਕਿਨ ਭੇੜੀਏ ਵੱਲ ਦੇਖ ਕੇ ਚੁੱਪ ਕਰ ਗਿਆ।ਪਤਾ ਨਹੀਂ ਕਿਉਂ ਪਰ ਸਰਪੰਚ ਭੇੜੀਏ ਕੋਲੋਂ ਡਰ ਗਿਆ ਸੀ ਇਸ ਲਈ ਉਹ ਲੋਕਾਂ ਨਾਲ ਚੁੱਪ-ਚਾਪ ਸਿਰਜੂ ਦੇ ਘਰੋਂ ਬਾਹਰ ਚਲਾ ਗਿਆ।

ਸਰਪੰਚ ਤੇਜਾ ਸਿੰਘ ਨੇ ਪਿੰਡ ਦੇ ਲੋਕਾਂ ਨੂੰ ਕਿਹਾ: "ਸੁਣ ਲਈਆਂ ਸਿਰਜੂ ਦੀਆਂ ਗੱਲਾਂ।ਦੋ ਜਾਨਵਰਾਂ ਨੂੰ ਨਾਲ ਲਿਆ ਕੇ ਇਹ ਤਾਂ ਅਪਣੇ-ਆਪ ਨੂੰ ਫੰਨੇ ਖ਼ਾਂ ਸਮਝ ਰਿਹਾ ਏ।ਕੱਲ ਚੰਗਾ ਸਬਕ ਸਿਖਾਵਾਂਗਾ ਇਸ ਚੋਰ ਨੂੰ।ਪਤਾ ਨਹੀਂ ਇਹ ਆਪਣੇ-ਆਪ ਨੂੰ ਕੀ ਸਮਝਦਾ ਏ।ਇੱਕ ਚੋਰੀ ਅਤੇ ਦੂਜਾ ਸੀਨਾ-ਜੋਰੀ!"

ਲੋਕਾਂ ਦੇ ਚਲੇ ਜਾਣ ਤੋਂ ਬਾਅਦ ਭੇੜੀਏ ਨੇ ਸਿਰਜੂ ਨੂੰ ਪੁੱਛਿਆ: "ਲੋਕਾਂ ਨੂੰ ਇਹ ਕਿਉਂ ਕਿਹਾ ਕਿ ਬਾਕੀ ਸਾਰੀ ਜ਼ਿੰਦਗੀ ਤੂੰ ਪੁਰਾਣੇ ਪਿੰਡ ਵਿੱਚ ਰਹਿ ਕੇ ਬਤੀਤ ਕਰੇਂਗਾ? ਤੇਰਾ ਦਿਮਾਗ ਠੀਕ ਏ? ਉਸ ਪਿੰਡ ਵਿੱਚ ਇਕੱਲਾ ਰਹਿ ਕੇ ਤੂੰ ਸਾਬਤ ਕੀ ਕਰਨਾ ਚਾਹੁੰਦਾ ਏਂ? ਉਸ ਪਿੰਡ ਵਿੱਚ ਰਹਿਣ ਨਾਲੋਂ ਤਾਂ ਬੇਹਤਰ ਏ ਕਿ ਤੂੰ ਸਾਡੇ ਨਾਲ ਕਿਸੇ ਚੰਗੇ ਇਨਸਾਨ ਦੀ ਭਾਲ ਵਿੱਚ ਲੱਗ ਜਾਵੇਂ।ਕਿਸੇ ਅਜਿਹੇ ਇਨਸਾਨ ਦੀ ਭਾਲ ਵਿੱਚ ਜਿਸਨੇ ਹੋਸ਼ੋ-ਹਵਾਸ ਵਿੱਚ ਤਾਂ ਕੀ ਭੁਲੇਖ਼ੇ ਨਾਲ ਵੀ ਕੋਈ ਗਲਤੀ ਨਾ ਕੀਤੀ ਹੋਵੇ।"

ਸਿਰਜੂ ਨੇ ਭੇੜੀਏ ਨੂੰ ਜਵਾਬ ਦਿੱਤਾ: "ਠੀਕ ਹੈ! ਮੈਂ ਤੁਹਾਡੀ ਗੱਲ ਨੂੰ ਆਪਣੇ ਦਿਮਾਗ ਵਿੱਚ ਰੱਖਾਂਗਾ। ਪਹਿਲਾਂ ਕੱਲ ਦਾ ਮਸਲਾ ਹੱਲ ਹੋ ਜਾਵੇ। ਦੇਖਦੇ ਹਾਂ, ਮੈਨੂੰ ਜਿਊਂਦਾ ਦੇਖ ਕੇ ਉਹ ਪਖੰਡੀ ਬਾਬਾ ਕੀ ਕਹਿੰਦਾ ਹੈ!"

ਸਿਰਜੂ, ਭੇੜੀਆ ਅਤੇ ਲੂੰਬੜ ਸਾਰੀ ਰਾਤ ਆਪਸ ਵਿੱਚ ਗੱਲਾਂ ਕਰਦੇ ਰਹੇ। ਦੂਜੇ ਦਿਨ ਸਵੇਰੇ ਲੂੰਬੜ ਨੇ ਸਿਰਜੂ ਨੂੰ ਕਿਹਾ: "ਭਰਾ ਅਸੀਂ ਜਾ ਰਹੇ ਹਾਂ। ਤੂੰ ਆਪਣਾ ਧਿਆਨ ਰੱਖੀਂ। ਜੋ ਵੀ ਫ਼ੈਸਲਾ ਕਰਨਾ ਹੈ ਬਹੁਤ ਸੋਚ ਸਮਝ ਕੇ ਕਰੀਂ। ਰੱਬ ਨੇ ਬਹੁਤ ਮੇਹਰ ਕੀਤੀ ਹੈ ਤੇਰੇ ਉੱਤੇ ਜੋ ਬੌਣੇ ਨੇ ਸਿਰਫ਼ ਚੰਗੇ ਕਰਮਾਂ ਦਾ ਹਿਸਾਬ ਕਰਕੇ ਤੈਨੂੰ ਬਚਾ ਲਿਆ। ਜ਼ਿੰਦਗੀ ਵਿੱਚ ਅਜਿਹੇ ਮੌਕੇ ਵਾਰ ਵਾਰ ਨਹੀਂ ਮਿਲਦੇ ਇਸ ਲਈ ਜਰਾ ਸੰਭਲ ਕੇ ਚੱਲੀਂ। ਤੇਰੀ ਇਹ ਗੱਲ ਠੀਕ ਸੀ ਕਿ ਹੁਣ ਸਰਪੰਚ ਦੀ ਵੀ ਪਰਖ਼ ਹੋਣੀ ਚਾਹੀਦੀ ਹੈ। "

ਸਿਰਜੂ ਨਾਲ ਗੱਲਾਂ-ਬਾਤਾਂ ਕਰਨ ਤੋਂ ਬਾਅਦ ਭੇੜੀਆ ਅਤੇ ਲੂੰਬੜ ਘਰੋਂ ਬਾਹਰ ਨਿੱਕਲ ਗਏ। ਦਿਨ ਚੜ੍ਹਦਿਆਂ ਹੀ ਸਿਰਜੂ ਨੂੰ ਪੰਚਾਇਤ ਘਰ ਵਿੱਚ ਪੁੱਜਣ ਦਾ ਸੁਨੇਹਾ ਮਿਲ ਗਿਆ। ਸਿਰਜੂ ਪੁਰਸਕੂਨ ਸੀ। ਉਸਨੂੰ ਇਸ ਗੱਲ ਦਾ ਵਿਸ਼ਵਾਸ ਹੋ ਗਿਆ ਸੀ ਕਿ ਸੱਚ ਦੇ ਰਾਹ ਉੱਤੇ ਚੱਲਦਿਆਂ ਜ਼ਿੰਦਗੀ ਵਿੱਚ ਦੁੱਖ ਤਾਂ ਆ ਸਕਦੇ ਹਨ ਪਰ ਸੱਚ ਨੂੰ ਕਦੇ ਹਰਾਇਆ ਨਹੀਂ ਜਾ ਸਕਦਾ। ਉਹ ਬਿਨਾਂ ਕਿਸੇ ਡਰ ਅਤੇ ਹਿਚਕ ਤੋਂ ਪੰਚਾਇਤ ਘਰ ਵਿੱਚ ਪਹੁੰਚ ਗਿਆ। ਪੰਚਾਇਤ ਵਿੱਚ ਬਜ਼ੁਰਗ ਬਾਬਾ ਵੀ ਮੌਜੂਦ ਸੀ।

ਸਿਰਜੂ ਨੇ ਸਤਿਕਾਰ ਵਜੋਂ ਬਜ਼ੁਰਗ ਬਾਬਾ ਜੀ ਅੱਗੇ ਆਪਣਾ ਸਿਰ ਝੁਕਾਇਆ ਅਤੇ ਕਹਿਣ ਲੱਗਾ: "ਬਾਬਾ ਜੀ! ਤੁਹਾਡੇ ਕਹਿਣ ਅਨੁਸਾਰ ਮੇਰੀ ਸੱਚਾਈ ਨੂੰ ਕਸੌਟੀ ਉੱਤੇ ਪਰਖ਼ਿਆ ਜਾ ਚੁੱਕਾ ਹੈ। ਮੈਂ ਕਸੌਟੀ ਉੱਤੇ ਖ਼ਰਾ ਉਤਰਿਆ ਹਾਂ। ਇੱਕ ਵਾਰ ਫਿਰ ਮੌਤ ਨੇ ਹੋਰ ਜੀਣ ਦਾ ਮੌਕਾ ਦੇ ਦਿੱਤਾ। ਹੁਣ ਤੁਹਾਡਾ ਕੀ ਫ਼ੈਸਲਾ ਹੈ?"

ਬਜ਼ੁਰਗ ਬਾਬੇ ਨੇ ਸਿਰਜੂ ਨੂੰ ਜਵਾਬ ਦਿੱਤਾ: "ਇਹ ਤਾਂ ਸਭ ਨੂੰ ਦਿਖ ਰਿਹਾ ਹੈ ਕਿ ਤੂੰ ਵਾਪਿਸ ਆ ਗਿਆ। ਸਿਰਫ਼ ਇਹ ਦੱਸ ਕਿ ਤੈਨੂੰ ਬਚਾਉਣ ਵਾਲਾ ਕੌਣ ਹੈ? ਭੇੜੀਏ ਅਤੇ ਲੂੰਬੜ ਨਾਲ ਤੈਨੂੰ ਦੁਬਾਰਾ ਇਸ ਪਿੰਡ ਵਿੱਚ ਭੇਜਣ ਵਾਲਾ ਹੈ ਕੌਣ?"

ਸਿਰਜੂ ਨੇ ਜਵਾਬ ਵਿੱਚ ਕਿਹਾ: "ਤੁਹਾਡੇ ਫ਼ੈਸਲੇ ਅਨੁਸਾਰ ਤੇਜਾ ਸਰਪੰਚ ਅਤੇ ਦੂਜੇ ਲੋਕ ਮੈਨੂੰ ਮੇਰੇ ਪਿੰਡ ਵਾਲੇ ਘਰ ਵਿੱਚ ਰੱਸੀਆਂ ਨਾਲ ਬੰਨ ਕੇ ਆਏ ਸਨ। ਘਰਾਂ ਵਿੱਚ ਲਾਸ਼ਾਂ ਦੀ ਬਦਬੂ ਅਜੇ ਤੱਕ ਬਰਕਰਾਰ ਹੈ। ਮੇਰੀ ਜਿਉਂਦਾ ਰਹਿਣ ਦੀ ਉਮੀਦ ਬਿਲਕੁੱਲ ਖ਼ਤਮ ਹੋ ਗਈ ਸੀ। ਮੈਂ ਤਾਂ ਮੰਜੇ ਉੱਤੇ ਪਿਆ ਰੱਬ ਅੱਗੇ ਇਹੋ ਅਰਦਾਸ ਕਰ ਰਿਹਾ ਸੀ ਕਿ ਹੇ ਪ੍ਰਮਾਤਮਾ! ਮੇਰੀਆ ਗਲਤੀਆਂ ਨੂੰ ਮਾਫ਼ ਕਰਦੋ। ਜਦੋਂ ਦਿਲ ਵਿੱਚ ਮਾੜੇ ਵਿਚਾਰ ਸਨ ਓਸ ਸਮੇਂ ਮੈਂ ਪਲੇਗ ਤੋਂ ਬਚ ਗਿਆ। ਤੁਹਾਡੀ ਰਹਿਮਤ ਨਾਲ ਸੱਚੇ ਦਿਲੋਂ ਗੁਨਾਹਾਂ ਤੋਂ ਤੌਬਾ ਕਰ ਲਈ ਅਤੇ ਸੱਚਾਈ ਦਾ ਪੱਲਾ ਫੜ੍ਹ ਲਿਆ। ਹੇ ਰੱਬ ਮੈਨੂੰ ਝੂਠੀ ਜਿੱਲਤ ਤੋਂ ਬਚਾਓ।"

ਸਿਰਜੂ ਨੇ ਬਜ਼ੁਰਗ ਬਾਬੇ ਨੂੰ ਦੱਸਿਆ: "ਉਸ ਅਕਾਲ ਪੁਰਖ਼ ਨੇ ਮੇਰੀ ਅਰਦਾਸ ਸੁਣ ਲਈ। ਉਸ ਨੇ ਭੇੜੀਏ ਅਤੇ ਲੂੰਬੜ ਨੂੰ ਮੇਰੀ ਮੱਦਦ ਕਰਨ ਲਈ ਭੇਜ ਦਿੱਤਾ। ਭੇੜੀਏ ਅਤੇ ਲੂੰਬੜ ਨੇ ਹੀ ਮੈਨੂੰ ਉਸ ਘਰ ਵਿੱਚੋਂ ਆਜ਼ਾਦ ਕੀਤਾ ਹੈ।"

ਸਿਰਜੂ ਦੀਆਂ ਗੱਲਾਂ ਸੁਣਨ ਤੋਂ ਬਾਅਦ ਬਜ਼ੁਰਗ ਬਾਬੇ ਨੇ ਗੁੱਸੇ ਵਿੱਚ ਕਿਹਾ: "ਤੂੰ ਮੈਨੂੰ ਬੇਵਕੂਫ਼ ਸਮਝਦਾ ਹੈਂ? ਤੈਨੂੰ ਲੱਗਦਾ ਹੈ ਮੈਂ ਤੇਰੀ ਇਸ ਬਚਕਾਨਾ ਗੱਲ ਉੱਤੇ ਯਕੀਨ ਕਰ ਲਵਾਂਗਾ। ਸ਼ਾਇਦ ਤੈਨੂੰ ਮੇਰੀ ਤਾਕਤ ਦਾ ਅੰਦਾਜਾ ਨਹੀਂ ਹੈ! ਇਸੇ ਕਾਰਨ ਅਜਿਹੀਆਂ ਗੱਲਾਂ ਕਰ ਰਿਹਾ ਹੈਂ। ਜਲਦੀ ਦੱਸ ਕੌਣ ਹੈ ਉਹ, ਜਿਸਨੇ ਤੇਰੀ ਮੱਦਦ ਕੀਤੀ ਹੈ?"

ਸਿਰਜੂ ਨੇ ਜਵਾਬ ਦਿੱਤਾ: "ਬਾਬਾ ਜੀ ਮੈਂ ਤਾਂ ਸੱਚ ਹੀ ਬੋਲ ਰਿਹਾ ਹਾਂ! ਤੁਹਾਡੇ ਯਕੀਨ ਕਰਨ ਜਾਂ ਨਾਂ ਕਰਨ ਨਾਲ ਸੱਚਾਈ ਨੇ ਬਦਲ ਨਹੀਂ ਜਾਣਾ। ਕਾਨੂੰਨ ਦੇ ਮੁਤਾਬਕ ਹੁਣ ਤੇਜੇ ਸਰਪੰਚ ਦੀ ਸੱਚਾਈ ਨੂੰ ਵੀ ਪਰਖਣਾ ਚਾਹੀਦਾ ਹੈ।

ਤੁਸੀਂ ਤੇਜੇ ਸਰਪੰਚ ਨੂੰ ਵੀ ਮੇਰੇ ਪਿੰਡ ਅਤੇ ਘਰ ਵਿੱਚ ਓਸੇ ਤਰੀਕੇ ਨਾਲ ਬੰਨ ਕੇ ਆਓ ਜਿਸ ਤਰ੍ਹਾਂ ਮੈਨੂੰ ਬੰਨਿਆ ਸੀ। ਮੈਂ ਤਾਂ ਰੱਬ ਵਿੱਚ ਯਕੀਨ ਕਰਨ ਵਾਲਾ ਬੰਦਾ ਹਾਂ। ਪਲੇਗ ਪੈਣ ਤੋਂ ਪਹਿਲਾਂ ਵਾਲੀ ਜਿੰਦਗੀ ਵਿੱਚ ਗਲਤੀਆਂ ਜਰੂਰ ਕੀਤੀਆਂ ਸਨ ਪਰ ਬਾਅਦ ਵਿੱਚ ਇੱਕ ਵੀ ਨਹੀਂ।"

ਸਿਰਜੂ ਨੇ ਅੱਗੇ ਕਿਹਾ: "ਖ਼ੁਦਾ ਨੇ ਮੈਨੂੰ ਮਾਫ਼ ਕਰ ਦਿੱਤਾ ਹੈ ਬਸ ਮੇਰੇ ਲਈ ਇਹ ਹੀ ਬਹੁਤ ਹੈ। ਇਸ ਲਈ ਤੁਹਾਡਾ ਜੋ ਦਿਲ ਕਰਦਾ ਹੈ ਤੁਸੀਂ ਕਰ ਲਵੋ।"

ਸਿਰਜੂ ਇਹ ਗੱਲ ਕਹਿ ਕੇ ਚੁੱਪ ਕਰ ਗਿਆ। ਉਹ ਸਰਪੰਚ ਅਤੇ ਬਾਬੇ ਦੇ ਫ਼ੈਸਲੇ ਦਾ ਇੰਤਜਾਰ ਕਰ ਰਿਹਾ ਸੀ। ਸਰਪੰਚ ਅਤੇ ਬਾਬਾ ਆਪਸ ਵਿੱਚ ਸਲਾਹ ਕਰਨ ਲੱਗੇ। ਕੁੱਝ ਦੇਰ ਬਾਅਦ ਬਜੁਰਗ ਬਾਬੇ ਨੇ ਸਿਰਜੂ ਨੂੰ ਕਿਹਾ: "ਤੂੰ ਆਪਣੀਆਂ ਗੱਲਾਂ ਨਾਲ ਲੋਕਾਂ ਵਿੱਚ ਭਰਮ ਪੈਦਾ ਕਰਨ ਦੀ ਕੋਸ਼ਿਸ਼ ਕਰ ਰਿਹਾ ਏਂ। ਇਹ ਕਿਵੇਂ ਹੋ ਸਕਦਾ ਏ ਕਿ ਭੇੜੀਆ ਅਤੇ ਲੂੰਬੜ ਬੰਦੇ ਦੀਆਂ ਰੱਸੀਆਂ ਖੋਲ ਕੇ ਉਸ ਨੂੰ ਆਜ਼ਾਦ ਕਰ ਦੇਣ। ਭੇੜੀਏ ਨੇ ਤਾਂ ਵੈਸੇ ਹੀ ਤੈਨੂੰ ਖਾ ਲੈਣਾ ਸੀ। ਜਰੂਰ ਭੇੜੀਏ ਅਤੇ ਲੂੰਬੜ ਦੇ ਮਾਲਕ ਨੇ ਤੈਨੂੰ ਬਚਾਇਆ ਹੋਵੇਗਾ।"

ਸਿਰਜੂ ਨੇ ਬਾਬੇ ਦੀ ਗੱਲ ਦਾ ਕੋਈ ਜਵਾਬ ਨਾ ਦਿੱਤਾ। ਸਿਰਜੂ ਦੀ ਚੁੱਪੀ ਦੇਖ ਕੇ ਬਜ਼ੁਰਗ ਬਾਬੇ ਨੇ ਲੋਕਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਸਿਰਜੂ ਨੂੰ ਕਿਹਾ: "ਕੱਲ ਸ਼ਾਮ ਤੱਕ ਦਾ ਸਮਾਂ ਹੈ ਤੇਰੇ ਕੋਲ। ਇਸ ਪਿੰਡ ਨੂੰ ਛੱਡ ਕੇ ਹੋਰ ਜਿੱਥੇ ਮਰਜੀ ਚਲਾ ਜਾ। ਜੇ ਦਿੱਤੇ ਸਮੇਂ ਤੋਂ ਬਾਅਦ ਇਸ ਪਿੰਡ ਵਿੱਚ ਦਿਖਾਈ ਦਿੱਤਾ ਤਾਂ ਫਿਰ ਹਸ਼ਰ ਦੀ ਜ਼ੁੰਮੇਵਾਰੀ ਤੇਰੀ ਆਪਣੀ ਹੋਵੇਗੀ।"

ਸਿਰਜੂ ਨੇ ਫ਼ੈਸਲਾ ਸੁਣਨ ਤੋਂ ਬਾਅਦ ਬਾਬੇ ਨੂੰ ਕਿਹਾ: "ਬਾਬਾ ਜੀ! ਇਹ ਤਾਂ ਤੁਸੀਂ ਘੋਰ ਬੇਇਨਸਾਫ਼ੀ ਕਰ ਰਹੇ ਹੋ। ਜੇ ਤੁਹਾਨੂੰ ਮੇਰੀਆਂ ਗੱਲਾਂ ਉੱਤੇ ਯਕੀਨ ਨਹੀਂ ਫ਼ਿਰ ਐਦਾਂ ਕਰਦੇ ਹਾਂ ਕਿ ਤੁਸੀਂ ਤੇਜੇ ਸਰਪੰਚ ਦੇ ਨਾਲ ਮੈਨੂੰ ਵੀ ਮੇਰੇ ਪਿੰਡ ਦੁਬਾਰਾ ਭੇਜ ਦੇਵੋ। ਸਾਡੇ ਦੋਹਾਂ ਵਿੱਚੋਂ ਜਿਹੜਾ ਵੀ ਹੱਕ ਅਤੇ ਸੱਚ ਦੇ ਰਸਤੇ ਉੱਤੇ ਚੱਲਦਾ ਹੋਇਆ ਉਹ ਜਿਉਂਦਾ ਇਸ ਪਿੰਡ ਵਿੱਚ ਵਾਪਿਸ ਆ ਜਾਵੇਗਾ।"

ਬਜ਼ੁਰਗ ਬਾਬਾ ਜੀ ਸਰਪੰਚ ਦੇ ਹੱਕ ਵਿੱਚ ਬੋਲ ਰਹੇ ਸਨ ਅਤੇ ਪਿੰਡ ਦੇ ਲੋਕ ਸਿਰਫ਼ ਬਾਬੇ ਦੀ ਹਾਂ ਵਿੱਚ ਹਾਂ ਮਿਲਾਉਣ ਦਾ ਕੰਮ ਕਰ ਰਹੇ ਸਨ ਇਸ ਲਈ ਬਾਬੇ ਨੇ ਆਪਣਾ ਫ਼ੈਸਲਾ ਨਾ ਬਦਲਿਆ। ਸਿਰਜੂ ਨੂੰ ਦੂਜੀ ਰਾਤ ਤੱਕ ਦਾ ਸਮਾਂ ਦੇ ਕੇ ਉਸਨੇ ਪੰਚਾਇਤ ਖਾਰਜ ਕਰ ਦਿੱਤੀ।

ਪੰਚਾਇਤ ਤੋਂ ਬਾਅਦ ਸਿਰਜੂ ਘਰ ਆ ਗਿਆ। ਉਸਦੇ ਦਿਲ ਵਿੱਚ ਨਾਂ ਕੋਈ ਖ਼ੌਫ਼ ਸੀ ਅਤੇ ਨਾਂ ਹੀ ਪਿੰਡ ਛੱਡਣ ਦਾ ਗਮ। ਉਸ ਨੇ ਦੂਜੇ ਦਿਨ ਸ਼ਾਮ ਨੂੰ ਪਿੰਡ ਵਿੱਚੋਂ ਜਾਣ ਦਾ ਫ਼ੈਸਲਾ ਕਰ ਲਿਆ। ਉਸਨੂੰ ਲੂੰਬੜ ਅਤੇ ਭੇੜੀਏ ਦੀ ਉਡੀਕ ਸੀ ਕਿਉਂਕਿ ਲੂੰਬੜ ਨੇ ਜਾਣ ਤੋਂ ਪਹਿਲਾਂ ਕਿਹਾ ਸੀ: "ਜੇ ਸਾਨੂੰ ਫ਼ੁਰਸਤ ਮਿਲੀ ਤਾਂ ਰਾਤ ਨੂੰ ਅਸੀਂ ਮਿਲਣ ਲਈ ਆਵਾਂਗੇ।"

ਸਿਰਜੂ ਨੇ ਲੂੰਬੜ ਅਤੇ ਭੇੜੀਏ ਦੀ ਉਡੀਕ ਵਿੱਚ ਪਿੰਡ ਛੱਡਣ ਦਾ ਕੰਮ ਦੂਜੇ ਦਿਨ ਉੱਤੇ ਪਾ ਦਿੱਤਾ। ਉਸਨੇ ਸੋਚਿਆ: "ਪਿੰਡ ਹੀ ਛੱਡਣਾ ਏਂ! ਕੱਲ ਛੱਡ ਦਵਾਂਗਾ। ਇੱਕ ਦਿਨ ਰਹਿਣ ਨਾਲ ਕੀ ਫ਼ਰਕ ਪੈ ਜਾਣਾ।"

ਸਿਰਜੂ ਕੱਪੜੇ ਧੋਣ ਲੱਗਾ। ਉਹ ਅਪਣੀ ਅਗਲੀ ਜਿੰਦਗੀ ਬਾਰੇ ਸੋਚ ਰਿਹਾ ਸੀ। ਸ਼ਾਮ ਸਮੇਂ ਉਹ ਖੇਤਾਂ ਵਿੱਚ ਗਿਆ ਅਤੇ ਕੁੱਝ ਗਾਜਰਾਂ ਪੁੱਟ ਕੇ ਲੈ ਆਇਆ। ਆਲੂ ਘਰ ਵਿੱਚ ਹੀ ਪਏ ਸਨ। ਸਿਰਜੂ ਜਾਣਦਾ ਸੀ ਕਿ ਭੇੜੀਏ ਅਤੇ ਲੂੰਬੜ ਨੂੰ ਮਾਸਾਹਾਰੀ

ਭੋਜਨ ਦੀ ਦਰਕਾਰ ਹੈ ਪਰ ਉਸ ਦਾ ਦਿਲ ਕਿਸੇ ਜਾਨਵਰ ਦੀ ਬਲੀ ਦੇਣ ਲਈ ਰਾਜੀ ਨਾ ਹੋਇਆ।

ਸਿਰਜੂ ਨੇ ਸੋਚਿਆ: "ਪੇਟ ਭਰਨ ਲਈ ਕਿਸੇ ਜਾਨਵਰ ਦੀ ਜਾਨ ਲੈ ਲੈਣਾ ਕੋਈ ਚੰਗੀ ਗੱਲ ਨਹੀਂ। ਮੈਂ ਤਾਂ ਪਹਿਲਾਂ ਹੀ ਬਾਲ-ਬਾਲ ਬਚਿਆਂ ਹਾਂ। ਗਾਜਰ ਅਤੇ ਆਲੂ ਭੁੰਨ ਕੇ ਰੱਖ ਲੈਂਦਾ ਹਾਂ। ਜੇ ਭੇੜੀਆ ਅਤੇ ਲੂੰਬੜ ਆ ਗਏ ਤਾਂ ਖਾ ਲੈਣਗੇ।"

ਸ਼ਾਮ ਗਹਿਰਾ ਗਈ ਸੀ। ਸਿਰਜੂ ਵਹਿੜੇ ਵਿੱਚ ਅੱਗ ਬਾਲ ਕੇ ਗਾਜਰਾਂ ਅਤੇ ਆਲੂ ਭੁੰਨਣ ਲੱਗਾ। ਰਾਤ ਪੈ ਗਈ ਪਰ ਭੇੜੀਆ ਅਤੇ ਲੂੰਬੜ ਉਸਨੂੰ ਮਿਲਣ ਲਈ ਨਾ ਆਏ। ਕਾਫੀ ਇੰਤਜਾਰ ਤੋਂ ਬਾਅਦ ਸਿਰਜੂ ਨੇ ਆਲੂ-ਗਾਜਰਾਂ ਖਾਧੀਆਂ ਅਤੇ ਰੱਬ ਦਾ ਨਾਮ ਲੈ ਕੇ ਸੌਂ ਗਿਆ।



# ਅਧਿਆਏ

# 07

## ਪ੍ਰੀਖਿਆ

# 7. ਪ੍ਰੀਖਿਆ

ਸਵੇਰ ਹੋਈ। ਸਿਰਜੂ ਨੇ ਚਾਹ ਦੀ ਜਗ੍ਹਾ ਗਰਮ ਪਾਣੀ ਪੀ ਲਿਆ। ਉਸਦੀ ਗੈਰ-ਮੌਜੂਦਗੀ ਵਿੱਚ ਤੇਜਾ ਸਰਪੰਚ ਉਸਦੇ ਡੰਗਰ ਖੋਲ ਕੇ ਲੈ ਗਿਆ ਸੀ ਇਸ ਲਈ ਦੁੱਧ ਦੀ ਕੋਈ ਗੁੰਜਾਇਸ਼ ਹੀ ਨਹੀਂ ਸੀ। ਉਹ ਜਾਣਦਾ ਸੀ ਕਿ ਪਿੰਡ ਵਿੱਚੋਂ ਕਿਸੇ ਨੇ ਉਸਦੀ ਮੰਗ ਤੇ ਦੁੱਧ ਨਹੀਂ ਦੇਣਾ।

ਸਿਰਜੂ ਪਿੰਡ ਛੱਡਣ ਦੀ ਤਿਆਰੀ ਕਰ ਰਿਹਾ ਸੀ। ਉਸਨੇ ਬੈਗ ਵਿੱਚ ਲੋੜੀਂਦੇ ਕੱਪੜੇ ਅਤੇ ਚੀਜਾਂ ਰੱਖ ਲਈਆਂ। ਪਿੰਡ ਛੱਡਣ ਤੋਂ ਪਹਿਲਾਂ ਸਿਰਜੂ ਓਹਨਾ ਲੋਕਾਂ ਨੂੰ ਮਿਲਣਾ ਚਾਹੁੰਦਾ ਸੀ ਜਿਹਨਾ ਨੇ ਪਿੰਡ ਦੀ ਸਫ਼ਾਈ ਕਰਨ ਵਿੱਚ ਉਸਦਾ ਸਾਥ ਦਿੱਤਾ ਸੀ। ਉਹਨਾ ਲੋਕਾਂ ਨੂੰ ਮਿਲਣ ਲਈ ਸਿਰਜੂ ਘਰੋਂ ਬਾਹਰ ਨਿੱਕਲਿਆ। ਉਸਨੇ ਦੇਖਿਆ ਗਲੀ ਵਿੱਚ ਲੋਕ ਇੱਕਠੇ ਹੋ ਕੇ ਗੱਲਾਂ ਕਰ ਰਹੇ ਸਨ। ਸਿਰਜੂ ਵੱਲ ਦੇਖ ਕੇ ਉਹਨਾ ਵਿੱਚੋਂ ਇੱਕ ਨੇ ਕਿਹਾ: "ਸਿਰਜੂ ਦੇ ਕਾਰਨ ਹੀ ਇਸ ਪਿੰਡ ਵਿੱਚ ਪਲੇਗ ਨੇ ਦੁਬਾਰਾ ਦਸਤਕ ਦਿੱਤੀ ਹੈ। ਸਿਰਜੂ ਦੇ ਨਾਲ ਹੀ ਪਲੇਗ ਦੇ ਕਟਾਣੂ ਇਸ ਪਿੰਡ ਵਿੱਚ ਪਹੁੰਚੇ ਹੋਣਗੇ।

ਸਿਰਜੂ ਇਹ ਗੱਲ ਸੁਣ ਕੇ ਹੈਰਾਨ ਰਹਿ ਗਿਆ। ਉਸਨੇ ਲੋਕਾਂ ਨੂੰ ਕਿਹਾ: "ਲੱਗਦਾ ਤੁਹਾਡਾ ਦਿਮਾਗ ਘੁੰਮ ਗਿਆ ਹੈ। ਜੇ ਮੇਰੇ ਸ਼ਰੀਰ ਵਿੱਚ ਪਲੇਗ ਦੇ ਕਟਾਣੂ ਹੁੰਦੇ ਫਿਰ ਹੁਣ ਤੱਕ ਤਾਂ ਮੈਨੂੰ ਖ਼ਤਮ ਹੋ ਜਾਣਾ ਚਾਹੀਦਾ ਸੀ। ਵੈਸੇ ਪਲੇਗ ਦੀ ਚਪੇਟ ਵਿੱਚ ਆਇਆ ਕੌਣ ਹੈ?"

ਲੋਕਾਂ ਨੇ ਦੱਸਿਆ: "ਭੀਖੂ ਰਾਤ ਦਾ ਬੁਖ਼ਾਰ ਨਾਲ ਤੜਫ਼ ਰਿਹਾ ਹੈ। ਉਸ ਵਿੱਚ ਸਾਰੇ ਲੱਛਣ ਪਲੇਗ ਵਾਲੇ ਹਨ। ਡਰ ਦੇ ਕਾਰਨ ਹਕੀਮ ਨੇ ਵੀ ਉਸਦੇ ਘਰ ਜਾਣ ਤੋਂ ਇਨਕਾਰ ਕਰ ਦਿੱਤਾ ਹੈ।"

ਭੀਖੂ ਉਹਨਾ ਚਾਰ ਲੋਕਾਂ ਵਿੱਚੋਂ ਇੱਕ ਸੀ ਜੋ ਜੰਗਲ ਤੋਂ ਇਸ ਪਿੰਡ ਦੀ ਸਫ਼ਾਈ ਕਰਨ ਲਈ ਸਿਰਜੂ ਦੇ ਨਾਲ ਆਏ ਸਨ।ਭੀਖੂ ਦਾ ਸਾਰਾ ਪਰਿਵਾਰ ਪਹਿਲਾਂ ਹੀ ਪਲੇਗ ਦੀ ਭੇਟਾ ਚੜ੍ਹ ਚੁੱਕਾ ਸੀ।ਸਿਰਜੂ ਨੇ ਲੋਕਾਂ ਨੂੰ ਕਿਹਾ: "ਹੋ ਸਕਦਾ ਹੈ ਭੀਖੂ ਨੂੰ ਠੰਡ ਨਾਲ ਬੁਖ਼ਾਰ ਹੋ ਗਿਆ ਹੋਵੇ! ਤੁਹਾਨੂੰ ਕਿਵੇਂ ਪਤਾ ਹੈ ਕਿ ਉਸਨੂੰ ਪਲੇਗ ਨੇ ਆਪਣੀ ਚਪੇਟ ਵਿੱਚ ਲੈ ਲਿਆ।"

ਲੋਕਾਂ ਨੇ ਸਿਰਜੂ ਨੂੰ ਜਵਾਬ ਦਿੱਤਾ: "ਹੁਣ ਤੱਕ ਤਾਂ ਉਹ ਮਰ ਵੀ ਗਿਆ ਹੋਵੇਗਾ।"

ਸਿਰਜੂ ਲੋਕਾਂ ਦੀਆਂ ਗੱਲਾਂ ਸੁਣਨ ਤੋਂ ਬਾਅਦ ਭੀਖੂ ਦੇ ਘਰ ਵੱਲ ਜਾਣ ਹੀ ਲੱਗਾ ਸੀ ਕਿ ਉਸਦੇ ਮਰਨ ਦੀ ਖ਼ਬਰ ਪਿੰਡ ਵਿੱਚ ਫ਼ੈਲ ਗਈ।ਜੋ ਪੰਦਰਾਂ ਲੋਕ ਪਲੇਗ ਤੋਂ ਬਚ ਕੇ ਇਸ ਪਿੰਡ ਵਿੱਚ ਪਹੁੰਚੇ ਸਨ ਉਹਨਾ ਨੂੰ ਮਿਲਾ ਕੇ ਚਾਲੀ-ਕੁ-ਲੋਕ ਇਸ ਵੇਲੇ ਪਿੰਡ ਵਿੱਚ ਮੌਜੂਦ ਸਨ।ਭੀਖੂ ਦੇ ਮਰਨ ਨਾਲ ਲੋਕਾਂ ਵਿੱਚ ਹਫ਼ੜਾ-ਦਫ਼ੜੀ ਫ਼ੈਲ ਗਈ।

ਲੋਕਾਂ ਦੀ ਹਫੜਾ-ਦਫ਼ੜੀ ਦੇਖ ਕੇ ਸਿਰਜੂ ਨੇ ਪਿੰਡ ਦੇ ਲੋਕਾਂ ਨੂੰ ਕਿਹਾ: "ਘਬਰਾਉਣ ਦੀ ਕੀ ਲੋੜ ਏ? ਸਰਪੰਚ ਸਾਹਿਬ ਨੂੰ ਕਹੋ ਕਿ ਉਹ ਬਜ਼ੁਰਗ ਬਾਬਾ ਜੀ ਨੂੰ ਪਿੰਡ ਵਿੱਚ ਲੈ ਕੇ ਆਉਣ।ਬਾਬਾ ਜੀ ਆਪਣੀ ਸ਼ਕਤੀ ਅਤੇ ਭਗਤੀ ਦੇ ਜੋਰ ਨਾਲ ਪਿੰਡ ਦੇ ਲੋਕਾਂ ਦੀ ਪਲੇਗ ਤੋਂ ਰੱਖਿਆ ਕਰਨ।ਜੇ ਬਾਬਾ ਜੀ ਨੇ ਇਸ ਸਮੇਂ ਆਪਣੀ ਤਾਕਤ ਨਹੀ ਦਿਖਾਉਣੀ ਤਾਂ ਫਿਰ ਕਿਸ ਵੇਲੇ ਦਿਖਾਉਣੀ ਏਂ?"

ਲੋਕਾਂ ਵਿੱਚੋਂ ਕਿਸੇ ਨੇ ਵੀ ਸਿਰਜੂ ਦੀ ਗੱਲ ਦਾ ਕੋਈ ਜਵਾਬ ਨਾ ਦਿੱਤਾ।ਸਿਰਜੂ ਦੁਬਾਰਾ ਆਪਣੇ ਘਰ ਦੇ ਅੰਦਰ ਚਲਾ ਗਿਆ।ਉਸਨੇ ਸੋਚਿਆ: "ਸ਼ਾਮ ਤੱਕ ਦਾ ਸਮਾਂ ਤਾਂ ਮੇਰੇ ਕੋਲ ਹੈ ਹੀ ਇਸ ਲਈ ਮਹੌਲ ਦੇਖ ਕੇ ਹੀ ਪਿੰਡ ਛੱਡਣਾ ਚਾਹੀਦਾ ਹੈ।"

ਸ਼ਾਮ ਤੱਕ ਭਿਖੂ ਦੇ ਨੇੜਲੇ ਘਰਾਂ ਵਿੱਚ ਹੋਰ ਪੰਜ-ਸੱਤ ਲੋਕ ਪਲੇਗ ਦੀ ਚਪੇਟ ਵਿੱਚ ਆ ਚੁੱਕੇ ਸਨ।ਭੇੜੀਆ ਅਤੇ ਲੂੰਬੜ ਅਜੇ ਤੱਕ ਨਹੀਂ ਸਨ ਆਏ।ਸ਼ਾਮ ਦੇ ਪੰਜ-ਕੁ-ਵਜੇ ਸਿਰਜੂ ਨੇ ਸੋਚਿਆ: "ਮਿਲਿਆ ਸਮਾਂ ਖ਼ਤਮ ਹੋ ਚੁੱਕਾ ਹੈ ਇਸ ਲਈ ਮੈਨੂੰ ਹੁਣ ਪਿੰਡ ਛੱਡ ਕੇ ਚਲੇ ਜਾਣਾ ਚਾਹੀਦਾ ਹੈ।"

ਸਿਰਜੂ ਨੇ ਬੈਗ ਚੁੱਕਿਆ ਅਤੇ ਘਰੋਂ ਬਾਹਰ ਆ ਗਿਆ।ਬਜ਼ੁਰਗ ਬਾਬਾ ਜੀ ਅਤੇ ਸਰਪੰਚ ਸਾਹਿਬ ਉਸਦੇ ਘਰ ਵੱਲ ਹੀ ਆ ਰਹੇ ਸਨ।ਸਿਰਜੂ ਨੇ ਉਹਨਾ ਨੂੰ ਕਿਹਾ: "ਮੈਂ ਪਿੰਡ ਛੱਡ ਕੇ ਜਾ ਰਿਹਾ ਹਾਂ।ਤੁਹਾਡੀ ਹੁਕਮ ਅਦੂਲੀ ਕਰਨ ਦਾ ਮੇਰਾ ਕੋਈ ਇਰਾਦਾ ਨਹੀਂ।"

ਬਜ਼ੁਰਗ ਬਾਬੇ ਨੇ ਸਿਰਜੂ ਨੂੰ ਕਿਹਾ: "ਜੇ ਤੂੰ ਕੱਲ ਹੀ ਚਲਾ ਜਾਂਦਾ ਤਾਂ ਫ਼ਾਇਦੇ ਵਿੱਚ ਰਹਿਣਾ ਸੀ।ਤੇਰਾ ਚਹਿਰਾ ਬੇਨਕਾਬ ਨਹੀਂ ਸੀ ਹੋਣਾ।ਇਸ ਵੇਲੇ ਤੇਰਾ ਦਿਲ ਹੀ ਤੈਨੂੰ ਮਰਵਾਉਣ ਲੱਗਾ ਏ।ਅਸੀਂ ਨੀ ਮੰਨਦੇ ਕਿ ਤੈਨੂੰ ਉਸ ਘਰ ਵਿੱਚੋਂ ਲੂੰਬੜ ਅਤੇ ਭੇੜੀਏ ਨੇ ਬਚਾਇਆ ਸੀ।ਜੇ ਤੈਨੂੰ ਰੱਬ ਹੀ ਬਚਾ ਰਿਹਾ ਏ ਤਾਂ ਫਿਰ ਭਿਖੂ ਅਤੇ ਉਸਦੇ ਨਾਲ ਵਾਲੇ ਘਰਾਂ ਵਿੱਚ ਜਾ ਕੇ ਦਿਖਾ।ਜੇ ਤੂੰ ਬਚ ਗਿਆ ਫਿਰ ਅਸੀਂ ਮੰਨ ਲਵਾਂਗੇ ਕਿ ਤੈਨੂੰ ਸੱਚਮੁੱਚ ਹੀ ਰੱਬ ਨੇ ਬਚਾਇਆ ਹੈ।"

ਸਿਰਜੂ ਨੇ ਉਸ ਬਜ਼ੁਰਗ ਬਾਬੇ ਨੂੰ ਜਵਾਬ ਦਿੱਤਾ: "ਬਾਬਾ ਜੀ! ਮੈਨੂੰ ਤਾਂ ਆਪਣੀ ਸੱਚਾਈ ਵੈਸੇ ਹੀ ਪਤਾ ਹੈ।ਤੁਹਾਡੇ ਕੋਲੋਂ ਸੱਚਾਈ ਦਾ ਤਮਗਾ ਲੈਣ ਦੀ ਮੈਨੂੰ ਕੋਈ ਜਰੂਰਤ ਹੀ ਨਹੀਂ ਹੈ।ਵੈਸੇ ਵੀ ਮੈਂ ਰੱਬ ਨੂੰ ਵਾਰ-ਵਾਰ ਅਜਮਾਉਣ ਦੇ ਹੱਕ ਵਿੱਚ ਨਹੀਂ! ਹਾਂ ਇੱਕ ਸ਼ਰਤ ਤੇ ਮੈਂ ਭਿਖੂ ਦੇ ਘਰ ਜਾ ਸਕਦਾ ਹਾਂ।ਜੇ ਤੁਸੀਂ ਉਸ ਸ਼ਰਤ ਨੂੰ ਮੰਨ ਲਵੋ ਤਾਂ ਮੈਂ ਦੁਬਾਰਾ ਆਪਣੀ ਸੱਚਾਈ ਨੂੰ ਕਸੌਟੀ ਉੱਤੇ ਲਾਉਣ ਲਈ ਤਿਆਰ ਹਾਂ।ਉਹ ਸ਼ਰਤ ਹੈ ਕਿ ਜੇ ਮੈਂ ਬਚ ਗਿਆ ਫਿਰ ਸਰਪੰਚ ਸਾਹਿਬ ਨੂੰ ਵੀ ਭਿਖੂ ਦੇ ਘਰ ਅਤੇ ਉਸਦੇ ਨੇੜਲੇ ਘਰਾਂ ਅੰਦਰ ਜਾਣਾ ਪਵੇਗਾ।"

ਬਜ਼ੁਰਗ ਬਾਬੇ ਨੇ ਸਿਰਜੂ ਦੀ ਇਹ ਸ਼ਰਤ ਮੰਨਦੇ ਹੋਏ ਕਿਹਾ: "ਠੀਕ ਹੈ! ਜੇ ਤੂੰ ਇਸ ਵਾਰ ਵੀ ਪਲੇਗ ਤੋਂ ਬਚ ਗਿਆ ਤਾਂ ਫਿਰ ਮੈਂ ਤੇਜੇ ਸਰਪੰਚ ਨੂੰ ਵੀ ਉਹਨਾ ਘਰਾਂ ਵਿੱਚ ਜਰੂਰ ਭੇਜਾਂਗਾ।"

ਸਿਰਜੂ ਨੇ ਜਵਾਬ ਦਿੱਤਾ: "ਠੀਕ ਹੈ ਬਾਬਾ ਜੀ! ਪਹਿਲਾਂ ਦੋ ਮਿੰਟ ਰੁੱਕ ਕੇ ਰੱਬ ਤੋਂ ਮਾਫ਼ੀ ਮੰਗ ਲਵਾਂ ਕਿਉਂਕਿ ਮੈਂ ਵਾਰ-ਵਾਰ ਉਸਦੇ ਫ਼ਰਿਸ਼ਤੇ ਨੂੰ ਆਪਣੇ ਵੱਲ ਦੇਖਣ ਲਈ ਮਜਬੂਰ ਕਰ ਰਿਹਾ ਹਾਂ। ਰੱਬ ਵੀ ਸੋਚਦਾ ਹੋਵੇਗਾ ਕਿ ਚੰਗੇ ਕੰਮਾਂ ਦਾ ਲੇਖ਼ਾ ਕਰਕੇ ਇਸ ਇਨਸਾਨ ਨੂੰ ਆਪਣੇ ਪਿੱਛੇ ਹੀ ਪਾ ਲਿਆ।"

ਗੱਲ ਖ਼ਤਮ ਕਰਨ ਤੋਂ ਬਾਅਦ ਸਿਰਜੂ ਰੱਬ ਅੱਗੇ ਫ਼ਰਿਆਦ ਕਰਨ ਲੱਗਾ:

"ਹੇ ਮੇਰੇ ਰੱਬ!

ਮੈਨੂੰ ਮਾਫ਼ ਕਰਦੇ।

ਮੈਨੂੰ ਇਸ ਗੱਲ ਦੀ ਸਮਝ ਲੱਗ ਚੁੱਕੀ ਹੈ ਕਿ ਰੱਬ ਅਤੇ ਸੱਚਾਈ ਦੇ ਰਾਹ ਉੱਤੇ ਚੱਲਦਾ ਇਨਸਾਨ ਕਦੇ ਵੀ ਇਸ ਗੱਲ ਦੀ ਪਰਵਾਹ ਨਹੀਂ ਕਰਦਾ ਕਿ ਲੋਕ ਉਸ ਬਾਰੇ ਕੀ ਕਹਿਣਗੇ!

ਉਹ ਤਾਂ ਲੋਕਾਂ ਵਿੱਚ ਸ਼ਰਾਫ਼ਤ ਨਾਲ ਸਿਰਫ਼ ਇਸ ਲਈ ਵਿਚਰਦਾ ਹੈ ਤਾਂ ਜੋ ਆਪਣੇ ਇਨਸਾਨ ਹੋਣ ਦਾ ਫ਼ਰਜ਼ ਅਦਾ ਕਰ ਸਕੇ!

ਇਨਸਾਨੀਅਤ ਦਾ ਸਬੂਤ ਦੇ ਕੇ ਉਹ ਤੇਰੇ ਦਰ ਉੱਤੇ ਪਹੁੰਚਣ ਦਾ ਖ਼ਾਹਿਸ਼ਮੰਦ ਹੁੰਦਾ ਹੈ!"

ਸਿਰਜੂ ਨੇ ਬੇਨਤੀ ਕਰਦੇ ਹੋਏ ਕਿਹਾ:

"ਹੇ ਅਕਾਲ-ਪੁਰਖ਼!

ਇਸ ਸਮੇਂ ਸਥਿੱਤੀ ਹੀ ਅਜਿਹੀ ਹੈ ਕਿ ਸੱਚਾਈ ਦਾ ਸਬੂਤ ਪੇਸ਼ ਕਰਨਾ ਮੇਰੇ ਲਈ ਜਰੂਰੀ ਹੋ ਗਿਆ ਹੈ ਤਾਂ ਜੋ ਲੋਕਾਂ ਨੂੰ ਸੱਚ ਦੇ ਰਸਤੇ ਉੱਤੇ ਚੱਲਣ ਦਾ ਨਤੀਜਾ ਪਤਾ ਲੱਗ ਸਕੇ।

ਨਤੀਜਾ ਦੇਖ ਕੇ ਮੇਰੇ ਵਰਗੇ ਕਈ ਹੋਰ ਲੋਕ ਬੁਰਾਈ ਦਾ ਰਸਤਾ ਛੱਡ ਕੇ ਸੱਚਾਈ ਅਤੇ ਰੱਬ ਦੇ ਰਾਹ ਤੁਰ ਪੈਂਣਗੇ!

ਹੇ ਖ਼ੁਦਾ!

ਮੈਂ ਇੱਕ ਵਾਰ ਫਿਰ ਆਪਣੀ ਸੱਚਾਈ ਦਾ ਸਬੂਤ ਪੇਸ਼ ਕਰਨ ਲਈ ਜਾ ਰਿਹਾ ਹਾਂ।

ਅਗਰ ਤੁਹਾਨੂੰ ਲੱਗੇ ਕਿ ਮੈਂ ਗਲਤ ਹਾਂ ਤਾਂ ਮੈਨੂੰ ਬਿਲਕੁੱਲ ਵੀ ਨਾ ਬਚਾਉਣਾ!”

ਬਜ਼ੁਰਗ ਬਾਬਾ, ਤੇਜਾ ਸਰਪੰਚ ਅਤੇ ਉਹਨਾ ਦੇ ਨਾਲ ਆਏ ਲੋਕਾਂ ਨੇ ਸਿਰਜੂ ਦੇ ਸ਼ਬਦ ਸੁਣੇ ਅਤੇ ਇੱਕ-ਦੂਜੇ ਵੱਲ ਦੇਖ ਕੇ ਮਜ਼ਾਕੀਆ ਲਹਿਜੇ ਵਿੱਚ ਮੁਸਕਰਾ ਪਏ।ਸਿਰਜੂ ਨੇ ਉਹਨਾ ਲੋਕਾਂ ਵੱਲ ਕੋਈ ਧਿਆਨ ਨਾ ਦਿੱਤਾ।ਬੈਗ ਘਰ ਦੇ ਅੰਦਰ ਰੱਖਿਆ ਅਤੇ ਰੱਬ ਦਾ ਨਾਮ ਲੈ ਕੇ ਭਿਖੂ ਦੇ ਘਰ ਵੱਲ ਚਲਾ ਗਿਆ।

ਪਲੇਗ ਦੀ ਮਹਾਮਾਰੀ ਬਾਰੇ ਦੁਨੀਆਂ ਦੇ ਵਿਚਾਰ ਇਹ ਸਨ ਕਿ:

“ਜਦੋਂ ਧਰਤੀ ਉੱਤੇ ਪਾਪਾਂ ਦਾ ਬੋਝ ਵੱਧ ਜਾਂਦਾ ਹੈ ਤਾਂ ਕੁਦਰਤ ਮਹਾਂਮਾਰੀ ਦੇ ਰੂਪ ਵਿੱਚ ਧਰਤੀ ਤੋਂ ਕੁੱਝ ਬੋਝ ਹਲਕਾ ਕਰ ਦਿੰਦੀ ਹੈ।”

ਇਸ ਲਈ ਜੋ ਲੋਕ ਪਲੇਗ ਤੋਂ ਬਚੇ ਸਨ ਉਹ ਸਾਰੇ ਦੇ ਸਾਰੇ ਇਸ ਖੁਸ਼ਫ਼ਹਿਮੀ ਦਾ ਸ਼ਿਕਾਰ ਹੋ ਗਏ ਕਿ: “ਅਸੀਂ ਬਹੁਤ ਚੰਗੇ ਲੋਕ ਹਾਂ।ਚੰਗੇ ਕਰਮਾਂ ਦੇ ਸਦਕੇ ਹੀ ਸਾਡੀ ਜਾਨ ਬਚੀ ਹੈ।”

ਲੋਕ ਮੂਰਖ਼ ਸਨ ਜੋ ਜਾਨ ਬਚਣ ਤੇ ਘੁਮੰਡ ਕਰ ਰਹੇ ਸਨ। ਜੇ ਲੋਕਾਂ ਦੀ ਸੋਚ ਸੱਚ ਵੀ ਹੁੰਦੀ ਤਾਂ ਅਜੇ ਕਿਹੜਾ ਉਹਨਾ ਲੋਕਾਂ ਲਈ ਸਮਾਂ ਰੁੱਕ ਗਿਆ ਸੀ ਜਾਂ ਉਹ ਲੋਕ ਕਾਲ ਤੋਂ ਮੁਕਤ ਹੋ ਗਏ ਸਨ। ਘੱਟੋ-ਘੱਟ ਉਹ ਇਹ ਗੱਲ ਹੀ ਸੋਚ ਲੈਂਦੇ ਕੇ ਜੇ ਅਸੀਂ ਬਚ ਹੀ ਗਏ ਹਾਂ ਤਾਂ ਰੱਬ ਦੇ ਰਾਹ ਉੱਤੇ ਹੀ ਤੁਰ ਪਈਏ। ਦੂਜੇ ਲੋਕਾਂ ਨੂੰ ਤੰਗ ਕਰਨਾ ਬੰਦ ਕਰ ਦਈਏ।

ਸ਼ਾਇਦ ਇਸੇ ਲਈ ਕਿਹਾ ਜਾਂਦਾ ਹੈ ਕਿ:

"ਇਨਸਾਨ ਦਾ ਕੋਈ ਪਤਾ ਨਹੀਂ ਕਿ ਇਸਦਾ ਦਿਮਾਗ ਕਿਹੜੇ ਵੇਲੇ ਘੁੰਮ ਜਾਵੇ ਅਤੇ ਅਪਣੇ-ਆਪ ਨੂੰ ਰੱਬ ਸਮਝਣ ਲੱਗ ਜਾਵੇ।

ਜਿਵੇਂ ਇਸ ਸਮੇਂ ਬਜ਼ੁਰਗ ਬਾਬਾ ਅਤੇ ਬਾਕੀ ਲੋਕ ਸਿਰਜੂ ਦੀ ਪ੍ਰੀਖਿਆ ਲੈਣ ਲਈ ਉਸ ਦੇ ਰੱਬ ਬਣੇ ਹੋਏ ਸਨ। ਸਮੇਂ ਅਤੇ ਰੱਬ ਵਾਂਗ ਖਲੋ ਕੇ ਉਹ ਸਿਰਜੂ ਦੀ ਜਿੱਤ-ਹਾਰ ਤੈਅ ਕਰਨ ਵਿੱਚ ਲੱਗੇ ਹੋਏ ਸਨ।"

ਲ਼ੋਕ ਸਿਰਜੂ ਦਾ ਪਿੱਛਾ ਕਰ ਰਹੇ ਸਨ। ਉਹ ਦੇਖਣਾ ਚਾਹੁੰਦੇ ਸਨ ਕਿ ਸਿਰਜੂ ਭਿਖੂ ਦੇ ਘਰ ਅੰਦਰ ਜਾਵੇਗਾ ਵੀ ਜਾਂ ਵੈਸੇ ਹੀ ਵਾਪਿਸ ਆ ਕੇ ਕੋਈ ਝੂਠੀ ਕਹਾਣੀ ਸੁਣਾ ਦੇਵੇਗਾ।

ਸਿਰਜੂ ਤਾਂ ਵੈਸੇ ਹੀ ਬੁਰਾਈ ਤੋਂ ਤੌਬਾ ਕਰ ਚੁੱਕਿਆ ਸੀ। ਇਸ ਲਈ ਉਹ ਰੱਬ ਦਾ ਨਾਮ ਲੈ ਕੇ ਭਿਖੂ ਦੇ ਘਰ ਅੰਦਰ ਚਲਾ ਗਿਆ। ਭਿਖੂ ਦੀ ਲਾਸ਼ ਘਰ ਦੇ ਵਹਿੜੇ ਵਿੱਚ ਪਾਣੀ ਦੇ ਨਲ ਕੋਲ ਪਈ ਸੀ। ਲਾਸ਼ ਦੀ ਹਾਲਤ ਦੇਖ ਕੇ ਹੀ ਪਤਾ ਚੱਲ ਰਿਹਾ ਸੀ ਕਿ ਅਖੀਰਲੇ ਸਮੇਂ ਵਿੱਚ ਭਿਖੂ ਪਾਣੀ ਦੀ ਪਿਆਸ ਨਾਲ ਤੜਪ ਕੇ ਮਰਿਆ ਹੈ।

ਸਿਰਜੂ ਨੇ ਕਮਰੇ ਵਿੱਚੋਂ ਇੱਕ ਚਾਦਰ ਚੁੱਕ ਕੇ ਉਸਦੀ ਲਾਸ਼ ਉੱਤੇ ਪਾ ਦਿੱਤੀ।ਭਿਖੂ ਦੇ ਘਰੋਂ ਨਿੱਕਲ ਕੇ ਸਿਰਜੂ ਦੂਜੇ ਘਰ ਦੇ ਅੰਦਰ ਚਲਾ ਗਿਆ।ਉਹ ਘਰ ਸੀ ਪੂਰਨ ਦਾ।ਪੂਰਨ ਮੰਜੇ ਉੱਤੇ ਪਿਆ ਬੁਖ਼ਾਰ ਨਾਲ ਤੜਪ ਰਿਹਾ ਸੀ।ਸਿਰਜੂ ਨੇ ਗਲਾਸ ਚੁੱਕਿਆ ਅਤੇ ਪਾਣੀ ਭਰ ਕੇ ਪੂਰਨ ਨੂੰ ਪੀਣ ਲਈ ਦਿੱਤਾ।ਪਾਣੀ ਪੀਣ ਤੋਂ ਬਾਅਦ ਪੂਰਨ ਬੋਲਣ ਜੋਗਾ ਹੋ ਗਿਆ।

ਪੂਰਨ ਨੇ ਸਿਰਜੂ ਨੂੰ ਕਿਹਾ: "ਸਿਰਜੂ ਮੈਨੂੰ ਮਾਫ਼ ਕਰਦੇ।ਲੱਗਦਾ ਹੈ ਬਾਬੇ ਦੀ ਗੱਲ ਵਿੱਚ ਉਲਝ ਕੇ ਅਸੀਂ ਪਾਪ ਕੀਤਾ ਹੈ।ਆਪਣੀ ਜਾਨ ਜ਼ੋਖਮ ਵਿੱਚ ਪਾ ਕੇ ਤੂੰ ਇਸ ਪਿੰਡ ਦੀ ਤਲਾਸ਼ ਕੀਤੀ ਸੀ।ਸਰਪੰਚ ਅਤੇ ਬਾਬੇ ਦੇ ਡਰ ਕਾਰਨ ਅਸੀਂ ਤੈਨੂੰ ਪੁਰਾਣੇ ਪਿੰਡ ਵਿੱਚ ਬੰਨ ਕੇ ਮਰਨ ਲਈ ਛੱਡ ਆਏ।ਲੱਗਦਾ ਹੈ ਇਸ ਪਿੰਡ ਨੂੰ ਉਹ ਜੁਲਮ ਮਾਰ ਗਿਆ।ਆਹ ਦੇਖ ਮੈਂ ਤੇਰੇ ਅੱਗੇ ਹੱਥ ਜੋੜਦਾ ਹਾਂ।ਮੈਨੂੰ ਮਾਫ਼ ਕਰਦੇ ਮੇਰੇ ਦੋਸਤ।"

ਸਿਰਜੂ ਨੇ ਪੂਰਨ ਦੇ ਹੱਥ ਫੜ੍ਹ ਲਏ ਅਤੇ ਜਵਾਬ ਦਿੱਤਾ: "ਮਾਫ਼ੀ ਕਿਸ ਗੱਲ ਦੀ! ਮੈਨੂੰ ਤਾਂ ਕਿਸੇ ਨਾਲ ਕੋਈ ਸ਼ਿਕਵਾ-ਸ਼ਕਾਇਤ ਹੀ ਨਹੀਂ ਹੈ।**ਇਨਸਾਨ ਚੰਗਾ ਜਾ ਮਾੜਾ ਜੋ ਵੀ ਕੰਮ ਕਰਦਾ ਹੈ ਸਿਰਫ਼ ਆਪਣੇ ਲਈ ਕਰਦਾ ਹੈ**।ਤੁਸੀਂ ਵੀ ਜੋ ਕੀਤਾ ਉਹ ਆਪਣੇ ਲਈ ਕੀਤਾ।ਮਾਫ਼ੀ ਜਾਂ ਸਜਾ ਦੇਣ ਵਾਲਾ ਮੈਂ ਕੌਣ ਹੁੰਦਾ ਹਾਂ।ਇਹ ਤਾਂ ਓਸ ਰੱਬ ਦਾ ਕੰਮ ਹੈ ਅਤੇ ਉਹ ਹੀ ਇਹ ਕੰਮ ਬੇਹਤਰ ਤਰੀਕੇ ਨਾਲ ਕਰ ਸਕਦਾ ਹੈ।ਮੇਰੇ ਕੋਲੋਂ ਮਾਫ਼ੀ ਮੰਗਣ ਦੀ ਤੈਨੂੰ ਕੋਈ ਜਰੂਰਤ ਨਹੀਂ।"

ਸਿਰਜੂ ਨੇ ਪੂਰਨ ਨੂੰ ਅੱਗੇ ਕਿਹਾ:

"ਜੇ ਤੇਰਾ ਦਿਲ ਗਲਤੀ ਦੀ ਗਵਾਹੀ ਦਿੰਦਾ ਹੈ ਤਾਂ ਉਸ ਰੱਬ ਕੋਲੋਂ ਮਾਫ਼ੀ ਮੰਗ ਜਿਸਨੇ ਤੈਨੂੰ **ਦੋ ਵਾਰ ਇਨਸਾਨ ਬਣਨ ਦਾ ਮੌਕਾ ਦਿੱਤਾ।ਪਹਿਲਾ ਮੌਕਾ ਇਨਸਾਨੀ ਰੂਪ ਵਿੱਚ ਜਨਮ ਦੇ ਕੇ ਅਤੇ ਦੂਜਾ ਮੌਕਾ ਪਲੇਗ ਵਿੱਚੋਂ ਬਚਾ ਕੇ**।ਤੀਸਰਾ ਮੌਕਾ ਮਿਲੇਗਾ ਜਾਂ ਨਹੀਂ ਇਹ ਤਾਂ ਰੱਬ ਹੀ ਬੇਹਤਰ ਜਾਣਦਾ ਹੈ।ਮੈਨੂੰ ਤਾਂ ਸਿਰਫ਼ ਇਹ ਦੱਸ ਕਿ ਇਸ ਸਮੇਂ ਮੈਂ ਤੇਰੇ ਲਈ ਕੀ ਕਰ ਸਕਦਾ ਹਾਂ?"

ਪੂਰਨ ਨੇ ਸਿਰਜੂ ਨੂੰ ਜਵਾਬ ਦਿੱਤਾ: "ਮੈਨੂੰ ਕਿੰਨੇ ਹੀ ਦਿਨਾਂ ਤੋਂ ਬੁਖ਼ਾਰ ਸੀ।ਮੈਂ ਨੇੜਲੇ ਸ਼ਹਿਰ ਤੋਂ ਦਵਾਈ ਲੈ ਕੇ ਆਇਆ ਸਾਂ।ਦਵਾਈ ਨਾਲ ਬੁਖਾਰ ਠੀਕ ਵੀ ਹੋ ਰਿਹਾ ਸੀ।ਪੰਗਾ ਇਹ ਪਿਆ ਕਿ ਉਹ ਦਵਾਈ ਸਿਰਫ਼ ਦੁੱਧ ਨਾਲ ਹੀ ਲਈ ਜਾ ਸਕਦੀ ਸੀ।ਭਿਖੂ ਦੀ ਬਿਮਾਰੀ ਦਾ ਸੁਣ ਕੇ ਮੈਂ ਡਰ ਗਿਆ ਅਤੇ ਘਰੋਂ ਬਾਹਰ ਹੀ ਨਹੀਂ ਨਿੱਕਲਿਆ।ਜੇ ਹੋ ਸਕਦਾ ਹੈ ਤਾਂ ਇੱਕ ਵਾਰ ਉਹ ਦਵਾਈ ਖਵਾ ਦੇ ਤਾਂ ਜੋ ਮੈਂ ਜਿਆਦਾ ਤਕਲੀਫ਼ ਵਿੱਚ ਨਾ ਮਰਾਂ।ਉਸ ਦਵਾਈ ਨਾਲ ਮੇਰੇ ਸ਼ਰੀਰ ਦੀ ਦਰਦ ਬੰਦ ਹੋ ਗਈ ਸੀ।"

ਸਿਰਜੂ ਨੇ ਪੂਰਨ ਦੀ ਇਸ ਗੱਲ ਦਾ ਜਵਾਬ ਦਿੰਦੇ ਹੋਏ ਕਿਹਾ: "ਪੂਰਨਾ! ਤੈਨੂੰ ਕੀ ਲੱਗਦਾ ਹੈ, ਆਪਣੇ ਪਿੰਡ ਵਿੱਚ ਅਜਿਹਾ ਕੌਣ ਹੈ ਜੋ ਇਸ ਸਮੇਂ ਤੇਰੀ ਦਵਾਈ ਲਈ ਮੈਨੂੰ ਦੁੱਧ ਦੇ ਦੇਵੇ! ਲੋਕੀਂ ਤਾਂ ਇਹਨਾ ਘਰਾਂ ਵੱਲ ਮੂੰਹ ਨਹੀਂ ਕਰ ਰਹੇ।ਬਾਬੇ ਅਤੇ ਲੋਕਾਂ ਨੇ ਅੱਜ ਵੀ ਮੈਨੂੰ ਪ੍ਰੀਖਿਆ ਲਈ ਭੇਜਿਆ ਹੈ।ਖ਼ੈਰ ਮੈਨੂੰ ਹੁਣ ਜ਼ਿੰਦਗੀ ਅਤੇ ਮੌਤ ਬਾਰੇ ਸੋਚ ਕੇ ਜਿਆਦਾ ਫ਼ਰਕ ਨਹੀਂ ਪੈਂਦਾ।ਇਹ ਦੱਸ ਕਿ ਤੇਰੀ ਗਾਂ ਦੁੱਧ ਦਿੰਦੀ ਹੈ ਜਾਂ ਨਹੀਂ!"

ਪੂਰਨ ਨੇ ਜਵਾਬ ਦਿੱਤਾ: "ਗਾਈਂ ਦੁੱਧ ਦਿੰਦੀ ਤਾਂ ਹੈ, ਪਰਸੋਂ ਚੋਇਆ ਸੀ ਦੁੱਧ।"

ਪੂਰਨ ਦੀ ਗੱਲ ਸੁਣ ਕੇ ਸਿਰਜੂ ਨੇ ਬਾਲਟੀ ਚੁੱਕੀ ਅਤੇ ਵਾੜੇ ਵੱਲ ਚਲਾ ਗਿਆ।ਬਾਬੇ ਅਤੇ ਸਰਪੰਚ ਨੇ ਸਿਰਜੂ ਨੂੰ ਪੂਰਨ ਦੇ ਵਾੜੇ ਵੱਲ ਜਾਂਦੇ ਹੋਏ ਦੇਖ ਲਿਆ ਸੀ।ਦੋਵੇਂ ਹੈਰਾਨ ਹੋ ਗਏ।ਸਿਰਜੂ ਵੱਲ ਦੇਖ ਕੇ ਤਾਂ ਲੱਗਦਾ ਸੀ ਜਿਵੇਂ ਪਲੇਗ ਕੋਈ ਬਿਮਾਰੀ ਹੀ ਨਹੀਂ ਹੁੰਦੀ, ਹਾਲਾਂਕਿ ਸਵੇਰ ਤੋਂ ਲੈ ਕੇ ਹੁਣ ਤੱਕ ਚਾਰ ਲੋਕ ਪਲੇਗ ਨਾਲ ਮਰ ਚੁੱਕੇ ਸਨ ਅਤੇ ਚਾਰ-ਪੰਜ ਹੋਰ ਲੋਕ ਪਲੇਗ ਦੀ ਚਪੇਟ ਵਿੱਚ ਸਨ।ਬਾਬਾ ਅਤੇ ਸਰਪੰਚ ਤਾਂ ਖੁਦ ਪਿੰਡ ਛੱਡਣ ਦੀ ਤਿਆਰੀ ਕਰ ਰਹੇ ਸਨ।

ਸਿਰਜੂ ਨੂੰ ਆਰਾਮ ਨਾਲ ਘੁੰਮਦਾ ਦੇਖ ਕੇ ਸਰਪੰਚ ਅਤੇ ਬਾਬੇ ਨੂੰ ਸਮਝ ਨਹੀਂ ਸੀ ਲੱਗ ਰਹੀ ਕਿ ਆਖ਼ਿਰ ਮਾਜਰਾ ਹੈ ਕੀ! ਪੂਰਨ ਅਤੇ ਭਿਖੂ ਦੇ ਘਰ ਜਾ ਕੇ ਵੀ ਸਿਰਜੂ ਠੀਕ-ਠਾਕ ਹੀ ਘੁੰਮ ਰਿਹਾ ਸੀ।ਲੋਕੀਂ ਵੀ ਡਰ ਨਾਲ ਘਰਾਂ ਤੋਂ ਬਾਹਰ ਹੀ ਖੜ੍ਹੇ ਸਨ।ਉਹਨਾ ਲੋਕਾਂ ਨੂੰ ਐਨੀ ਸਮਝ ਹੀ ਨਹੀਂ ਸੀ ਕਿ ਉਹਨਾ ਦੇ ਬਾਹਰ ਖੜ੍ਹੇ ਹੋਣ ਨਾਲ ਕਿਹੜਾ ਪਲੇਗ ਨੇ ਡਰ ਕੇ ਭੱਜ ਜਾਣਾ ਹੈ।

ਜਿਸ ਤਰ੍ਹਾਂ ਲੋਕ ਘਰਾਂ ਤੋਂ ਬਾਹਰ ਨਿੱਕਲ ਕੇ ਬਾਬੇ ਦੇ ਕੋਲ ਖੜ੍ਹੇ ਸਨ ਉਸ ਗੱਲ ਤੋਂ ਇੱਕ ਗੱਲ ਤਾਂ ਸਾਫ਼ ਜ਼ਾਹਿਰ ਹੋ ਰਹੀ ਸੀ:

ਜਦੋਂ ਇਨਸਾਨ ਦੇ ਦਿਲ ਅਤੇ ਦਿਮਾਗ ਉੱਤੇ ਕਿਸੇ ਕਿਸਮ ਦਾ ਡਰ ਭਾਰੂ ਹੋ ਜਾਵੇ ਫਿਰ ਇਨਸਾਨ ਦੀ ਸੋਚਣ-ਸ਼ਕਤੀ ਖ਼ਤਮ ਹੋ ਜਾਂਦੀ ਹੈ।

ਸਭ-ਕੁੱਝ ਜਾਣਦਾ ਬੁੱਝਦਾ ਹੋਇਆ ਵੀ ਉਹ ਅਣਜਾਨ ਬਣਨ ਦੀ ਕੋਸ਼ਿਸ਼ ਕਰਦਾ ਹੈ।

ਪਿੰਡ ਦੇ ਲੋਕਾਂ ਉੱਤੇ ਵੀ ਇਹ ਗੱਲ ਸਹੀ ਸਾਬਤ ਹੋ ਰਹੀ ਸੀ।ਸਾਰੇ ਲੋਕਾਂ ਨੂੰ ਸੱਚਾਈ ਪਤਾ ਸੀ।ਉਹ ਜਾਣਦੇ ਸਨ ਕਿ ਸਹੀ ਕੌਣ ਹੈ ਅਤੇ ਗਲਤ ਕੌਣ ਹੈ ਪਰ ਫਿਰ ਵੀ ਉਹ ਲੋਕ ਬਾਬੇ ਦੀ ਤਾਕਤ ਤੋਂ ਡਰ ਕੇ ਚੁੱਪ-ਚਾਪ ਉਸਦੇ ਨਾਲ ਖੜ੍ਹੇ ਸਨ।

ਪਿੰਡ ਦੇ ਲੋਕ ਸੋਚ ਰਹੇ ਸਨ: "ਸਾਨੂੰ ਸਹੀ ਜਾਂ ਗਲਤ ਵਿੱਚ ਪੈਣਾ ਹੀ ਨਹੀਂ ਚਾਹੀਦਾ। ਅਸੀਂ ਕੀ ਕਰਨਾ ਹੈ ਦੂਜਿਆਂ ਦੀ ਗੱਲ ਵਿੱਚ ਦਖ਼ਲ ਦੇਕੇ।ਚੁੱਪ ਕਰਕੇ ਬਾਬੇ ਕੋਲ ਖੜ੍ਹੇ ਰਹਿੰਦੇ ਹਾਂ ਹੋ ਸਕਦਾ ਹੈ ਬਾਬਾ ਜੀ ਸਾਨੂੰ ਆਪਣੀ ਤਾਕਤ ਦੇ ਜੋਰ ਉੱਤੇ ਪਲੇਗ ਤੋਂ ਬਚਾ ਹੀ ਲੈਣ।"

ਉਹਨਾ ਬੇਵਕੂਫ਼ ਲੋਕਾਂ ਨੇ ਇਹ ਨਹੀਂ ਸੋਚਿਆ ਕਿ ਜਦੋਂ ਸਿਰਜੂ ਅਤੇ ਬਾਕੀ ਲੋਕ ਜੰਗਲ ਦੇ ਨੇੜੇ ਰਹਿ ਰਹੇ ਸਨ ਓਸ ਸਮੇਂ ਕਿਹੜਾ ਬਾਬੇ ਨੇ ਬਚਾਇਆ ਸੀ ਉਹਨਾ ਨੂੰ। ਸਹੀ ਕਿਹਾ ਹੈ ਕਿਸੇ ਨੇ:

"ਮਾੜੇ ਸਮੇਂ ਵਿੱਚ ਕੋਈ ਵਿਰਲਾ ਇਨਸਾਨ ਹੀ ਹੁੰਦਾ ਹੈ ਜਿਹੜਾ ਸਹੀ ਅਤੇ ਗਲਤ ਵਿੱਚੋਂ ਕਿਸੇ ਇੱਕ ਨੂੰ ਚੁਣਨ ਦੀ ਹਿੰਮਤ ਰੱਖਦਾ ਹੋਵੇ ਵਰਨਾ ਤਾਂ ਸਾਰੇ ਚੱਲਦੀ ਗੱਡੀ ਵਿੱਚ ਸਵਾਰ ਹੋਣਾ ਪਸੰਦ ਕਰਦੇ ਹਨ।ਚਾਹੇ ਫਿਰ ਉਸ ਗੱਡੀ ਦਾ ਐਕਸੀਡੈਂਟ ਹੀ ਕਿਉਂ ਨਾ ਹੋ ਜਾਵੇ।"

ਲੋਕਾਂ ਦੀਆਂ ਸੋਚਾਂ ਤੋਂ ਬੇਖ਼ਬਰ ਸਿਰਜੂ ਡੰਗਰਾਂ ਵਾਲੇ ਬਾੜੇ ਵਿੱਚ ਜਾ ਕੇ ਪੂਰਨ ਦੀ ਗਾਂ ਦਾ ਦੁੱਧ ਕੱਢ ਰਿਹਾ ਸੀ।ਦੁੱਧ ਕੱਢਣ ਤੋਂ ਬਾਅਦ ਸਿਰਜੂ ਨੇ ਗਾਂ ਨੂੰ ਤੂੜੀ ਵਾਲੇ ਵਰਾਂਡੇ ਅੱਗੇ ਬੰਨ ਦਿੱਤਾ।ਉਸਨੇ ਸੋਚਿਆ: "ਜੇ ਕੋਈ ਮੁੜ ਕੇ ਇਸ ਬਾੜੇ ਵਿੱਚ ਨਾ ਆਇਆ ਤਾਂ ਗਾਈਂ ਘੱਟੋ-ਘੱਟ ਤੂੜੀ ਹੀ ਖਾ ਲਵੇਗੀ।"

ਸਿਰਜੂ ਨੇ ਨਲਕੇ ਵਿੱਚੋਂ ਪਾਣੀ ਕੱਢ ਕੇ ਇੱਕ ਟੱਬ ਭਰਿਆ ਅਤੇ ਉਹ ਟੱਬ ਗਾਈਂ ਦੇ ਕੋਲ ਰੱਖ ਦਿੱਤਾ।ਸਿਰਜੂ ਨੇ ਗਾਈਂ ਦੇ ਅੱਠ-ਦਸ ਦਿਨਾਂ ਦੇ ਲੰਘਣ ਦਾ ਪੂਰਾ ਇੰਤਜਾਮ ਕਰ ਦਿੱਤਾ ਸੀ।ਗਾਂ ਦਾ ਦੁੱਧ ਲੈ ਕੇ ਸਿਰਜੂ ਬਾੜੇ ਤੋਂ ਬਾਹਰ ਨਿੱਕਲ ਕੇ ਪੂਰਨ ਦੇ ਘਰ ਵੱਲ ਤੁਰ ਪਿਆ।ਲੋਕ ਅਜੇ ਵੀ ਆਪਣੇ ਘਰਾਂ ਤੋਂ ਬਾਹਰ ਉਸ ਵੱਲ ਹੀ ਤੱਕ ਰਹੇ ਸਨ।

ਸਿਰਜੂ ਨੇ ਬਾਬੇ ਨੂੰ ਕਿਹਾ: "ਬਾਬਾ ਜੀ! ਤੁਸੀਂ ਫ਼ਿਕਰ ਨਾ ਕਰੋ।ਮੈਂ ਬੇਈਮਾਨੀ ਨਹੀਂ ਕਰਦਾ।ਜਿੰਨੇ ਵੀ ਘਰਾਂ ਵਿੱਚ ਪਲੇਗ ਪਈ ਹੈ।ਉਹਨਾ ਸਾਰੇ ਘਰਾਂ ਵਿੱਚ ਮੈਂ ਜਰੂਰ ਜਾਵਾਂਗਾ।ਘਰਾਂ ਵਿੱਚ ਗੇੜਾ ਲਾਉਣ ਤੋਂ ਬਾਅਦ ਜੇ ਜਾਨ ਬਚੀ ਰਹੀ ਫਿਰ ਤੁਹਾਡੇ ਕੋਲ ਆ ਕੇ ਗੱਲ ਕਰਾਂਗਾ।"

ਸਿਰਜੂ ਦੁੱਧ ਲੈ ਕੇ ਪੂਰਨ ਦੇ ਘਰ ਚਲਾ ਗਿਆ।ਉਸਨੇ ਦੁੱਧ ਨੂੰ ਉਬਾਲਾ ਦੇ ਕੇ ਠੰਡਾ ਕੀਤਾ ਅਤੇ ਦੁੱਧ ਦਾ ਗਿਲਾਸ ਭਰ ਕੇ ਪੂਰਨ ਦੇ ਕੋਲ ਲੈ ਗਿਆ।ਸਿਰਜੂ ਨੇ ਪੂਰਨ ਨੂੰ ਕਿਹਾ: "ਲੈ ਬਈ ਦੋਸਤਾ! ਆਹ ਪਿਆ ਏ ਦੁੱਧ ਅਤੇ ਆਹ ਪਈ ਏ ਦਵਾਈ! ਤੂੰ ਹੁਣ ਜਲਦੀ ਨਾਲ ਦਵਾਈ ਖਾ ਲੈ।ਦੁੱਧ ਉਬਾਲ ਕੇ ਰੱਖ ਦਿੱਤਾ ਏ।ਵੈਸੇ ਚਾਹ ਪੀਣ ਨੂੰ ਤਾਂ ਮੇਰਾ ਵੀ ਦਿਲ ਕਰਦਾ ਏ।ਜੇ ਤੂੰ ਕਹੇਂ ਤਾਂ ਮੈਂ ਵੀ ਥੋੜ੍ਹੇ-ਜਿਹੇ ਦੁੱਧ ਦੀ ਚਾਹ ਬਣਾ ਲਵਾਂ ਆਪਣੇ ਲਈ?"

ਪੂਰਨ ਨੇ ਸਿਰਜੂ ਨੂੰ ਜਵਾਬ ਦਿੱਤਾ: "ਬਾਈ ਮਾਫ਼ ਕਰਦੇ! ਇਹ ਗੱਲ ਕਹਿਕੇ ਮੈਨੂੰ ਸ਼ਰਮਿੰਦਾ ਕਿਉਂ ਕਰ ਰਿਹਾ ਏਂ?"

ਸਿਰਜੂ ਨੇ ਕੋਈ ਜਵਾਬ ਨਾ ਦਿੱਤਾ ਅਤੇ ਮੁਸਕਰਾ ਕੇ ਆਪਣੇ ਲਈ ਚਾਹ ਬਣਾਉਣ ਲੱਗਾ। ਪੂਰਨ ਨੇ ਵੀ ਦੁੱਧ ਨਾਲ ਦਵਾਈ ਖਾ ਲਈ।ਸਿਰਜੂ ਨੇ ਚਾਹ ਬਣਾਈ ਅਤੇ ਪੂਰਨ ਤੋਂ ਥੋੜ੍ਹੀ-ਜਿਹੀ ਦੂਰੀ ਉੱਤੇ ਬੈਠ ਕੇ ਚਾਹ ਪੀ ਲਈ।ਪੂਰਨ ਦਵਾਈ ਖਾਣ ਤੋਂ ਬਾਅਦ ਹੁਣ ਪਹਿਲਾਂ ਨਾਲੋਂ ਬੇਹਤਰ ਮਹਿਸੂਸ ਕਰ ਰਿਹਾ ਸੀ।

ਸਿਰਜੂ ਨੇ ਚਾਹ ਪੀਣ ਤੋਂ ਬਾਅਦ ਪੂਰਨ ਨੂੰ ਕਿਹਾ: "ਲੈ ਬਈ ਦੋਸਤਾ! ਹੁਣ ਮੈਂ ਚੱਲਦਾ ਹਾਂ।ਹੋਰ ਘਰਾਂ ਵਿੱਚ ਵੀ ਗੇੜਾ ਮਾਰਨਾ ਬਾਕੀ ਏ।ਬਾਬਾ ਅਤੇ ਤੇਜਾ ਸਰਪੰਚ ਖੜ੍ਹੇ-ਖੜ੍ਹੇ ਥੱਕ ਗਏ ਹੋਣਗੇ।ਚਾਰ-ਪੰਜ ਘਰ ਹੋਰ ਵੀ ਨੇ ਜਿਹਨਾ ਵਿੱਚ ਪਲੇਗ ਨੇ ਦਸਤਕ ਦਿੱਤੀ ਏ।ਮੇਰੀ ਮੰਨੇ ਤਾਂ ਔਖਾ-ਸੌਖਾ ਉੱਠ ਕੇ ਇੱਕ ਵਾਰ ਦੁੱਧ ਹੋਰ ਪੀ ਲਵੀਂ।ਜੇ ਕਹੇਂ ਤਾਂ ਦੁੱਧ ਤੇਰੇ ਕੋਲ ਹੀ ਰੱਖ ਜਾਂਦਾ ਹਾਂ।ਦੋ ਖਰਾਕਾਂ ਦਵਾਈ ਦੀਆਂ ਵੀ ਪਈਆਂ ਨੇ।ਖਾ ਲਵੀਂ।"

ਸਿਰਜੂ ਨੇ ਪੂਰਨ ਦੇ ਘਰੋਂ ਬਾਹਰ ਨਿੱਕਲਣ ਤੋਂ ਪਹਿਲਾਂ ਕਿਹਾ: "ਵੈਸੇ ਮੈਨੂੰ ਨਹੀਂ ਲੱਗਦਾਂ ਕਿ ਤੈਨੂੰ ਪਲੇਗ ਨੇ ਆਪਣੀ ਚਪੇਟ ਵਿੱਚ ਲੈ ਲਿਆ ਹੈ।ਐਂਵੇਂ ਕਿਤੇ ਡਰ ਨਾਲ ਹੀ ਨਾ ਮਰ ਜਾਵੀਂ।"

ਸਿਰਜੂ ਦੀ ਗੱਲ ਸੁਣ ਕੇ ਪੂਰਨ ਖੁਸ਼ ਹੋ ਗਿਆ ਅਤੇ ਕਹਿਣ ਲੱਗਾ: "ਸੱਚਮੁੱਚ ਸਿਰਜੂ! ਤੈਨੂੰ ਯਕੀਨ ਹੈ ਕਿ ਮੈਂ ਠੀਕ ਹੋ ਜਾਵਾਂਗਾ।"

ਸਿਰਜੂ ਨੇ ਪੂਰਨ ਨੂੰ ਜਵਾਬ ਦਿੱਤਾ: "ਦੋਸਤਾ ਮੈਨੂੰ ਨਹੀਂ ਲੱਗਦਾ ਕਿ ਤੈਨੂੰ ਪਲੇਗ ਹੈ।ਪਲੇਗ ਹੁੰਦੀ ਫਿਰ ਤੈਨੂੰ ਕਿਸੇ ਵੀ ਦਵਾਈ ਨੇ ਅਸਰ ਨਹੀਂ ਸੀ ਕਰਨਾ ਪਰ ਤੇਰੇ ਉੱਤੇ ਦਵਾਈ ਦਾ ਅਸਰ ਸਾਫ਼ ਦਿਖਾਈ ਦੇ ਰਿਹਾ ਏ।ਇਸ ਲਈ ਹੌਂਸਲਾ ਨਾ ਛੱਡ।ਰੱਬ ਦਾ ਨਾਮ ਲੈ ਅਤੇ ਹਿੰਮਤ ਰੱਖ।ਦਵਾਈ ਜਰੂਰ ਖਾ ਲਵੀਂ।ਹੁਣ ਮੈਂ ਚੱਲਦਾ ਹਾਂ।"

ਸਿਰਜੂ ਇਹ ਗੱਲ ਕਹਿਕੇ ਪੂਰਨ ਦੇ ਘਰੋਂ ਬਾਹਰ ਆ ਗਿਆ।ਹੁਣ ਸਿਰਜੂ ਨੇ ਉਸ ਘਰ ਜਾਣਾ ਸੀ ਜਿਸ ਵਿੱਚ ਦੁਪਿਹਰ ਦੇ ਸਮੇਂ ਇੱਕ ਬੰਦੇ ਦੀ ਮੌਤ ਹੋਈ ਸੀ ਅਤੇ ਦੂਜਾ ਅਜੇ ਤੜਫ਼ ਰਿਹਾ ਸੀ।ਉਸ ਘਰ ਵਿੱਚੋਂ ਰੋਣ ਦੀਆਂ ਆਵਾਜ਼ਾਂ ਸਾਫ਼ ਸੁਣਾਈ ਦੇ ਰਹੀਆਂ ਸਨ।

ਸਿਰਜੂ ਪੂਰਨ ਦੇ ਘਰੋਂ ਨਿੱਕਲ ਕੇ ਦੂਸਰੇ ਘਰ ਵੱਲ ਜਾ ਰਿਹਾ ਸੀ। ਤੇਜੇ ਸਰਪੰਚ ਨੇ ਉਸ ਵੱਲ ਧਿਆਨ ਨਾਲ ਦੇਖਿਆ।ਸਿਰਜੂ ਨੂੰ ਬੇਖੌਫ਼ ਦੇਖ ਕੇ ਤੇਜੇ ਸਰਪੰਚ ਦਾ ਦਿਲ ਡਰ ਨਾਲ ਬੇਚੈਨ ਹੋ ਰਿਹਾ ਸੀ।ਇਸੇ ਬੇਚੈਨੀ ਵਿੱਚ ਤੇਜੇ ਸਰਪੰਚ ਨੇ ਬਾਬੇ ਨੂੰ ਕਿਹਾ: "ਬਾਬਾ ਜੀ! ਸਿਰਜੂ ਤਾਂ ਹੁਣ ਵੀ ਤੰਦਰੁਸਤ ਅਤੇ ਬੇਖ਼ੌਫ਼ ਨਜਰ ਆ ਰਿਹਾ ਏ।ਮੈਨੂੰ ਨਹੀਂ ਲੱਗਦਾ ਕਿ ਪਲੇਗ ਇਸ ਨੂੰ ਆਪਣੀ ਚਪੇਟ ਵਿੱਚ ਲੈ ਲਵੇਗੀ।ਤੁਸੀਂ ਕੁੱਝ ਕਰੋ।ਮਾਰੋ ਕੋਈ ਮੰਤਰ! ਜੇ ਸਿਰਜੂ ਬਚ ਗਿਆ ਤਾਂ ਫਿਰ ਮੇਰਾ ਕੀ ਬਣੇਗਾ।ਜਿਸ ਸੋਨੇ ਦਾ ਇਲਜਾਮ ਸਿਰਜੂ ਸਿਰ ਹੈ ਉਸ ਸੋਨੇ ਵਿੱਚੋਂ ਅੱਧਾ ਸੋਨਾ ਮੈਂ ਤੁਹਾਨੂੰ ਦੇ ਚੁੱਕਾ ਹਾਂ।ਹਰ ਸਾਲ ਪੈਸੇ ਨਾਲ ਵੀ ਤੁਹਾਡੀ ਮੱਦਦ ਕਰਦਾ ਹੀ ਰਹਿੰਦਾ ਹਾਂ ਇਸ ਲਈ ਕੁੱਝ ਕਰੋ।"

ਤੇਜੇ ਸਰਪੰਚ ਦੀ ਗੱਲ ਸੁਣ ਕੇ ਬਾਬੇ ਨੇ ਜਵਾਬ ਵਿੱਚ ਕਿਹਾ: "ਸਰਪੰਚਾਂ! ਸੋਨਾ ਜਾਂ ਪੈਸੇ ਦੇ ਕੇ ਕੋਈ ਅਹਿਸਾਨ ਨਹੀਂ ਕੀਤਾ ਮੇਰੇ ਉੱਤੇ।ਮੇਰੇ ਕੋਲੋਂ ਜਿੰਨੇ ਕੰਮ ਤੂੰ ਕਰਵਾ ਚੁੱਕਾ ਏਂ ਓਸ ਹਿਸਾਬ ਨਾਲ ਤਾਂ ਸੋਨਾ ਅਤੇ ਪੈਸੇ ਬਹੁਤ ਘੱਟ ਹਨ।ਹਿਸਾਬ-ਕਿਤਾਬ ਸੋਚ-ਸਮਝ ਕੇ ਕਰੀਂ।ਜਿਸ ਸ਼ੌਹਰਤ ਨੂੰ ਲੈ ਕੇ ਤੂੰ ਘੁੰਮ ਰਿਹਾ ਏਂ ਨਾ, ਉਹ ਸ਼ੌਹਰਤ ਮੇਰੀ ਹੀ ਬਦੌਲਤ ਹੈ।ਲੋਕਾਂ ਵਿੱਚ ਜੋ ਤੇਰਾ ਡਰ ਫ਼ੈਲਿਆ ਹੈ ਨਾ ਉਹ ਡਰ ਵੀ ਮੇਰੀ ਬਦੌਲਤ ਹੀ ਹੈ।ਇਸ ਲਈ ਮੈਨੂੰ ਨਾ ਦੱਸ ਕਿ ਮੈਂ ਕਿਸ ਸਮੇਂ ਕੀ ਕੰਮ ਕਰਨਾ ਹੈ।

ਬਜ਼ੁਰਗ ਬਾਬੇ ਨੇ ਬਹੁਤ ਗੁੱਸੇ ਵਿੱਚ ਸਰਪੰਚ ਨੂੰ ਕਿਹਾ: "ਚੁੱਪ ਕਰਕੇ ਖੜ੍ਹਾ ਰਹਿ।ਅਗਲਾ ਕਦਮ ਕੀ ਹੋਵੇਗਾ,ਉਹ ਸਿਰਜੂ ਦੀ ਹਾਲਤ ਦੇਖ ਕੇ ਤਹਿ ਕੀਤਾ ਜਾਵੇਗਾ।ਇਸ ਵੇਲੇ ਲੋਕਾਂ ਸਾਹਮਣੇ ਜਿਆਦਾ ਗੁਫ਼ਤਗੂ ਕਰਨ ਦੀ ਕੋਈ ਜਰੂਰਤ ਨਹੀਂ।"

ਤੇਜਾ ਸਰਪੰਚ ਚੁੱਪ ਤਾਂ ਕਰ ਗਿਆ ਪਰ ਉਸਨੂੰ ਬਾਬੇ ਉੱਤੇ ਬਹੁਤ ਗੁੱਸਾ ਆਇਆ।ਉਹ ਦਿਲ ਵਿੱਚ ਕਹਿ ਰਿਹਾ ਸੀ: "ਕੋਈ ਨਾ ਬਾਬਾ! ਹਿਸਾਬ-ਕਿਤਾਬ ਤਾਂ ਜਰੂਰ ਕਰਾਂਗਾ।ਜਰਾ ਸਾਹ ਲੈ।ਇਹ ਸਮਾਂ ਲੰਘ ਜਾਵੇ ਫਿਰ ਦੱਸਦਾ ਹਾਂ ਤੈਨੂੰ ਕਿ ਤੇਜਾ ਕਿਸ ਬਲਾ ਦਾ ਨਾਮ ਹੈ।ਤੂੰ ਤਾਂ ਰੰਗ ਬਦਲਣ ਵਿੱਚ ਗਿਰਗਿਟ ਨੂੰ ਵੀ ਪਿੱਛੇ ਛੱਡ ਦਿੱਤਾ।"

ਸਿਰਜੂ ਜਿਸ ਘਰ ਦੇ ਅੰਦਰ ਗਿਆ ਸੀ ਉਹ ਘਰ ਸੀ ਦੁੱਲੇ ਦਾ।ਘਰ ਵਿੱਚ ਦੋ ਭਰਾ ਰਹਿੰਦੇ ਸਨ।ਇੱਕ ਦੀ ਲਾਸ਼ ਵਰਾਂਡੇ ਵਿੱਚ ਪਈ ਸੀ ਅਤੇ ਦੂਜਾ ਭਰਾ ਦਰਦ ਨਾਲ ਤੜਪ ਰਿਹਾ ਸੀ।ਉਹਨਾਂ ਦਾ ਸਾਰਾ ਪਰਿਵਾਰ ਪੁਰਾਣੇ ਪਿੰਡ ਵਿੱਚ ਪਹਿਲਾਂ ਹੀ ਖ਼ਤਮ ਹੋ ਚੁੱਕਾ ਸੀ।ਮਰਨ ਵਾਲਾ ਤੇਗਾ ਸੀ।ਦੁੱਲਾ ਤੜਫ਼ ਰਿਹਾ ਸੀ।

ਦੁੱਲੇ ਨੇ ਸਿਰਜੂ ਵੱਲ ਦੇਖਿਆ ਅਤੇ ਹੱਥ ਜੋੜ ਕੇ ਕਹਿਣ ਲੱਗਾ: "ਸਿਰਜੂ ਮੈਨੂੰ ਬਚਾ ਲੈ! ਮੈਂ ਮਰਨਾ ਨਹੀਂ ਚਾਹੁਦਾ! ਤੇਰੇ ਨਾਲ ਵਾਅਦਾ ਕਰਦਾ ਹਾਂ! ਜੇ ਮੈਂ ਬਚ ਗਿਆ

ਤਾਂ ਤੈਨੂੰ ਆਪਣੇ ਘਰ ਵਿੱਚ ਪਨਾਹ ਦੇਵਾਂਗਾ। ਤੇਰੇ ਲਈ ਮੈਂ ਤੇਜੇ ਸਰਪੰਚ ਨਾਲ ਵੀ ਭਿੜ ਜਾਵਾਂਗਾ। ਤੈਨੂੰ ਰੱਬ ਦਾ ਵਾਸਤਾ ਈ! ਮੈਨੂੰ ਬਚਾ ਲੈ ਸਿਰਜੂ।"

ਸਿਰਜੂ ਨੇ ਦੁੱਲੇ ਨੂੰ ਜਵਾਬ ਦਿੱਤਾ: "ਦੁੱਲਿਆ! ਜ਼ਿੰਦਗੀ ਜਾਂ ਮੌਤ, ਇਹ ਫ਼ੈਸਲਾ ਤਾਂ ਰੱਬ ਨੇ ਕਰਨਾ ਹੈ। ਮੈਨੂੰ ਤਾਂ ਸਿਰਫ਼ ਇਹ ਦੱਸ ਕਿ ਅਜਿਹਾ ਮੈਂ ਕੀ ਕਰਾਂ ਜਿਸ ਨਾਲ ਤੇਰੀ ਰੂਹ ਪੁਰਸਕੂਨ ਹੋ ਜਾਵੇ ਕਿਉਂਕਿ ਇਸ ਸਮੇਂ ਤੇਰੇ ਦਿਲ ਦਾ ਪੁਰਸਕੂਨ ਹੋਣਾ ਬਹੁਤ ਜਰੂਰੀ ਹੈ। ਤੂੰ ਆਪਣੇ-ਆਪ ਨੂੰ ਰੱਬ ਦੇ ਸਪੁਰਦ ਕਰਦੇ। ਇਹ ਹੀ ਤੇਰੇ ਵਾਸਤੇ ਸਹੀ ਹੈ।"

ਦੁੱਲੇ ਨੇ ਸਿਰਜੂ ਦੇ ਅੱਗੇ ਬੇਨਤੀ ਕਰਦੇ ਹੋਏ ਕਿਹਾ: "ਤੂੰ ਜਾ ਕੇ ਬਾਬਾ ਜੀ ਨੂੰ ਬੁਲਾ ਲਿਆ। ਉਹ ਬਹੁਤ ਹੀ ਕਰਾਮਾਤੀ ਹਨ। ਬਾਬਾ ਜੀ ਮੈਨੂੰ ਜਰੂਰ ਬਚਾ ਲੈਣਗੇ। ਇਸ ਵੇਲੇ ਹੋਰ ਕੋਈ ਨਹੀਂ ਹੈ ਜੋ ਮੇਰੀ ਮੱਦਦ ਕਰ ਸਕੇ। ਓਹ ਸਾਹਮਣੇ ਟਰੰਕ ਵਿੱਚ ਪੈਸੇ ਰੱਖੇ ਹਨ। ਬਾਬਾ ਜੀ ਨੂੰ ਕਹਿਣਾ ਕਿ ਉਹ ਸਾਰੇ ਪੈਸੇ ਲੈ ਲਵੇ ਅਤੇ ਮੇਰੀ ਜ਼ਿੰਦਗੀ ਬਚਾ ਲਵੇ।"

ਸਿਰਜੂ ਨੇ ਦੁੱਲੇ ਨੂੰ ਜਵਾਬ ਦਿੱਤਾ: "ਜੇ ਬਾਬੇ ਨੇ ਤੁਹਾਨੂੰ ਬਚਾਉਣਾ ਹੁੰਦਾ ਫਿਰ ਕਹਿਣ ਦੀ ਲੋੜ ਨਹੀਂ ਸੀ ਪੈਣੀ। ਉਸ ਨੇ ਕਹਿਣ ਤੋਂ ਪਹਿਲਾਂ ਹੀ ਸਾਰਿਆਂ ਨੂੰ ਬਚਾ ਲੈਣਾ ਸੀ। ਮੈਨੂੰ ਨੀ ਲੱਗਦਾ ਕਿ ਬਾਬੇ ਕੋਲ ਕੋਈ ਰੱਬੀ ਸ਼ਕਤੀ ਹੈ। ਰੱਬ ਦੇ ਰਾਹ ਉੱਤੇ ਤੁਰਨ ਵਾਲੇ ਲੋਕ ਇਸ ਬਾਬੇ ਵਰਗੇ ਤਾਂ ਬਿੱਲਕੁੱਲ ਨਹੀਂ ਹੋ ਸਕਦੇ। ਰੱਬ-ਰੱਬ ਕਰ ਦੁੱਲਿਆ! ਜਿੰਦਗੀ ਦੀ ਡੋਰੀ ਸਿਰਫ਼ ਰੱਬ ਦੇ ਹੱਥ ਹੈ। ਤੇਰਾ ਸ਼ਰੀਰ ਨੀਲਾ ਪੈ ਰਿਹਾ ਹੈ। ਕੋਈ ਅਖ਼ਿਰੀ ਇੱਛਾ ਹੈ ਤਾਂ ਦੱਸ ਦੇ। ਮੈਂ ਤੇਰੀ ਇੱਛਾ ਪੂਰੀ ਕਰ ਦੇਵਾਂਗਾ।"

ਦੁੱਲੇ ਨੇ ਰੋਂਦੇ ਹੋਏ ਜਵਾਬ ਦਿੱਤਾ: "ਇਹ ਗੱਲ ਨਾਂ ਕਹਿ ਸਿਰਜੂ! ਬਾਬਾ ਜੀ ਕੋਲ ਬਹੁਤ ਸ਼ਕਤੀ ਹੈ। ਮੈਂ ਖ਼ੁਦ ਗਵਾਹ ਹਾਂ। ਉਹਨਾ ਨੇ ਬਹੁਤ ਲੋਕਾਂ ਨੂੰ ਮੌਤ ਦੇ ਮੂੰਹ ਵਿੱਚੋਂ

ਬਾਹਰ ਕੱਢਿਆ ਹੈ।ਬਾਬਾ ਜੀ ਮੌਤ ਤੋਂ ਬਚਾਉਣ ਦੀ ਸ਼ਕਤੀ ਰੱਖਦੇ ਹਨ ਅਤੇ............"

ਬਾਕੀ ਸ਼ਬਦ ਦੁੱਲੇ ਦੇ ਮੂੰਹ ਵਿੱਚ ਹੀ ਰਹਿ ਗਏ।ਉਸਦੇ ਪ੍ਰਾਣ-ਪੰਖ਼ੇਰੂ ਉੱਡ ਗਏ ਸਨ।ਸਿਰਜੂ ਨੇ ਦੋ ਮਿੰਟ ਖੜ੍ਹ ਕੇ ਦੁੱਲੇ ਦੇ ਚਿਹਰੇ ਵੱਲ ਦੇਖਿਆ।ਫਿਰ ਕਮਰੇ ਵਿੱਚ ਰੱਖੀ ਹੋਈ ਪੇਟੀ ਦੇ ਕੋਲੋਂ ਦੋ ਚਾਦਰਾਂ ਚੁੱਕ ਕੇ ਵਾਪਿਸ ਆ ਗਿਆ।ਚਾਦਰਾਂ ਨਾਲ ਸਿਰਜੂ ਨੇ ਦੋਵੇਂ ਭਰਾਵਾਂ ਦੀਆ ਲਾਸ਼ਾ ਨੂੰ ਢੱਕ ਦਿੱਤਾ।ਰੱਬ ਅੱਗੇ ਉਹਨਾ ਲਈ ਦੁਆ ਕੀਤੀ ਅਤੇ ਦੁੱਲੇ ਦੇ ਘਰੋਂ ਬਾਹਰ ਨਿੱਕਲ ਆਇਆ।ਗਲੀ ਵਿੱਚ ਤੇਜਾ ਸਰਪੰਚ,ਬਾਬਾ ਅਤੇ ਹੋਰ ਲੋਕ ਅਜੇ ਵੀ ਖਲੋਤੇ ਸਨ।

ਦੁੱਲੇ ਦੇ ਘਰੋਂ ਬਾਹਰ ਨਿੱਕਲ ਕੇ ਸਿਰਜੂ ਕੁੱਝ ਦੇਰ ਲਈ ਖਲੋ ਗਿਆ।ਉਸ ਨੇ ਦੂਰੋਂ ਹੀ ਉੱਚੀ ਆਵਾਜ ਵਿੱਚ ਉਸ ਬਜ਼ੁਰਗ ਨੂੰ ਪੁੱਛਿਆ: "ਬਾਬਾ ਜੀ! ਜੇ ਕਹੋਂ ਤਾਂ ਮੈਂ ਕੁੱਝ ਦੇਰ ਆਰਾਮ ਕਰ ਲਵਾਂ।ਮੈਨੂੰ ਥੋੜ੍ਹੀ-ਜਿਹੀ ਥਕਾਵਟ ਮਹਿਸੂਸ ਹੋ ਰਹੀ ਹੈ।ਰਾਤ ਵੀ ਗਹਿਰਾ ਰਹੀ ਹੈ।ਬਾਕੀ ਘਰਾਂ ਵਿੱਚ ਮੈਂ ਫਿਰ ਜਾ ਆਵਾਂਗਾ।"

ਬਾਬਾ ਸ਼ਾਤਿਰ ਦਿਮਾਗ ਸੀ।ਉਸਨੇ ਸੋਚਿਆ ਕਿ ਸਿਰਜੂ ਨੇ ਆਪਣੇ ਘਰ ਵਿੱਚ ਜਰੂਰ ਪਲੇਗ ਤੋਂ ਬਚਣ ਲਈ ਕੋਈ ਦਵਾਈ ਰੱਖੀ ਹੋਵੇਗੀ।ਇਸੇ ਲਈ ਇਹ ਪਲੇਗ ਵਾਲੇ ਘਰਾਂ ਵਿੱਚ ਜਾਣ ਤੋਂ ਨਹੀਂ ਡਰਦਾ।ਜਿਸ ਇਨਸਾਨ ਨੇ ਸਿਰਜੂ ਨੂੰ ਪਲੇਗ ਤੋਂ ਬਚਾਇਆ ਹੋਵੇਗਾ ਹੋ ਸਕਦਾ ਹੈ ਕਿ ਉਸ ਇਨਸਾਨ ਕੋਲ਼ ਪਲੇਗ ਤੋਂ ਬਚਣ ਲਈ ਕੋਈ ਫਾਰਮੂਲਾ ਹੋਵੇ।

ਇਹ ਗੱਲ ਸੋਚ ਕੇ ਬਾਬੇ ਨੇ ਸਿਰਜੂ ਨੂੰ ਜਵਾਬ ਦਿੱਤਾ: "ਬਿਲਕੁੱਲ ਨਹੀਂ! ਅਸੀਂ ਵੀ ਸਾਰੇ ਦਿਨ ਦੇ ਇੱਥੇ ਹੀ ਖੜ੍ਹੇ ਹਾਂ।ਅਸੀਂ ਵੀ ਬਹੁਤ ਥੱਕੇ ਹੋਏ ਹਾਂ।ਸਾਡਾ ਵੀ ਦਿਲ ਕਰਦਾ ਹੈ ਕਿ ਦੋ ਘੜੀਆਂ ਘਰ ਵਿੱਚ ਆਰਾਮ ਕਰ ਲਈਏ।ਪਿੰਡ ਦੇ ਸਾਰੇ ਲੋਕ ਘਰਾਂ ਤੋਂ ਬਾਹਰ ਖਲੋਤੇ ਹਨ ਸਿਰਫ਼ ਇਸ ਲਈ ਕਿ ਤੈਨੂੰ ਸੱਚਾਈ ਸਾਬਤ

ਕਰਨ ਦਾ ਮੌਕਾ ਮਿਲ ਜਾਵੇ। ਇਸ ਲਈ ਜਲਦੀ ਦੂਜੇ ਘਰ ਵਿੱਚ ਜਾ।ਤੈਨੂੰ ਡਰਨ ਦੀ ਕੀ ਲੋੜ ਏ! ਤੈਨੂੰ ਤਾਂ ਰੱਬ ਦੋ ਵਾਰ ਪਲੇਗ ਤੋਂ ਬਚਾ ਚੁੱਕਾ ਏ।ਇਸ ਲਈ ਤੇਰੀ ਥਕਾਵਟ ਵੀ ਰੱਬ ਉਤਾਰ ਹੀ ਦੇਵੇਗਾ।"

ਬਾਬੇ ਦੀ ਗੱਲ ਸੁਣ ਕੇ ਸਿਰਜੂ ਨੇ ਜਵਾਬ ਦਿੱਤਾ: "ਗੱਲ ਤਾਂ ਤੁਹਾਡੀ ਵੀ ਠੀਕ ਹੈ ਬਾਬਾ ਜੀ।ਜੋ ਮੌਤ ਤੋਂ ਬਚਾ ਸਕਦਾ ਹੈ ਉਹ ਥਕਾਵਟ ਵੀ ਲਾਹ ਹੀ ਦੇਵੇਗਾ।ਤੁਹਾਡੀ ਹੁਕਮ ਅਦੂਲੀ ਮੈਂ ਕਰਨਾ ਨਹੀਂ ਚਾਹੁੰਦਾ ਇਸ ਲਈ ਠੀਕ ਹੈ ਫਿਰ ਮੈਂ ਚੱਲਦਾ ਹਾਂ।"

ਇਹ ਗੱਲ ਕਹਿਣ ਤੋਂ ਬਾਅਦ ਸਿਰਜੂ ਗਲੀ ਵਿੱਚ ਮੁੜ ਗਿਆ ਕਿਉਂਕਿ ਪਲੇਗ ਵਾਲਾ ਅਗਲਾ ਘਰ ਓਸੇ ਗਲੀ ਵਿੱਚ ਸੀ।ਜਦੋਂ ਸਿਰਜੂ ਅੱਖੋਂ ਉਹਲੇ ਹੋ ਗਿਆ ਤਾਂ ਬਾਬੇ ਦੇ ਦਿਲ ਵਿੱਚ ਲਾਲਚ ਜਾਗ ਗਿਆ।ਉਸਨੇ ਸੋਚਿਆ: "ਸਿਰਜੂ ਦੇ ਘਰ ਜਾ ਕੇ ਉਸਦੇ ਬੈਗ ਦੀ ਤਲਾਸ਼ੀ ਲੈਣੀ ਚਾਹੀਦੀ ਹੈ।ਉਸਦੇ ਬੈਗ ਵਿੱਚ ਕੋਈ-ਨਾ-ਕੋਈ ਚੀਜ ਜਰੂਰ ਹੋਵੇਗੀ।"

ਬਾਬੇ ਨੇ ਲਾਲਚ ਦੇ ਤਹਿਤ ਤੇਜੇ ਸਰਪੰਚ ਨੂੰ ਕਿਹਾ: "ਸਰਪੰਚਾ! ਮੈਨੂੰ ਤੇਰੀ ਗੱਲ ਸਹੀ ਲੱਗਦੀ ਹੈ।ਕੁੱਝ-ਨਾ-ਕੁੱਝ ਤਾਂ ਕਰਨਾ ਹੀ ਪੈਣਾ ਹੈ।ਇੰਜ ਨਹੀਂ ਮਰਨਾ ਸਿਰਜੂ ਨੇ।ਤੂੰ ਲੋਕਾਂ ਦੇ ਕੋਲ ਖਲੋ ਕੇ ਇਹਨਾ ਨੂੰ ਗੱਲਾਂ-ਬਾਤਾਂ ਵਿੱਚ ਉਲਝਾ ਮੈਂ ਸਿਰਜੂ ਦੇ ਘਰ ਅੰਦਰ ਮੰਤਰ ਫ਼ੂਕ ਕੇ ਹੁਣੇ ਹੀ ਆਉਂਦਾ ਹਾਂ।"

ਤੇਜਾ ਸਰਪੰਚ ਬਾਬਾ ਜੀ ਦੀ ਗੱਲ ਸੁਣ ਕੇ ਖੁਸ਼ ਹੋ ਗਿਆ।ਉਸ ਨੇ ਬਾਬਾ ਜੀ ਨੂੰ ਜਵਾਬ ਦਿੱਤਾ: "ਬਾਬਾ ਜੀ! ਤੁਸੀਂ ਫ਼ਿਕਰ ਹੀ ਨਾ ਕਰੋ।ਮੈਂ ਸਾਵਧਾਨੀ ਨਾਲ ਨਜਰ ਰੱਖਾਂਗਾ ਲੋਕਾਂ ਉੱਤੇ ਵੀ ਅਤੇ ਸਿਰਜੂ ਉੱਤੇ ਵੀ।"

ਬਾਬਾ ਸਿਰਜੂ ਦੇ ਘਰ ਅੰਦਰ ਚਲਾ ਗਿਆ। ਜਿਸ ਬੈਗ ਨੂੰ ਸਿਰਜੂ ਆਪਣੇ ਨਾਲ ਲੈ ਕੇ ਚੱਲਿਆ ਸੀ ਉਹ ਬੈਗ ਬਾਬੇ ਨੂੰ ਵਿਹੜੇ ਵਿੱਚ ਹੀ ਮਿਲ ਗਿਆ। ਹਨੇਰਾ ਜਿਆਦਾ ਗਹਿਰਾਉਣ ਕਾਰਨ ਬਾਬੇ ਨੇ ਰੌਸ਼ਨੀ ਲਈ ਬੱਲਬ ਜਗਾਇਆ ਅਤੇ ਬਹੁਤ ਹੀ ਸਾਵਧਾਨੀ ਨਾਲ ਬੈਗ ਦੀ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ। ਬੈਗ ਵਿੱਚ ਸਿਵਾਏ ਕੱਪੜਿਆਂ ਤੋਂ ਹੋਰ ਕੁੱਝ ਨਹੀਂ ਸੀ।

ਬਾਬਾ ਵਿਹੜੇ ਵਿੱਚ ਬੈਠ ਕੇ ਸੋਚਣ ਲੱਗਾ: "ਆਖ਼ਿਰ ਸਿਰਜੂ ਨੇ ਉਹ ਦਵਾਈ ਕਿੱਥੇ ਰੱਖੀ ਹੋਵੇਗੀ? ਕੁੱਝ-ਨਾ-ਕੁੱਝ ਤਾਂ ਜਰੂਰ ਹੈ ਸਿਰਜੂ ਕੋਲ।"

ਬਾਬਾ ਜੀ ਅਜੇ ਸੋਚਾਂ ਵਿੱਚ ਹੀ ਗੜੁੱਚ ਸਨ ਕਿ ਇੱਕ ਅੱਧ ਖਾਧਾ ਅਮਰੂਦ ਬਾਬੇ ਦੀ ਪਿੱਠ ਉੱਤੇ ਡਿੱਗ ਗਿਆ। ਬਜ਼ੁਰਗ ਬਾਬੇ ਨੇ ਤ੍ਰਭਕ ਕੇ ਆਲੇ-ਦੁਆਲੇ ਦੇਖਿਆ। ਅਮਰੂਦ ਦੇ ਦਰੱਖ਼ਤ ਉੱਤੇ ਬੱਲਬ ਦੀ ਰੌਸ਼ਨੀ ਪੈ ਰਹੀ ਸੀ। ਬਜ਼ੁਰਗ ਨੇ ਦੇਖਿਆ ਕਿ ਇੱਕ ਤੋਤਾ ਦਰੱਖ਼ਤ ਉੱਤੇ ਬੈਠਾ ਅਮਰੂਦਾਂ ਨੂੰ ਕੁਤਰ-ਕੁਤਰ ਕੇ ਸੁੱਟ ਰਿਹਾ ਸੀ। ਬਾਬੇ ਨੂੰ ਗੁੱਸਾ ਆ ਗਿਆ। ਉਸਨੇ ਅੱਧ ਖਾਧਾ ਅਮਰੂਦ ਚੁੱਕਿਆ ਅਤੇ ਤੋਤੇ ਵੱਲ ਜੋਰ ਨਾਲ ਮਾਰਿਆ। ਤੋਤਾ ਉੱਡ ਗਿਆ। ਹੁਣ ਬਾਬਾ ਕਮਰਿਆਂ ਦੀ ਤਲਾਸ਼ੀ ਲਈ ਉੱਠ ਖੜ੍ਹਾ ਹੋਇਆ। ਉਸ ਨੇ ਕਮਰਿਆਂ ਦੀਆਂ ਬੱਤੀਆਂ ਜਗਾਈਆਂ ਅਤੇ ਤਲਾਸ਼ੀ ਅਭਿਆਨ ਸ਼ੁਰੂ ਕਰ ਦਿੱਤਾ।

ਬਾਬੇ ਨੇ ਸਿਰਜੂ ਦੇ ਘਰ ਵਿੱਚੋਂ ਦਵਾਈ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਸਨੂੰ ਕਿਸੇ ਵੀ ਕਿਸਮ ਦੀ ਕੋਈ ਦਵਾਈ ਸਿਰਜੂ ਦੇ ਘਰੋਂ ਨਾ ਲੱਭੀ। ਵੈਸੇ ਵੀ ਸਿਰਜੂ ਕੋਲ ਰੱਬ ਦੇ ਨਾਮ ਅਤੇ ਸੱਚਾਈ ਤੋਂ ਇਲਾਵਾ ਹੋਰ ਕੁੱਝ ਨਹੀਂ ਸੀ, ਫਿਰ ਬਾਬੇ ਨੇ ਕੀ ਲੱਭ ਲੈਣਾ ਸੀ ਸਿਰਜੂ ਦੇ ਘਰ ਵਿੱਚੋਂ। ਬਾਬਾ ਨਿਰਾਸ਼ ਹੋ ਕੇ ਘਰੋਂ ਬਾਹਰ ਆ ਗਿਆ।

ਤੇਜਾ ਸਰਪੰਚ ਬਹੁਤ ਹੀ ਬੇਕਰਾਰੀ ਨਾਲ ਬਾਬਾ ਜੀ ਦਾ ਇੰਤਜ਼ਾਰ ਕਰ ਰਿਹਾ ਸੀ।ਸਿਰਜੂ ਗਲੀ ਵਾਲੇ ਘਰ ਵਿੱਚੋਂ ਨਿੱਕਲ ਕੇ ਦੂਸਰੇ ਘਰ ਅੰਦਰ ਪਹੁੰਚ ਚੁੱਕਾ ਸੀ।

ਬਾਬਾ ਹਤਾਸ਼ ਹੋ ਕੇ ਗਲੀ ਵਿੱਚ ਬੈਠ ਗਿਆ।ਤੇਜਾ ਸਰਪੰਚ ਅਤੇ ਹੋਰ ਲੋਕ ਵੀ ਬਾਬੇ ਨਾਲ ਗਲੀ ਵਿੱਚ ਹੀ ਬੈਠ ਗਏ।ਹੁਣ ਰਾਤ ਹੋ ਚੁੱਕੀ ਸੀ।ਫ਼ਿਜ਼ਾ ਵਿੱਚੋਂ ਸਿਰਫ਼ ਦੋ ਤਰ੍ਹਾਂ ਦੀਆਂ ਆਵਾਜ਼ਾਂ ਸੁਣਾਈ ਦੇ ਰਹੀਆਂ ਸਨ।ਇੱਕ ਪਲੇਗ ਨਾਲ ਪੀੜਤ ਲੋਕਾਂ ਦੇ ਰੋਣ ਦੀ ਆਵਾਜ਼ ਦੂਜਾ ਜੰਗਲ ਵਿੱਚੋਂ ਭੇੜੀਏ ਦੇ ਹੂਕਣ ਦੀ ਆਵਾਜ਼।

ਪਿੰਡ ਵਿੱਚ ਇਸ ਵੇਲੇ ਬਹੁਤ ਹੀ ਡਰਾਵਣਾ ਜਿਹਾ ਦ੍ਰਿਸ਼ ਦਿਖਾਈ ਦੇ ਰਿਹਾ ਸੀ।ਮੂੰਹ ਹਨੇਰੇ ਜਿਹੇ ਸਿਰਜੂ ਸਾਰੇ ਘਰਾਂ ਦਾ ਚੱਕਰ ਲਗਾ ਕੇ ਬਜ਼ੁਰਗ ਬਾਬੇ ਦੇ ਸਾਹਮਣੇ ਆ ਕੇ ਖੜ੍ਹ ਗਿਆ।

ਸਿਰਜੂ ਨੇ ਬਾਬੇ ਨੂੰ ਕਿਹਾ: "ਪਲੇਗ ਵਾਲੇ ਸਾਰੇ ਘਰਾਂ ਦਾ ਚੱਕਰ ਮੈਂ ਲਗਾ ਚੁੱਕਾ ਹਾਂ।ਹੁਣ ਹੋਰ ਨਹੀਂ ਖੜ੍ਹ ਸਕਦਾ।ਜੇ ਇਜਾਜਤ ਹੋਵੇ ਤਾਂ ਕੀ ਮੈਂ ਤੁਹਾਡੇ ਕੋਲ ਦੋ-ਘੜੀਆਂ ਲਈ ਬੈਠ ਜਾਵਾਂ? ਜੇ ਨਹੀਂ ਤਾਂ ਫਿਰ ਮੈਂ ਆਪਣੇ ਘਰ ਦੇ ਅੰਦਰ ਜਾ ਕੇ ਬੈਠ ਜਾਂਦਾ ਹਾਂ।"

ਸਿਰਜੂ ਵੱਲ ਦੇਖ ਕੇ ਬਾਬਾ ਬੌਂਦਲ ਜਿਹਾ ਗਿਆ।ਉਸਨੇ ਸਖ਼ਤ ਲਹਿਜੇ ਵਿੱਚ ਸਿਰਜੂ ਨੂੰ ਕਿਹਾ: "ਸਿਰਜੂ ਮੁੱਦੇ ਦੀ ਗੱਲ ਉੱਤੇ ਆਜਾ।ਮੈਨੂੰ ਦੱਸ ਦੇ ਕਿ ਤੈਨੂੰ ਪਲੇਗ ਤੋਂ ਬਚਾਉਣ ਵਾਲਾ ਕੌਣ ਹੈ।ਪਲੇਗ ਤੋਂ ਬਚਣ ਲਈ ਤੈਨੂੰ ਖਾਣ ਵਾਸਤੇ ਕੀ ਦਿੱਤਾ ਹੈ? ਜਿੰਨੀ ਛੇਤੀ ਦੱਸ ਦੇਵੇਂਗਾ! ਤੇਰੇ ਵਾਸਤੇ ਓਨਾਂ ਹੀ ਚੰਗਾ ਹੋਵੇਗਾ।"

ਸਿਰਜੂ ਨੇ ਬਾਬੇ ਨੂੰ ਜਵਾਬ ਦਿੱਤਾ: “ਬਾਬਾ ਜੀ! ਜੋ ਸੱਚਾਈ ਸੀ ਉਹ ਮੈਂ ਤੁਹਾਨੂੰ ਪਹਿਲਾਂ ਹੀ ਦੱਸ ਚੁੱਕਾ ਹਾਂ।ਮੈਨੂੰ ਤਾਂ ਪੁਰਾਣੇ ਪਿੰਡ ਦੇ ਘਰ ਵਿੱਚੋਂ ਭੇੜੀਏ ਨੇ ਆਜ਼ਾਦ ਕਰਵਾਇਆ ਸੀ।ਜੇ ਨਹੀਂ ਯਕੀਨ ਕਰਨਾ ਨਾ ਕਰੋ। ਜੋ ਵੀ ਮੇਰੇ ਨਾਲ ਕਰਨਾ ਚਹੁੰਦੇ ਹੋ,ਜੀ ਸਦਕੇ ਕਰ ਲਵੋ।ਮੈਂ ਕੀ ਕਰ ਸਕਦਾ ਹਾਂ।ਦੁੱਖ ਇਸ ਗੱਲ ਦਾ ਹੈ ਕਿ ਜਦੋਂ ਮੈਂ ਮਾੜਾ ਸੀ ਉਸ ਸਮੇਂ ਲੋਕਾਂ ਨੇ ਮੇਰੇ ਉੱਤੇ ਯਕੀਨ ਕਰ ਲਿਆ।ਹੁਣ ਬੁਰਾਈ ਤੋਂ ਤੌਬਾ ਕਰ ਚੁੱਕਾ ਹਾਂ ਪਰ ਤੁਸੀਂ ਲੋਕ ਮੇਰੇ ਉੱਤੇ ਯਕੀਨ ਹੀ ਨਹੀਂ ਕਰਦੇ।”

ਸਿਰਜੂ ਨੇ ਹਤਾਸ਼ਾ ਵਿੱਚ ਬਾਬੇ ਨੂੰ ਕਿਹਾ: “ਹੁਣ ਤੁਸੀਂ ਹੀ ਦੱਸੋ ਬਾਬਾ ਜੀ! ਮੈਂ ਕਰਾਂ ਤਾਂ ਕੀ ਕਰਾਂ? ਤੁਹਾਡੇ ਹੁਕਮ ਦੀ ਪਾਲਣਾ ਲਈ ਮੈਂ ਸ਼ਾਮ ਤੋਂ ਪਲੇਗ ਵਾਲੇ ਘਰਾਂ ਵਿੱਚ ਘੁੰਮ ਰਿਹਾ ਹਾਂ।ਫਿਰ ਵੀ ਤੁਹਾਨੂੰ ਯਕੀਨ ਨਹੀਂ ਆਉਂਦਾ ਤਾਂ ਇਸ ਗੱਲ ਵਿੱਚ ਮੇਰਾ ਕੀ ਕਸੂਰ ਹੈ?”

ਬਾਬਾ ਜੀ ਨੇ ਸਿਰਜੂ ਦੀ ਕਿਸੇ ਵੀ ਗੱਲ ਦਾ ਕੋਈ ਜਵਾਬ ਨਾ ਦਿੱਤਾ।ਸਿਰਜੂ ਦੀ ਅਣਦੇਖੀ ਕਰਕੇ ਬਾਬੇ ਨੇ ਲੋਕਾਂ ਨੂੰ ਕਹਿਣਾ ਸ਼ੁਰੂ ਕੀਤਾ: “ਸਾਰੇ ਲੋਕ ਨੀਂਦ ਵਿੱਚੋਂ ਬਾਹਰ ਨਿੱਕਲੋ।ਆਪਸ ਵਿੱਚ ਸਲਾਹ ਕਰਨੀ ਹੈ ਕਿ ਹੁਣ ਸਿਰਜੂ ਦਾ ਕੀ ਕੀਤਾ ਜਾਵੇ?”

ਜੋ ਲੋਕ ਗਲੀ ਵਿੱਚ ਬੈਠੈ ਸਨ ਉਹਨਾਂ ਵਿੱਚੋਂ ਤਿੰਨ ਲੋਕਾਂ ਨੇ ਬਾਬਾ ਜੀ ਦੀ ਗੱਲ ਸੁਣ ਕੇ ਕੋਈ ਪ੍ਰਤੀਕਿਰਿਆ ਹੀ ਨਹੀਂ ਦਿੱਤੀ।ਜਦੋਂ ਦੂਜੇ ਲੋਕਾਂ ਨੇ ਹੱਥ ਲਗਾਇਆ ਤਾਂ ਉਹ ਲੋਕ ਜਾਗਣ ਦੀ ਬਜਾਏ ਧਰਤੀ ਉੱਤੇ ਡਿੱਗ ਗਏ।ਲੋਕਾਂ ਨੇ ਉਠਾਉਣ ਦੀ ਕੋਸ਼ਿਸ਼ ਕੀਤੀ ਤਾਂ ਪਤਾ ਲੱਗਾ ਕਿ ਉਹਨਾ ਨੂੰ ਬਹੁਤ ਤੇਜ ਬੁਖ਼ਾਰ ਹੈ।ਇਸ ਗੱਲ ਨਾਲ ਲੋਕਾਂ ਵਿੱਚ ਹੜਕੰਪ ਮੱਚ ਗਿਆ।ਲੋਕ ਧਰਤੀ ਉੱਤੇ ਡਿੱਗੇ ਹੋਏ ਲੋਕਾਂ ਕੋਲੋਂ ਦੂਰ ਭੱਜ ਗਏ।

ਬਾਬਾ ਜੀ ਵੀ ਉਹਨਾ ਕੋਲੋਂ ਦੂਰ ਹੋ ਕੇ ਖਲੋ ਗਏ। ਸਿਰਜੂ ਨੇ ਉਹਨਾ ਨੂੰ ਹੱਥ ਲਗਾ ਕੇ ਦੇਖਿਆ। ਲੋਕਾਂ ਦੇ ਸ਼ਰੀਰ ਕਾਫੀ ਗਰਮ ਸਨ। ਸਿਰਜੂ ਤਾਂ ਹੁਣੇ ਹੀ ਪਲੇਗ ਵਾਲੇ ਲੋਕਾਂ ਨੂੰ ਮਿਲ ਕੇ ਆਇਆ ਸੀ। ਉਸਨੂੰ ਪਤਾ ਚੱਲ ਗਿਆ ਕਿ ਇਹਨਾਂ ਲੋਕਾਂ ਨੂੰ ਪਲੇਗ ਨੇ ਆਪਣੀ ਚਪੇਟ ਵਿੱਚ ਲੈ ਲਿਆ ਹੈ। ਬਜ਼ੁਰਗ ਬਾਬਾ ਅਤੇ ਬਾਕੀ ਲੋਕ ਕਾਫੀ ਦੂਰ ਜਾ ਕੇ ਖੜ੍ਹ ਗਏ ਸਨ।

ਸਿਰਜੂ ਨੇ ਉੱਚੀ ਆਵਾਜ਼ ਵਿੱਚ ਕਿਹਾ: "ਬਾਬਾ ਜੀ! ਇਹਨਾ ਲੋਕਾਂ ਨੂੰ ਪਲੇਗ ਨੇ ਆਪਣੀ ਚਪੇਟ ਵਿੱਚ ਲੈ ਲਿਆ ਹੈ। ਤੁਸੀਂ ਸਾਰੇ ਲੋਕ ਇਹਨਾ ਦੇ ਨਾਲ ਹੀ ਬੈਠੇ ਰਹੇ ਹੋ। ਇਸ ਲਈ ਆਪਣੇ ਬਚਣ ਦਾ ਕੋਈ-ਨਾ-ਕੋਈ ਪ੍ਰਬੰਧ ਕਰ ਲਵੋ। ਮੇਰਾ ਫ਼ੈਸਲਾ ਬਾਅਦ ਵਿੱਚ ਕਰ ਲੈਣਾ। ਹੁਣ ਮੈਂ ਆਪਣੇ ਘਰ ਅੰਦਰ ਜਾ ਰਿਹਾ ਹਾਂ। ਰੱਬ ਰਾਖ਼ਾ!"

ਸਿਰਜੂ ਨੇ ਘਰ ਦੇ ਅੰਦਰ ਜਾਣ ਤੋਂ ਪਹਿਲਾਂ ਡਿੱਗੇ ਹੋਏ ਲੋਕਾਂ ਨੂੰ ਹਿਲਾਉਣ-ਡਲਾਉਣ ਦੀ ਕਾਫੀ ਕੋਸ਼ਿਸ਼ ਕੀਤੀ ਪਰ ਉਹਨਾ ਵਿੱਚੋਂ ਕਿਸੇ ਨੂੰ ਵੀ ਹੋਸ਼ ਨਾ ਆਈ। ਸਿਰਜੂ ਨੇ ਇੱਕ-ਇੱਕ ਕਰਕੇ ਤਿੰਨੇ ਲੋਕਾਂ ਨੂੰ ਉਹਨਾ ਦੇ ਘਰਾਂ ਵਿੱਚ ਪਹੁੰਚਾ ਦਿੱਤਾ ਤਾਂ ਜੋ ਅਗਰ ਉਹ ਲੋਕ ਹੋਸ਼ ਵਿੱਚ ਆਏ ਤਾਂ ਘਰਵਾਲਿਆਂ ਨਾਲ ਆਖ਼ਿਰੀ ਵਾਰ ਆਪਣੇ ਦਿਲ ਦੀ ਗੱਲ ਕਰ ਲੈਣ।

ਸਿਰਜੂ ਨੇ ਆਪਣਾ ਫ਼ਰਜ਼ ਅਦਾ ਕਰ ਦਿੱਤਾ ਪਰ ਉਹ ਇਹ ਗੱਲ ਚੰਗੀ ਤਰ੍ਹਾਂ ਜਾਣਦਾ ਸੀ ਕਿ ਹੁਣ ਉਹਨਾ ਦੇ ਘਰਵਾਲਿਆਂ ਨੇ ਨੇੜੇ ਵੀ ਨਹੀਂ ਆਉਣਾ। ਘਰਵਾਲਿਆਂ ਨੇ ਤਾਂ ਉਹਨਾ ਨੂੰ ਘਰ ਦੇ ਅੰਦਰ ਨਹੀਂ ਸੀ ਵੜਨ ਦਿੱਤਾ। ਸਿਰਜੂ ਉਹਨਾ ਦੇ ਸ਼ਰੀਰ ਘਰੋਂ ਬਾਹਰ ਹੀ ਰੱਖ ਕੇ ਆਇਆ ਸੀ।

ਲੋਕਾਂ ਤੋਂ ਵਹਿਲਾ ਹੋ ਕੇ ਸਿਰਜੂ ਆਪਣੇ ਘਰ ਚਲਾ ਗਿਆ। ਨਲਕੇ ਤੋਂ ਮੂੰਹ-ਹੱਥ ਧੋ ਕੇ ਜਦੋਂ ਉਹ ਕਮਰੇ ਅੰਦਰ ਵੜਨ ਲੱਗਾ ਤਾਂ ਸਾਹਮਣੇ ਮੰਜੇ ਉੱਤੇ ਤੋਤਾ ਬੈਠਾ

ਸੀ।ਸਿਰਜੂ ਉਸ ਵੱਲ ਦੇਖ ਕੇ ਖੁਸ਼ ਹੋ ਗਿਆ।ਤੋਤਾ ਇੱਕ ਵਾਰ ਫਿਰ ਬੌਣੇ ਦੇ ਰੂਪ ਵਿੱਚ ਬਦਲ ਗਿਆ।

ਬੌਣੇ ਨੇ ਸਿਰਜੂ ਨੂੰ ਕਿਹਾ: "ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਤੂੰ ਹੱਕ ਅਤੇ ਸੱਚ ਦੇ ਰਸਤੇ ਉੱਪਰ ਪੈਰ ਰੱਖਣ ਦਾ ਫ਼ੈਸਲਾ ਕੀਤਾ ਹੈ।ਇੱਕ ਗੱਲ ਨੂੰ ਹਮੇਸ਼ਾਂ ਧਿਆਨ ਵਿੱਚ ਰੱਖੀਂ।ਬਜ਼ੁਰਗ ਬਾਬੇ ਵਰਗੇ ਲੋਕ **ਚੰਗਿਆਈ ਨੂੰ ਹਮੇਸ਼ਾ ਸੱਚ ਦੀ ਪਰਖ਼ ਦਾ ਨਾਮ ਦੇ ਕੇ ਆਪਣਾ ਉੱਲੂ ਸਿੱਧਾ ਕਰਦੇ ਹਨ।ਇਹੋ-ਜਿਹੇ ਸਵਾਰਥੀ ਲੋਕਾਂ ਨੂੰ ਸੱਚਾਈ ਦਾ ਸਬੂਤ ਦੇਣ ਲਈ ਸਮਾਂ ਖ਼ਰਾਬ ਨਹੀਂ ਕਰਨਾ ਚਾਹੀਦਾ**।ਇਸ ਪਿੰਡ ਨੂੰ ਬਰਬਾਦ ਹੋਣ ਤੋਂ ਹੁਣ ਕੋਈ ਨਹੀਂ ਬਚਾ ਸਕਦਾ ਕਿਉਂਕਿ ਇਹ ਸਾਰੇ ਹੀ ਲੋਕ ਖ਼ੁਦਪਸੰਦ ਨੇ।"

ਬੌਣੇ ਨੇ ਸਿਰਜੂ ਨੂੰ ਕਿਹਾ: "ਹੁਣ ਚੱਲਦਾ ਹਾਂ।ਸਵੇਰੇ ਤੈਨੂੰ ਇੱਕ ਪਿੰਡ ਦਾ ਰਸਤਾ ਦਿਖਾਵਾਂਗਾ। ਉਸ ਪਿੰਡ ਵਿੱਚ ਜਾ ਕੇ ਤੂੰ ਪਨਾਹ ਲੈ ਲਵੀਂ।ਬਾਕੀ ਗੱਲ ਓਸੇ ਪਿੰਡ ਵਿੱਚ ਕਰਾਂਗਾ।"

ਇਹ ਗੱਲ ਕਹਿਣ ਤੋਂ ਬਾਅਦ ਬੌਣੇ ਨੇ ਤੋਤੇ ਦਾ ਰੂਪ ਲਿਆ ਅਤੇ ਘਰੋਂ ਬਾਹਰ ਉੱਡ ਗਿਆ।ਤੋਤੇ ਦੇ ਜਾਣ ਤੋਂ ਬਾਅਦ ਸਿਰਜੂ ਨੇ ਰੱਬ ਦਾ ਸ਼ੁਕਰੀਆ ਅਦਾ ਕੀਤਾ ਅਤੇ ਦੁਆ ਕੀਤੀ:

"ਹੇ ਰੱਬਾ!

ਮੈਨੂੰ ਹਿੰਮਤ ਅਤੇ ਸੁਮੱਤ ਬਖਸ਼ੀਂ।

ਹੇ ਵਾਹਿਗੁਰੂ!

ਮੈਂ ਕਿਸੇ ਵੀ ਮੁਸੀਬਤ ਵਿੱਚ ਸੱਚ ਅਤੇ ਹੱਕ ਦੇ ਰਸਤੇ ਤੋਂ ਦੂਰ ਨਾ ਹੋਵਾਂ।"

ਦੁਆ ਕਰਨ ਤੋਂ ਬਾਅਦ ਸਿਰਜੂ ਨੇ ਭੁੰਨੇ ਹੋਏ ਆਲੂ ਖਾਧੇ ਅਤੇ ਕੁੱਝ ਦੇਰ ਲਈ ਸੌਣ ਵਾਸਤੇ ਮੰਜੇ ਉੱਤੇ ਲੇਟ ਗਿਆ। ਉਸ ਨੂੰ ਸੁੱਤਿਆਂ ਅਜੇ ਥੋੜ੍ਹਾ ਹੀ ਸਮਾਂ ਬਿਤਿਆ ਸੀ ਕਿ ਗੇਟ ਖੜਕਣ ਦੀ ਆਵਾਜ਼ ਨਾਲ ਉਸਦੀ ਅੱਖ ਖੁੱਲ ਗਈ। ਸਿਰਜੂ ਨੇ ਉੱਠ ਕੇ ਗੇਟ ਖੋਲਿਆ। ਸਾਹਮਣੇ ਬਜ਼ੁਰਗ ਬਾਬਾ ਅਤੇ ਸਰਪੰਚ ਖੜ੍ਹੇ ਸਨ।

ਤੇਜੇ ਸਰਪੰਚ ਨੇ ਸਿਰਜੂ ਨੂੰ ਕਿਹਾ: "ਇਹ ਪਿੰਡ ਮੇਰਾ ਹੈ ਅਤੇ ਘਰ ਵੀ ਸਾਡੇ ਹੀ ਹਨ। ਅਸੀਂ ਇਸ ਘਰ ਵਿੱਚ ਰਹਿਣ ਲਈ ਆਏ ਹਾਂ। ਤੇਰਾ ਕੀ ਕਰਨਾ ਹੈ ਉਸ ਬਾਰੇ ਬਾਅਦ ਵਿੱਚ ਸੋਚਾਂਗੇ।"

ਸਿਰਜੂ ਨੇ ਮੁਸਕਰਾ ਕੇ ਸਰਪੰਚ ਨੂੰ ਜਵਾਬ ਦਿੱਤਾ: "ਤੁਸੀਂ ਠੀਕ ਕਹਿੰਦੇ ਹੋ। ਇਹ ਪਿੰਡ ਅਤੇ ਘਰ ਤੁਹਾਡੇ ਹੀ ਹਨ। ਇਹ ਸਾਰਾ-ਕੁੱਝ ਤੁਹਾਨੂੰ ਹੀ ਮੁਬਾਰਕ। ਸਵੇਰੇ ਸਵੱਖਤੇ ਹੀ ਮੈਂ ਇਸ ਪਿੰਡ ਨੂੰ ਛੱਡ ਕੇ ਜਾ ਰਿਹਾ ਹਾਂ।"

ਇਹ ਗੱਲ ਕਹਿਣ ਤੋਂ ਬਾਅਦ ਸਿਰਜੂ ਨੇ ਸਰਪੰਚ ਅਤੇ ਬਾਬੇ ਨੂੰ ਘਰ ਦੇ ਅੰਦਰ ਆਉਣ ਲਈ ਰਸਤਾ ਦੇ ਦਿੱਤਾ। ਸਰਪੰਚ ਅਤੇ ਬਾਬਾ ਘਰ ਦੇ ਅੰਦਰ ਆ ਗਏ। ਸਿਰਜੂ ਨੇ ਆਪਣੇ ਕੱਪੜਿਆਂ ਵਾਲਾ ਬੈਗ ਚੁੱਕਿਆ ਅਤੇ ਵਰਾਂਡੇ ਵਿੱਚ ਪਏ ਮੰਜੇ ਉੱਤੇ ਬੈਠ ਗਿਆ। ਉਸਨੇ ਤੇਜੇ ਸਰਪੰਚ ਨੂੰ ਕਿਹਾ: "ਜੇ ਇਜਾਜਤ ਦੇਵੋਂ ਤਾਂ ਦਿਨ ਚੜ੍ਹਣ ਤੱਕ ਇਸ ਮੰਜੇ ਉੱਤੇ ਬੈਠ ਜਾਵਾਂ। ਚਾਨਣ ਹੋਣ ਤੇ ਇੱਥੋਂ ਨਿੱਕਲ ਜਾਵਾਂਗਾ।"

ਸਰਪੰਚ ਦੀ ਬਜਾਏ ਬਾਬੇ ਨੇ ਸਿਰਜੂ ਨੂੰ ਜਵਾਬ ਦਿੱਤਾ: "ਜਦੋਂ ਤੱਕ ਮੈਨੂੰ ਤੇਰੀ ਸੱਚਾਈ ਉੱਤੇ ਯਕੀਨ ਨਹੀਂ ਆ ਜਾਂਦਾ ਉਸ ਸਮੇਂ ਤੱਕ ਤੂੰ ਕਿਤੇ ਨਹੀਂ ਜਾ ਸਕਦਾ। ਤੈਨੂੰ ਸਾਡੇ ਨਾਲ ਇਸੇ ਘਰ ਵਿੱਚ ਹੀ ਰਹਿਣਾ ਪਵੇਗਾ।"

ਸਿਰਜੂ ਨੇ ਬਾਬੇ ਨੂੰ ਜਵਾਬ ਦਿੱਤਾ: "ਬਾਬਾ ਜੀ! ਸਵੇਰੇ ਸਵੱਖ਼ਤੇ ਮੈਂ ਹਰ ਹਾਲਤ ਵਿੱਚ ਪਿੰਡੋਂ ਚਲਾ ਜਾਵਾਂਗਾ। ਤੁਸੀਂ ਮੇਰੀ ਸੱਚਾਈ ਉੱਤੇ ਯਕੀਨ ਕਰਦੇ ਹੋ ਜਾਂ ਨਹੀਂ ਕਰਦੇ, ਇਸ ਗੱਲ ਨਾਲ ਮੈਨੂੰ ਕੋਈ ਫ਼ਰਕ ਨਹੀਂ ਪੈਂਦਾ। ਮੈਂ ਜਾਣਦਾ ਹਾਂ ਕਿ ਤੁਸੀਂ ਮੈਨੂੰ ਆਪਣੇ ਨਾਲ ਘਰ ਵਿੱਚ ਸਿਰਫ਼ ਇਸ ਲਈ ਰੱਖਣਾ ਚਹੁੰਦੇ ਹੋ ਕਿਉਂਕਿ ਤੁਹਾਨੂੰ ਲੱਗਦਾ ਹੈ ਕਿ ਮੇਰੇ ਰਹਿਣ ਨਾਲ ਘਰ ਵਿੱਚ ਪਲੇਗ ਦਸਤਕ ਨਹੀਂ ਦੇਵੇਗੀ। ਬਾਬਾ ਜੀ! ਜੇ ਕੋਈ ਕਿਸੇ ਨੂੰ ਉਸਦੇ ਕੀਤੇ ਕਰਮਾਂ ਤੋਂ ਬਚਾ ਸਕਦਾ ਫਿਰ ਤਾਂ ਇਸ ਸ਼੍ਰੇਣੀ ਵਿੱਚ ਤੁਹਾਡਾ ਨੰਬਰ ਸਭ ਤੋਂ ਅੱਗੇ ਹੋਣਾ ਚਾਹੀਦਾ ਸੀ।"

ਸਿਰਜੂ ਨੇ ਬਜ਼ੁਰਗ ਨੂੰ ਕਿਹਾ: "ਲੋਕਾਂ ਵਿੱਚ ਤੁਸੀਂ ਇਸ ਗੱਲ ਦਾ ਦਾਅਵਾ ਕਰਦੇ ਹੋ ਕਿ ਤੁਹਾਡੇ ਕੋਲ ਹਰ ਮੁਸੀਬਤ ਦਾ ਹੱਲ ਹੈ। ਲੋਕਾਂ ਨੂੰ ਤਸੱਲੀ ਦਿੰਦੇ ਹੋ ਕਿ ਉਹਨਾ ਨੂੰ ਹਰ ਮੁਸੀਬਤ ਵਿੱਚੋਂ ਬਾਹਰ ਕੱਢ ਲਵੋਗੇ। ਲੋਕਾਂ ਕੋਲੋਂ ਪੈਸੇ ਇਸੇ ਗੱਲ ਨਾਲ ਬਟੋਰਦੇ ਹੋ ਕਿ ਉਹਨਾ ਨੂੰ ਜੰਨਤ ਵਿੱਚ ਭੇਜ ਦੇਵੋਗੇ। ਫਿਰ ਮੈਨੂੰ ਕਿਉਂ ਆਪਣੇ ਕੋਝੇ ਜਾਲ ਵਿੱਚ ਫ਼ਸਾ ਰਹੇ ਹੋ? ਮੈਂ ਤਾਂ ਹੁਣੇ ਹੀ ਜਾ ਰਿਹਾ ਹਾਂ। ਤੁਹਾਡੇ ਵਰਗੇ ਲੋਕਾਂ ਨਾਲ ਤਾਂ ਮੈਂ ਦਿਨ ਚੜ੍ਹੇ ਤੱਕ ਵੀ ਨਹੀਂ ਰਹਿਣਾ।"

ਇਹ ਗੱਲ ਕਹਿਣ ਤੋਂ ਬਾਅਦ ਸਿਰਜੂ ਨੇ ਬੈਗ ਚੁੱਕਿਆ ਅਤੇ ਘਰੋਂ ਬਾਹਰ ਆ ਗਿਆ। ਲੋਕੀਂ ਆਪਣੇ ਘਰਾਂ ਤੋਂ ਬਾਹਰ ਨਿੱਕਲ ਕੇ ਬੈਠੇ ਸਨ। ਸਿਰਜੂ ਨੇ ਕਿਸੇ ਨਾਲ ਕੋਈ ਗੱਲ ਨਾ ਕੀਤੀ। ਉਹ ਘਰ ਦੀਆਂ ਬਰੂਹਾਂ ਅੱਗੇ ਬੈਠ ਗਿਆ। ਇਸੇ ਕਸ਼ਮਕਸ਼ ਵਿੱਚ ਰਾਤ ਗੁਜਰ ਗਈ ਅਤੇ ਪੋਹ-ਫ਼ੁਟਾਲਾ ਹੋ ਗਿਆ। ਬਾਬੇ ਅਤੇ ਸਰਪੰਚ ਦੀਆਂ ਧਮਕੀਆਂ ਸਿਰਜੂ ਨੂੰ ਰੋਕ ਨਾ ਸਕੀਆਂ। ਉਹ ਪਿੰਡ ਛੱਡ ਕੇ ਖੇਤਾਂ ਵੱਲ ਨਿੱਕਲ ਗਿਆ। ਖੇਤਾਂ ਵਿੱਚ ਪਹੁੰਚ ਕੇ ਸਿਰਜੂ ਤੋਤੇ ਦੀ ਉਡੀਕ ਕਰਨ ਲੱਗਾ॥



# ਅਧਿਆਏ

# 08

## ਗੁਫ਼ਾ ਦਾ ਰਸਤਾ

# 8. ਗੁਫ਼ਾ ਦਾ ਰਸਤਾ

ਜਦੋਂ ਸੂਰਜ ਦੀਆਂ ਕਿਰਨਾਂ ਤੇਜ ਹੋ ਗਈਆਂ ਤਾਂ ਸਿਰਜੂ ਆਲੇ-ਦੁਆਲੇ ਦੇ ਦਰੱਖ਼ਤਾਂ ਉੱਤੇ ਤੋਤੇ ਦੀ ਭਾਲ ਕਰਨ ਲੱਗਾ। ਤੋਤੇ ਨੇ ਰਾਤ ਸਮੇਂ ਉਸਨੂੰ ਕਿਹਾ ਸੀ ਕਿ ਉਹ ਉਸਦਾ ਮਾਰਗ-ਦਰਸ਼ਕ ਬਣੇਗਾ। ਕੁੱਝ ਹੀ ਦੇਰ ਬਾਅਦ ਸਿਰਜੂ ਦੀ ਨਜਰ ਤੋਤੇ ਉੱਤੇ ਚਲੀ ਗਈ। ਉਹ ਤੋਤੇ ਦੇ ਪਿੱਛੇ-ਪਿੱਛੇ ਤੁਰ ਪਿਆ।

ਸਾਰਾ ਦਿਨ ਸਿਰਜੂ ਤੋਤੇ ਦਾ ਪਿੱਛਾ ਕਰਦਾ ਰਿਹਾ। ਦਿਨ ਗੁਜਰ ਚੁੱਕਾ ਸੀ ਅਤੇ ਸ਼ਾਮ ਵੀ ਢਲਣ ਦੇ ਕਿਨਾਰੇ ਸੀ। ਸਿਰਜੂ ਦੋ-ਤਿੰਨ ਪਿੰਡ ਲੰਘ ਚੁੱਕਾ ਸੀ। ਉਸ ਨੂੰ ਕਾਫੀ ਭੁੱਖ ਲੱਗੀ ਹੋਈ ਸੀ। ਰਾਤ ਹੋਣ ਤੋਂ ਪਹਿਲਾਂ ਹੀ ਤੋਤਾ ਇੱਕ ਦਰੱਖ਼ਤ ਉੱਤੇ ਬੈਠ ਗਿਆ।

ਸਿਰਜੂ ਵੀ ਉਸ ਦਰੱਖ਼ਤ ਦੇ ਥੱਲੇ ਖੜ੍ਹੋ ਗਿਆ। ਕੁੱਝ ਦੇਰ ਬਾਅਦ ਹੀ ਲੂੰਬੜ ਅਤੇ ਭੇੜੀਆ ਵੀ ਸਿਰਜੂ ਦੇ ਕੋਲ ਪਹੁੰਚ ਗਏ। ਲੂੰਬੜ ਨੇ ਸਿਰਜੂ ਨੂੰ ਪੁੱਛਿਆ: “ਸੁਣਾ ਬਈ ਦੋਸਤਾ! ਕੀ ਹਾਲ-ਚਾਲ ਏ ਤੇਰਾ? ਕੀ ਬਣਿਆ ਤੇਜੇ ਸਰਪੰਚ ਅਤੇ ਉਸ ਬਜ਼ੁਰਗ ਬਾਬੇ ਦਾ?”

ਸਿਰਜੂ ਨੇ ਲੂੰਬੜ ਨੂੰ ਜਵਾਬ ਦਿੱਤਾ: “ਬਣਨਾ ਕੀ ਸੀ ਭਰਾਵਾ! ਹੁਣ ਤੱਕ ਤਾਂ ਕੁੱਝ ਨਹੀਂ ਬਣਿਆ। ਲੋਕਾਂ ਸਾਹਮਣੇ ਬਥੇਰਾ ਸੱਚ ਬੋਲਿਆ ਕਿ ਰੱਸੀਆਂ ਖੋਲਣ ਵਾਲੇ ਭੇੜੀਆ ਅਤੇ ਲੂੰਬੜ ਸਨ ਪਰ ਲੋਕਾਂ ਨੇ ਯਕੀਨ ਹੀ ਨਹੀਂ ਕੀਤਾ। ਇਸੇ ਹੀ ਕਸ਼ਮਕਸ਼ ਵਿੱਚ ਦਿਨ ਲੰਘ ਗਏ। ਮੈਂ ਤਾਂ ਤੋਤੇ ਦਾ ਪਿੱਛਾ ਕਰਦਾ ਹੋਇਆ ਇਸ ਪਿੰਡ ਵਿੱਚ ਪਹੁੰਚਿਆ ਹਾਂ। ਤੁਸੀਂ ਸੁਣਾਓ! ਤੁਹਾਨੂੰ ਮਿਲਿਆ ਕੋਈ ਚੰਗਾ ਇਨਸਾਨ ਜਾਂ ਨਹੀਂ?”

ਲੂੰਬੜ ਨੇ ਜਵਾਬ ਦਿੱਤਾ: "ਇੱਕ-ਦੋ ਇਨਸਾਨ ਮਿਲੇ ਤਾਂ ਸੀ।ਆਮ ਲੋਕਾਂ ਦੇ ਮੁਕਾਬਲੇ ਉਹ ਚੰਗੇ ਵੀ ਸਨ ਪਰ ਸਾਡੀ ਕਸੌਟੀ ਤੇ ਉਹ ਪੂਰਾ ਨਾ ਉੱਤਰ ਸਕੇ।ਇਸ ਲਈ ਸਾਡੇ ਦਿਨ ਵੀ ਐਂਵੇ ਹੀ ਲੰਘ ਗਏ।ਅਸੀਂ ਵੀ ਤੋਤੇ ਦੇ ਕਹਿਣ ਤੇ ਹੀ ਇਸ ਪਿੰਡ ਵਿੱਚ ਪਹੁੰਚੇ ਹਾਂ।ਹੁਣ ਉਹ ਹੀ ਦੱਸੇਗਾ ਕਿ ਅੱਗੇ ਕੀ ਕਰਨਾ ਏਂ?"

ਇੱਕ-ਦੂਜੇ ਦਾ ਹਾਲ-ਚਾਲ ਜਾਣਨ ਪਿੱਛੋਂ ਸਿਰਜੂ, ਭੇੜੀਆ ਅਤੇ ਲੂੰਬੜ ਚੁੱਪ ਕਰ ਗਏ।ਉਹ ਬਹੁਤ ਹੀ ਉਤਸੁਕਤਾ ਨਾਲ ਤੋਤੇ ਵੱਲ ਦੇਖਣ ਲੱਗੇ ਕਿ ਉਹ ਕੀ ਕਹੇਗਾ?"

ਕੁੱਝ ਦੇਰ ਬਾਅਦ ਤੋਤੇ ਨੇ ਬੌਣੇ ਦਾ ਰੂਪ ਲੈ ਲਿਆ।ਉਸ ਨੇ ਭੇੜੀਏ ਅਤੇ ਲੂੰਬੜ ਨੂੰ ਕਿਹਾ: "ਇੱਕ ਮਹੀਨਾ ਪੂਰਾ ਹੋਣ ਵਾਲਾ ਹੈ।ਤੁਸੀਂ ਅਜੇ ਤੱਕ ਕਿਸੇ ਚੰਗੇ ਇਨਸਾਨ ਦੀ ਭਾਲ ਕਰਨ ਵਿੱਚ ਸਫ਼ਲ ਨਹੀਂ ਹੋ ਸਕੇ।ਮੈਂ ਤੁਹਾਨੂੰ ਇੱਕ ਗੁਫ਼ਾ ਦਾ ਰਸਤਾ ਦੱਸਣ ਜਾ ਰਿਹਾ ਹਾਂ।ਗੁਫ਼ਾ ਜੰਗਲ ਵਿੱਚ ਹੈ।ਉਸ ਗੁਫ਼ਾ ਵਿੱਚ ਇੱਕ ਨਵਜਾਤ ਬੱਚਾ ਫ਼ਸ ਗਿਆ ਹੈ।ਤੁਹਾਡਾ ਕੰਮ ਹੈ ਉਸ ਗੁਫ਼ਾ ਵਿੱਚ ਪਹੁੰਚ ਕੇ ਬੱਚੇ ਨੂੰ ਬਚਾਉਣਾ।ਮੈਂ ਸਿਰਫ਼ ਗੁਫ਼ਾ ਦਾ ਰਸਤਾ ਹੀ ਦੱਸਾਂਗਾ।ਬਾਕੀ ਸਾਰਾ ਕੰਮ ਤੁਸੀਂ ਰਲ ਕੇ ਕਰਨਾ ਹੈ।ਇਸ ਕੰਮ ਵਿੱਚ ਸਿਰਜੂ ਵੀ ਤੁਹਾਡੇ ਨਾਲ ਹੀ ਰਹੇਗਾ।"

ਬੌਣੇ ਨੇ ਲੂੰਬੜ ਅਤੇ ਭੇੜੀਏ ਨੂੰ ਹਦਾਇਤ ਕਰਦੇ ਹੋਏ ਕਿਹਾ: "ਤੁਸੀਂ ਆਪਣੇ ਦਮ ਤੇ ਗੁਫ਼ਾ ਵਿੱਚ ਪਹੁੰਚਣਾ ਹੈ।ਮੈਂ ਤੁਹਾਡੀ ਕੋਈ ਵੀ ਮੱਦਦ ਨਹੀਂ ਕਰਾਂਗਾ।ਰਸਤੇ ਵਿੱਚ ਤੁਹਾਡੇ ਸਾਹਮਣੇ ਕਾਫੀ ਮੁਸ਼ਕਲਾਂ ਦਰਪੇਸ਼ ਆਉਣਗੀਆਂ।ਜੰਗਲ ਦਾ ਹਰ ਮੋੜ ਤੁਹਾਡਾ ਰਸਤਾ ਰੋਕਣ ਦੀ ਕੋਸ਼ਿਸ਼ ਕਰੇਗਾ।ਗੁਫ਼ਾ ਤੱਕ ਪਹੁੰਚਣਾ ਨਾਮੁਮਕਿਨ ਹੈ ਪਰ ਇਸ ਨੂੰ ਮੁਮਕਿਨ ਵਿੱਚ ਬਦਲਣਾ ਤੁਹਾਡਾ ਕੰਮ ਹੈ।ਉਹ ਗੁਫ਼ਾ ਬਹੁਤ ਹੀ ਰਹੱਸਮਈ ਹੈ ਅਤੇ ਮਾਇਆਜਾਲ ਨਾਲ ਭਰੀ ਹੋਈ ਹੈ।"

ਬੌਣੇ ਨੇ ਲੂੰਬੜ ਅਤੇ ਭੇੜੀਏ ਨੂੰ ਸਮਝਾਉਂਦੇ ਹੋਏ ਕਿਹਾ: "ਮੈਂ ਜ਼ਮੀਨ ਉੱਤੇ ਨਕਸ਼ਾ ਬਣਾ ਕੇ ਉਸ ਗੁਫ਼ਾ ਦਾ ਰਸਤਾ ਤੁਹਾਨੂੰ ਸਮਝਾ ਦਿੰਦਾ ਹਾਂ।"

ਬੌਣੇ ਨੇ ਜ਼ਮੀਨ ਉੱਤੇ ਬੈਠ ਕੇ ਉਸ ਖੇਤ ਦੀ ਮਿੱਟੀ ਨੂੰ ਥੋੜ੍ਹਾ-ਜਿਹਾ ਪੱਧਰਾ ਕੀਤਾ। ਫਿਰ ਮਿੱਟੀ ਉੱਤੇ ਨਕਸ਼ਾ ਬਣਾ ਕੇ ਲੂੰਬੜ, ਸਿਰਜੂ ਅਤੇ ਭੇੜੀਏ ਨੂੰ ਗੁਫ਼ਾ ਦਾ ਰਸਤਾ ਸਮਝਾਉਣ ਲੱਗਾ। ਜਦੋਂ ਉਹ ਰਸਤਾ ਸਮਝਣ ਵਿੱਚ ਕਾਮਯਾਬ ਹੋ ਗਏ ਤਾਂ ਬੌਣੇ ਨੇ ਉਹਨਾ ਨੂੰ ਕਿਹਾ: "ਮੇਰੀ ਨਜਰ ਤੁਹਾਡੇ ਉੱਤੇ ਹੀ ਟਿਕੀ ਰਹੇਗੀ। ਰਸਤੇ ਵਿੱਚ ਬਹੁਤ ਸਾਰੇ ਪੜ੍ਹਾਅ ਅਜਿਹੇ ਹੋਣਗੇ ਜਿਹਨਾਂ ਪੜ੍ਹਾਵਾਂ ਉੱਤੇ ਤੁਹਾਡੀ ਪ੍ਰੀਖਿਆ ਵੀ ਹੋ ਸਕਦੀ ਹੈ। ਅਗਰ ਤੁਹਾਡੇ ਵਿੱਚੋਂ ਉਹਨਾ ਪੜ੍ਹਾਵਾਂ ਉੱਤੇ ਕੋਈ ਫ਼ਸ ਗਿਆ ਫਿਰ ਉਹ ਅੱਗੇ ਨਹੀਂ ਜਾ ਸਕੇਗਾ।"

ਬੌਣੇ ਨੇ ਅੱਗੇ ਕਿਹਾ: "ਤੁਸੀਂ ਸਾਰੇ ਹੀ ਪੜ੍ਹਾਵਾਂ ਉੱਤੇ ਇੱਕ-ਦੂਜੇ ਦੀ ਮੱਦਦ ਕਰ ਸਕਦੇ ਹੋ। ਨਵਜਾਤ ਬੱਚੇ ਨੂੰ ਬਚਾਉਣਾ ਹੀ ਤੁਹਾਡੀ ਅਸਲੀ ਚਣੌਤੀ ਹੋਵੇਗੀ। ਅਗਰ ਤੁਹਾਡੇ ਵਿੱਚੋਂ ਕੋਈ ਫ਼ੇਲ ਹੋ ਗਿਆ ਫਿਰ ਉਸ ਨੂੰ ਦੁਬਾਰਾ ਮੌਕਾ ਨਹੀਂ ਮਿਲ ਸਕਦਾ। ਇਸ ਲਈ ਤੁਹਾਨੂੰ ਹਰ ਕਦਮ ਸਾਵਧਾਨੀ ਨਾਲ ਰੱਖਣ ਦੀ ਜਰੂਰਤ ਹੈ। ਹੁਣ ਮੈਂ ਤੁਹਾਨੂੰ ਗੁਫ਼ਾ ਦੇ ਕੋਲ ਹੀ ਮਿਲਾਂਗਾ।"

ਇਹ ਗੱਲ ਕਹਿਣ ਤੋਂ ਬਾਅਦ ਬੌਣੇ ਨੇ ਤੋਤੇ ਦਾ ਰੂਪ ਲਿਆ ਅਤੇ ਉੱਡ ਕੇ ਅੱਖਾਂ ਤੋਂ ਓਝਲ ਹੋ ਗਿਆ।

ਸਿਰਜੂ ਨੇ ਭੇੜੀਏ ਅਤੇ ਲੂੰਬੜ ਨੂੰ ਕਿਹਾ: "ਮੇਰੇ ਲਈ ਤਾਂ ਇਹ ਕੰਮ ਸੱਚਮੁੱਚ ਹੀ ਬਹੁਤ ਚਣੌਤੀ ਪੂਰਨ ਹੈ। ਤੁਹਾਨੂੰ ਤਾਂ ਰਾਤ ਹੋਣ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿਉਂਕਿ ਤੁਸੀਂ ਹਨੇਰੇ ਵਿੱਚ ਵੀ ਦੇਖ ਸਕਦੇ ਹੋ। ਇਸ ਲਈ ਰਾਤ ਪਿੰਡ ਕੋਲ ਹੀ ਗੁਜਾਰ ਲੈਂਦੇ ਹਾਂ। ਸਵੇਰੇ ਸੱਵਖਤੇ ਹੀ ਜੰਗਲ ਵੱਲ ਨੂੰ ਤੁਰ ਪਵਾਂਗੇ।"

ਭੇੜੀਏ ਨੇ ਸਿਰਜੂ ਨੂੰ ਜਵਾਬ ਦਿੱਤਾ: "ਆਪਾਂ ਕਿਹੜਾ ਸਵੇਰ ਤੋਂ ਤੁਰ ਕੇ ਸ਼ਾਮ ਤੱਕ ਹੀ ਗੁਫ਼ਾ ਤੱਕ ਪਹੁੰਚ ਜਾਣਾ ਏਂ। ਕੀ ਪਤਾ ਰਸਤੇ ਵਿੱਚ ਕਿੰਨੀਆਂ-ਕੁ-ਰਾਤਾਂ ਪੈਣੀਆਂ

ਨੇ? ਫਿਰ ਕੀ ਬਣੇਗਾ ਤੇਰਾ? ਜੰਗਲ ਵਿੱਚ ਤਾਂ ਕੋਈ ਪਿੰਡ ਨਹੀਂ ਮਿਲਣਾ।ਇਸ ਲਈ ਚੁੱਪ ਕਰਕੇ ਤੁਰ ਪੈ।ਕੋਈ ਨੀ ਫੜ੍ਹਦਾ ਤੈਨੂੰ!"

ਸਿਰਜੂ ਨੇ ਭੇੜੀਏ ਨੂੰ ਕਿਹਾ: "ਗੱਲ ਤਾਂ ਤੁਹਾਡੀ ਵੀ ਠੀਕ ਹੈ।ਰਾਤਾਂ ਤਾਂ ਜੰਗਲ ਵਿੱਚ ਵੀ ਪੈਣੀਆਂ ਹੀ ਨੇ ਪਰ ਮੈਨੂੰ ਤਾਂ ਭੁੱਖ ਵੀ ਬਹੁਤ ਲੱਗੀ ਹੈ।ਮੈਂ ਤਾਂ ਰਾਤ ਦੇ ਸਿਰਫ਼ ਆਲੂ ਹੀ ਖਾਧੇ ਹੋਏ ਨੇ।"

**(ਭੇੜੀਏ ਨੇ ਸਿਰਜੂ ਨੂੰ ਕਿਹਾ)** ਤੋਤੇ ਨੇ ਸਾਨੂੰ ਕਿਹਾ ਸੀ: "ਗੁਫ਼ਾ ਵਿੱਚ ਨਵਜਾਤ ਬੱਚਾ ਫਸਿਆ ਹੋਇਆ ਹੈ।ਇਸ ਲਈ ਆਪਣੇ ਕੋਲ ਜਿਆਦਾ ਸਮਾਂ ਨਹੀਂ ਹੈ।ਐਂਦਾ ਕਰ, ਤੂੰ ਮੇਰੀ ਪਿੱਠ ਉੱਤੇ ਬੈਠ ਜਾ।ਸਾਨੂੰ ਜਲਦੀ ਸਫ਼ਰ ਤਹਿ ਕਰਨਾ ਚਾਹੀਦਾ ਹੈ।ਜੇ ਰਸਤੇ ਵਿੱਚ ਖਾਣ ਨੂੰ ਕੁੱਝ ਮਿਲ ਗਿਆ ਤਾਂ ਠੀਕ ਹੈ ਨਹੀਂ ਫਿਰ ਜੰਗਲ ਵਿੱਚੋਂ ਫ਼ਲ-ਫ਼ਰੂਟ ਖਾ ਕੇ ਗੁਜਾਰਾ ਕਰ ਲਵੀਂ।"

ਸਿਰਜੂ ਨੇ ਭੇੜੀਏ ਨੂੰ ਜਵਾਬ ਦਿੱਤਾ: "ਮੈਂ ਨਹੀਂ ਬੈਠਣਾ ਤੇਰੀ ਪਿੱਠ ਉੱਤੇ।ਪਿੱਠ ਉੱਤੇ ਬੈਠਾ ਦੇਖ ਕੇ ਲੋਕੀਂ ਕੀ ਸੋਚਣਗੇ? ਐਂਦਾ ਕਰਦੇ ਹਾਂ ਕਿ ਪਿੰਡਾਂ ਦੇ ਨੇੜੇ ਪੈਦਲ ਤੁਰ ਲੈਂਦੇ ਹਾਂ ਅਤੇ ਪਿੰਡਾਂ ਤੋਂ ਦੂਰ ਜਾ ਕੇ ਮੈਂ ਤੇਰੀ ਪਿੱਠ ਉੱਤੇ ਬੈਠ ਜਾਵਾਂਗਾ।ਵੈਸੇ ਗੁਫ਼ਾ ਵੱਲ ਜਾਣ ਦਾ ਰਸਤਾ ਇਸੇ ਪਿੰਡ ਵਿੱਚੋਂ ਗੁਜ਼ਰਦਾ ਹੈ।ਪਿੰਡ ਵਿੱਚੋਂ ਲੰਘਦਿਆਂ ਮੈਂ ਕਿਸੇ ਕੋਲੋਂ ਖਾਣ ਲਈ ਰੋਟੀ ਵੀ ਮੰਗ ਲਵਾਂਗਾ।"

ਸਿਰਜੂ ਨੇ ਅੱਗੇ ਕਿਹਾ: "ਤੋਤੇ ਨੇ ਦੱਸਿਆ ਸੀ ਕਿ ਜੰਗਲ ਵਿੱਚ ਬਹੁਤ ਸਾਰੇ ਅਜਿਹੇ ਪੜ੍ਹਾਅ ਹੋਣਗੇ ਜਿੱਥੇ ਅਸੀਂ ਫਸ ਸਕਦੇ ਹਾਂ।ਮੇਰੀ ਮੰਨੋ! ਭੁੱਖ਼ ਦਾ ਜੁਗਾੜ ਸਾਨੂੰ ਹੁਣੇ ਹੀ ਕਰ ਲੈਣਾ ਚਾਹੀਦਾ ਹੈ ਤਾਂ ਜੋ ਜਿੱਥੋਂ ਤੱਕ ਸੰਭਵ ਹੋ ਸਕੇ ਜੰਗਲ ਨੂੰ ਬਿਨਾਂ ਕਿਸੇ ਪੰਗੇ ਤੋਂ ਲੰਘਿਆ ਜਾ ਸਕੇ।"

ਲੂੰਬੜ ਅਤੇ ਭੇੜੀਏ ਨੇ ਸਿਰਜੂ ਦੀ ਗੱਲ ਮੰਨ ਲਈ।ਉਹ ਪਿੰਡ ਵਿੱਚ ਪਹੁੰਚ ਗਏ।ਪਿੰਡ ਦੇ ਬਾਹਰਲੇ ਪਾਸੇ ਬਣੇ ਥੜ੍ਹੇ ਉੱਤੇ ਕੁੱਝ ਲੋਕ ਖੜ੍ਹੇ ਸਨ।ਸਿਰਜੂ ਨੇ ਉਹਨਾ ਲੋਕਾਂ ਨੂੰ ਕਿਹਾ: "ਮੈਨੂੰ ਬਹੁਤ ਭੁੱਖ ਲੱਗੀ ਹੈ।ਜੇ ਕਿਸੇ ਦੇ ਘਰੋਂ ਕੁੱਝ ਖਾਣ ਨੂੰ ਮਿਲ ਜਾਵੇ ਤਾਂ ਮੈਂ ਤੁਹਾਡਾ ਬਹੁਤ ਸ਼ੁਕਰਗੁਜਾਰ ਹੋਵਾਂਗਾ।"

ਥੜ੍ਹੇ ਉੱਤੇ ਖੜ੍ਹੇ ਲੋਕ ਲੂੰਬੜ ਅਤੇ ਭੇੜੀਏ ਨੂੰ ਦੇਖ ਕੇ ਹੈਰਾਨ ਹੋ ਰਹੇ ਸਨ।ਉਹਨਾ ਲੋਕਾਂ ਵਿੱਚੋਂ ਇੱਕ ਨੇ ਸਿਰਜੂ ਨੂੰ ਪੁੱਛਿਆ: "ਕੋਈ ਨਾ ਭਾਈ, ਰੋਟੀ-ਪਾਣੀ ਤਾਂ ਤੈਨੂੰ ਖੁਆ ਦਿੰਦੇ ਹਾਂ ਪਰ ਇਹ ਦੱਸ ਕਿ ਲੂੰਬੜ ਅਤੇ ਭੇੜੀਆਂ ਤੇਰੇ ਨਾਲ ਕਿਵੇਂ? ਆਮ ਤੌਰ ਉੱਤੇ ਇਹਨਾ ਜਾਨਵਰਾਂ ਨੂੰ ਕੋਈ ਨਹੀਂ ਪਾਲਦਾ ਫਿਰ ਤੈਨੂੰ ਕਿਵੇਂ ਸ਼ੌਂਕ ਜਾਗਿਆ ਇਹਨਾ ਜਾਨਵਰਾਂ ਦਾ?"

ਸਿਰਜੂ ਨੇ ਲੋਕਾਂ ਨੂੰ ਜਵਾਬ ਦਿੱਤਾ: "ਮੈਂ ਸ਼ਿਕਾਰੀ ਹਾਂ।ਇੱਕ ਦਿਨ ਜੰਗਲ ਵਿੱਚ ਸ਼ਿਕਾਰ ਕਰਨ ਗਿਆ ਤਾਂ ਇਹਨਾ ਦੋਹਾਂ ਨੂੰ ਟੋਏ ਵਿੱਚ ਡਿੱਗੇ ਹੋਏ ਦੇਖਿਆ।ਟੋਆ ਸ਼ਾਇਦ ਦੂਜੇ ਸ਼ਿਕਾਰੀਆਂ ਵੱਲੋਂ ਪੁੱਟਿਆ ਗਿਆ ਸੀ।ਮੈਂ ਵੱਡੇ ਜਾਨਵਰਾਂ ਦਾ ਸ਼ਿਕਾਰ ਨਹੀਂ ਕਰਦਾ ਇਸ ਲਈ ਇਹਨਾ ਦੋਵਾਂ ਨੂੰ ਟੋਏ ਵਿੱਚੋਂ ਬਾਹਰ ਕੱਢ ਦਿੱਤਾ।ਉਸ ਤੋਂ ਬਾਅਦ ਪਤਾ ਨਹੀਂ ਕਿਉਂ ਇਹ ਆਪ ਹੀ ਮੇਰੇ ਨਾਲ ਰਹਿਣ ਲੱਗ ਪਏ।ਜਿੱਥੇ ਜਾਂਦਾ ਹਾਂ ਇਹ ਨਾਲ ਹੀ ਤੁਰ ਪੈਂਦੇ ਨੇ।"

ਸਿਰਜੂ ਨੇ ਲੋਕਾਂ ਨੂੰ ਦੱਸਿਆ: "ਮੇਰਾ ਆਪਣਾ ਕੋਈ ਨਹੀਂ ਹੈ।ਸਾਰਾ ਪਰਿਵਾਰ ਪਲੇਗ ਵਿੱਚ ਖ਼ਤਮ ਹੋ ਗਿਆ।ਮੈਂ ਜੰਗਲ ਵਿੱਚ ਸੀ ਸ਼ਾਇਦ ਇਸੇ ਲਈ ਬਚ ਗਿਆ।ਜਦੋਂ ਵਾਪਿਸ ਪਿੰਡ ਅਇਆ ਤਾਂ ਪਿੰਡ ਦੇ ਤਕਰੀਬਨ ਸਾਰੇ ਹੀ ਲੋਕ ਪਲੇਗ ਦੀ ਭੇਟਾ ਚੜ੍ਹ ਚੁੱਕੇ ਸਨ।ਸਾਡੇ ਪਿੰਡ ਸਮੇਤ ਨੇੜਲੇ ਪਿੰਡ ਵੀ ਪਲੇਗ ਕਾਰਨ ਖਾਲੀ ਹੋ ਚੁੱਕੇ ਸਨ।ਇਹਨਾ ਦੋਵਾਂ ਨੂੰ ਜੰਗਲ ਵਿੱਚ ਛੱਡਣ ਜਾ ਰਿਹਾ ਹਾਂ ਬਾਅਦ ਵਿੱਚ ਆਪਣੇ ਰਹਿਣ ਲਈ ਕੋਈ ਟਿਕਾਣਾ ਲੱਭਾਂਗਾ।ਆਪਣੇ ਪਿੰਡ ਵਾਪਿਸ ਜਾਣ ਨੂੰ ਮੇਰਾ ਦਿਲ ਨਹੀਂ ਕਰਦਾ।"

ਲੋਕਾਂ ਨੇ ਸਿਰਜੂ ਨੂੰ ਰੋਟੀ ਖਵਾ ਦਿੱਤੀ। ਉਹ ਪਿੰਡ ਵੀ ਲੱਗਭੱਗ ਪਲੇਗ ਨਾਲ ਖਾਲੀ ਹੋ ਚੁੱਕਾ ਸੀ। ਰੋਟੀ-ਪਾਣੀ ਖਾਣ ਤੋਂ ਬਾਅਦ ਸਿਰਜੂ, ਲੂੰਬੜ ਅਤੇ ਭੇੜੀਆ ਜੰਗਲ ਵੱਲ ਤੁਰ ਪਏ। ਸ਼ਾਮ ਢਲ ਚੁੱਕੀ ਸੀ। ਸਿਰਜੂ ਹੁਣ ਭੇੜੀਏ ਦੀ ਪਿੱਠ ਉੱਤੇ ਬੈਠ ਗਿਆ। ਸਿਰਜੂ ਨੂੰ ਪਿੱਠ ਉੱਤੇ ਬੈਠਾ ਕੇ ਲੂੰਬੜ ਅਤੇ ਭੇੜੀਆ ਪੂਰੀ ਤੇਜ ਗਤੀ ਨਾਲ ਜੰਗਲ ਵੱਲ ਭੱਜਣ ਲੱਗੇ। ਰਾਤ ਹੋਣ ਤੋਂ ਪਹਿਲਾਂ ਹੀ ਉਹ ਜੰਗਲ ਵਿੱਚ ਪ੍ਰਵੇਸ਼ ਕਰ ਚੁੱਕੇ ਸਨ। ਜੰਗਲ ਵਿੱਚ ਪਹੁੰਚ ਕੇ ਭੇੜੀਏ ਨੇ ਸਿਰਜੂ ਨੂੰ ਪਿੱਠ ਤੋਂ ਉਤਾਰ ਦਿੱਤਾ।

ਸਿਰਜੂ, ਲੂੰਬੜ ਅਤੇ ਭੇੜੀਏ ਨੇ ਬਹੁਤ ਹੀ ਧਿਆਨ ਨਾਲ ਜੰਗਲ ਵਿੱਚ ਅੱਗੇ ਵਧਣਾ ਸ਼ੁਰੂ ਕੀਤਾ। ਜਿਵੇਂ ਜਿਵੇਂ ਉਹ ਅੱਗੇ ਵੱਧ ਵੱਲ ਵਧ ਰਹੇ ਸਨ ਜੰਗਲ ਘਣਾ ਹੁੰਦਾ ਜਾ ਰਿਹਾ ਸੀ। ਬਹੁਤ ਹੀ ਰਹੱਸਮਈ ਜੀਵ-ਜੰਤੂਆਂ ਨਾਲ ਉਹਨਾਂ ਦਾ ਟਾਕਰਾ ਹੋ ਰਿਹਾ ਸੀ। ਸਿਰਜੂ ਨੂੰ ਭੇੜੀਏ ਅਤੇ ਲੂੰਬੜ ਵੱਲ ਦੇਖ ਕੇ ਹੈਰਾਨੀ ਹੋ ਰਹੀ ਸੀ ਕਿਉਂਕਿ ਉਹ ਬਹੁਤ ਹੀ ਚਾਲਾਕੀ ਨਾਲ ਬਚ ਜਾਂਦੇ ਸਨ



# ਅਧਿਆਏ

# 09

## ਚਿੱਟੀ ਰੇਖ਼ਾ

# 9. ਚਿੱਟੀ ਰੇਖ਼ਾ

ਭੇੜੀਆ, ਲੂੰਬੜ ਅਤੇ ਸਿਰਜੂ ਹੁਣ ਜੰਗਲ ਦੇ ਉਸ ਹਿੱਸੇ ਵਿੱਚ ਪਹੁੰਚ ਚੁੱਕੇ ਸਨ ਜਿੱਥੇ ਅੰਦਾਜਾ ਨਹੀਂ ਸੀ ਲਗਾਇਆ ਜਾ ਸਕਦਾ ਕਿ ਅਗਲੇ ਕਦਮ ਤੇ ਤੁਹਾਡਾ ਸਾਹਮਣਾ ਮੌਤ ਨਾਲ ਹੋਵੇਗਾ ਜਾਂ ਕਿਸੇ ਮਾਇਆਵੀ ਜਾਲ ਨਾਲ।

ਰਾਤ ਕਾਫੀ ਗਹਿਰਾ ਚੁੱਕੀ ਸੀ ਲੇਕਿਨ ਉਹਨਾ ਕੋਲ ਰੁਕਣ ਲਈ ਜਿਆਦਾ ਸਮਾਂ ਨਹੀਂ ਸੀ। ਉਹਨਾ ਨੂੰ ਗੁਫ਼ਾ ਵਿੱਚ ਫ਼ਸੇ ਨਵਜਾਤ ਬੱਚੇ ਦੀ ਬਹੁਤ ਚਿੰਤਾ ਸੀ। ਭੇੜੀਏ ਨੇ ਸਿਰਜੂ ਅਤੇ ਲੂੰਬੜ ਨੂੰ ਕਿਹਾ: "ਮੈਂ ਮਾਇਆਵੀ ਜਾਲ ਤੋਂ ਬਚਣ ਲਈ ਫ਼ਰਿਸ਼ਤੇ ਵੱਲੋਂ ਮਿਲੀ ਸ਼ਕਤੀ ਦੀ ਵਰਤੋਂ ਕਰਨ ਲੱਗਾ ਹਾਂ ਤਾਂ ਜੋ ਸਮਾਂ ਬਰਬਾਦ ਨਾਂ ਹੋਵੇ। ਤੁਸੀਂ ਚੁੱਪ-ਚਾਪ ਮੇਰੇ ਪਿੱਛੇ-ਪਿੱਛੇ ਚੱਲਦੇ ਰਹੋ।"

ਹੁਣ ਭੇੜੀਆ ਜੰਗਲ ਵਿੱਚ ਮਿਲਣ ਵਾਲੀ ਹਰ ਚੀਜ (ਜਾਨਵਰ ਜਾਂ ਦਰੱਖ਼ਤ) ਦੇ ਨੇੜੇ ਖੜ੍ਹੋ ਜਾਂਦਾ। ਫ਼ੂਕ ਮਾਰਨ ਤੋਂ ਬਾਅਦ ਉਹਨਾਂ ਵੱਲ ਧਿਆਨ ਨਾਲ ਦੇਖਦਾ। ਇੱਕ ਮਿੰਟ ਤੋਂ ਬਾਅਦ ਹੀ ਭੇੜੀਏ ਨੂੰ ਪਤਾ ਲੱਗ ਜਾਂਦਾ ਕਿ ਸਾਹਮਣੇ ਵਾਲੀ ਚੀਜ ਮਾਇਆਵੀ ਜਾਲ ਹੈ ਜਾਂ ਨਹੀਂ। ਭੇੜੀਏ ਦੀ ਇਸ ਸ਼ਕਤੀ ਦੇ ਕਾਰਨ ਜੰਗਲ ਦੇ ਉਸ ਹਿੱਸੇ ਨੂੰ ਉਹਨਾ ਨੇ ਕਾਮਯਾਬੀ ਨਾਲ ਪਾਰ ਕਰ ਲਿਆ।

ਹੁਣ ਰਾਤ ਦਾ ਹਨੇਰਾ ਆਪਣੀ ਚਰਮ ਸੀਮਾਂ ਤੇ ਪਹੁੰਚ ਚੁੱਕਾ ਸੀ। ਸਿਰਜੂ ਨੂੰ ਕੁੱਝ ਵੀ ਦਿਖਾਈ ਨਹੀਂ ਸੀ ਦੇ ਰਿਹਾ। ਉਹ ਰੁੱਕ ਗਿਆ।

ਸਿਰਜੂ ਨੇ ਲੂੰਬੜ ਅਤੇ ਭੇੜੀਏ ਨੂੰ ਕਿਹਾ: "ਤੁਸੀਂ ਤਾਂ ਰਾਤ ਨੂੰ ਵੀ ਦੇਖ ਸਕਦੇ ਹੋ ਪਰ ਮੈਨੂੰ ਹਨੇਰੇ ਤੋਂ ਸਿਵਾਏ ਕੁੱਝ ਵੀ ਨਜਰ ਨਹੀਂ ਆ ਰਿਹਾ।ਬਹੁਤ ਡਰ ਲੱਗ ਰਿਹਾ ਹੈ।ਮੇਰੀ ਇਸ ਮੁਸ਼ਕਲ ਦਾ ਕੋਈ ਹੱਲ ਕਰੋ।"

ਭੇੜੀਏ ਨੇ ਸਿਰਜੂ ਨੂੰ ਜਵਾਬ ਦਿੱਤਾ: "ਤੂੰ ਮੇਰੀ ਪਿੱਠ ਉੱਤੇ ਬੈਠ ਜਾ।ਕੁੱਝ ਦੂਰੀ ਤੇ ਪਹੁੰਚ ਕੇ ਇਸ ਸਮੱਸਿਆ ਦਾ ਹੱਲ ਹੋ ਜਾਵੇਗਾ।"

ਇੱਕ ਵਾਰ ਫਿਰ ਸਿਰਜੂ ਭੇੜੀਏ ਦੀ ਪਿੱਠ ਉੱਤੇ ਬੈਠ ਗਿਆ।ਕੁੱਝ ਦੂਰੀ ਤੈਅ ਕਰਨ ਤੋਂ ਬਾਅਦ ਉਹਨਾ ਨੂੰ ਜੰਗਲ ਵਿੱਚ ਅਜਿਹੇ ਜਾਨਵਰ ਦਿਖਾਈ ਦਿੱਤੇ ਜਿਹਨਾ ਵਿੱਚੋਂ ਰੌਸ਼ਨੀ ਨਿੱਕਲ ਰਹੀ ਸੀ।ਇੰਜ ਲੱਗਦਾ ਸੀ ਜਿਵੇਂ ਉਹਨਾਂ ਜਾਨਵਰਾਂ ਦਾ ਜਨਮ ਸਿਰਫ਼ ਰੌਸ਼ਨੀ ਵਾਸਤੇ ਹੀ ਹੋਇਆ ਹੋਵੇ।ਜਾਨਵਰ ਅਤੇ ਭੇੜੀਆ ਆਪਸ ਵਿੱਚ ਇੰਜ ਗੱਲਾਂ ਕਰ ਰਹੇ ਸਨ ਜਿਵੇਂ ਇੱਕ-ਦੂਜੇ ਦੀ ਬੋਲੀ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਹੋਣ।ਲੂੰਬੜ ਅਤੇ ਸਿਰਜੂ ਹੈਰਾਨੀ ਨਾਲ ਉਹਨਾ ਦਾ ਪਿੱਛਾ ਕਰਦੇ ਰਹੇ।

ਲੂੰਬੜ ਅਤੇ ਸਿਰਜੂ ਦੀ ਸਮਝ ਵਿੱਚ ਕੁੱਝ ਨਾ ਆਇਆ।ਸਾਰੀ ਰਾਤ ਸਿਰਜੂ, ਲੂੰਬੜ ਅਤੇ ਭੇੜੀਆ ਉਹਨਾ ਜਾਨਵਰਾਂ ਦੇ ਪਿੱਛੇ ਤੁਰਦੇ ਰਹੇ।ਤੜਕੇ-ਜਿਹੇ ਉਹ ਜੰਗਲ ਵਿੱਚ ਅਜਿਹੀ ਜਗ੍ਹਾ ਉੱਤੇ ਪਹੁੰਚ ਗਏ ਜਿੱਥੇ ਬਹੁਤ ਹੀ ਰਹੱਸਮਈ ਦਰੱਖ਼ਤ ਸਨ।ਜਦੋਂ ਕੋਈ ਜਾਨਵਰ ਉਹਨਾ ਦਰੱਖ਼ਤਾਂ ਦੇ ਕੋਲੋਂ ਲੰਘਦਾ ਤਾਂ ਦਰੱਖ਼ਤ ਉਸ ਜਾਨਵਰ ਨੂੰ ਆਪਣੇ ਪੱਤਿਆਂ ਵਿੱਚ ਸਮਾ ਲੈਂਦੇ।ਦਰੱਖ਼ਤਾਂ ਦੇ ਨੇੜੇ ਪਹੁੰਚ ਕੇ ਭੇੜੀਏ ਨੇ ਰੌਸ਼ਨੀ ਵਾਲੇ ਜਾਨਵਰਾਂ ਨੂੰ ਕੁੱਝ ਕਿਹਾ ਅਤੇ ਫਿਰ ਉਹ ਜਾਨਵਰ ਵਾਪਿਸ ਚਲੇ ਗਏ।

ਜਾਨਵਰਾਂ ਦੇ ਜਾਣ ਤੋਂ ਬਾਅਦ ਭੇੜੀਏ ਨੇ ਸਿਰਜੂ ਅਤੇ ਲੂੰਬੜ ਨੂੰ ਕਿਹਾ: "ਮੇਰੇ ਚੰਗੇ ਕੰਮਾਂ ਦੀ ਬਦੌਲਤ ਫ਼ਰਿਸ਼ਤੇ ਨੇ ਮੈਨੂੰ ਕੁੱਝ ਤਾਕਤਾਂ ਦਿੱਤੀਆਂ ਸਨ।ਉਹਨਾ ਤਾਕਤਾਂ ਵਿੱਚੋਂ ਇੱਕ ਤਾਕਤ ਦੀ ਵਰਤੋਂ ਕਰਕੇ ਅਸੀਂ ਇਹਨਾ ਦਰੱਖ਼ਤਾਂ ਨੂੰ ਪਾਰ ਕਰਾਂਗੇ।ਮੈਂ ਆਪਣੀਆਂ ਅੱਖਾਂ ਰਾਹੀਂ ਇੱਕ ਸਫ਼ੇਦ ਰੇਖਾ ਬਣਾਵਾਂਗਾ।ਤੁਸੀ ਉਸ ਰੇਖਾ

ਦੇ ਉੱਤੇ ਤੁਰ ਕੇ ਇਹਨਾ ਦਰੱਖ਼ਤਾਂ ਨੂੰ ਪਾਰ ਕਰਨਾ ਹੈ।ਰੇਖਾ ਉੱਤੇ ਚੱਲਣ ਤੋਂ ਪਹਿਲਾਂ ਆਪਣੇ ਦਿਲਾਂ ਨੂੰ ਜਰੂਰ ਟਟੋਲ ਲੈਣਾ ਕਿਉਂਕਿ ਉਸ ਰੇਖਾ ਉੱਤੇ ਚੱਲਣ ਲਈ ਚੰਗੇ ਕਰਮਾਂ ਦਾ ਹੋਣਾ ਜਰੂਰੀ ਹੈ।ਜੇ ਮਾੜੇ ਕਰਮ ਜਿਆਦਾ ਹੋਣ ਤਾਂ ਉਹ ਰੇਖਾ ਜਲਾ ਕੇ ਰਾਖ਼ ਕਰ ਦਿੰਦੀ ਹੈ।"

ਸਿਰਜੂ ਅਤੇ ਲੂੰਬੜ ਨੂੰ ਚੇਤਾਵਨੀ ਦੇਣ ਤੋਂ ਬਾਅਦ ਭੇੜੀਆ ਚੁੱਪ ਕਰ ਕੇ ਖੜ੍ਹ ਗਿਆ।ਸਿਰਜੂ ਅਤੇ ਲੂੰਬੜ ਇੱਕ-ਦੂਜੇ ਦੇ ਮੂੰਹ ਵੱਲ ਦੇਖ ਰਹੇ ਸਨ।ਥੋੜ੍ਹੀ ਦੇਰ ਤੋਂ ਬਾਅਦ ਲੂੰਬੜ ਨੇ ਸਿਰਜੂ ਨੂੰ ਕਿਹਾ: "ਸਫ਼ੇਦ ਰੇਖਾ ਨੂੰ ਪਹਿਲਾਂ ਤੂੰ ਪਾਰ ਕਰ ਲਵੀਂ। ਤੇਰੇ ਤੋਂ ਬਾਅਦ ਮੈਂ ਪਾਰ ਕਰਾਂਗਾ।"

ਸਿਰਜੂ ਨੇ ਲੂੰਬੜ ਨੂੰ ਜਵਾਬ ਦਿੱਤਾ: "ਠੀਕ ਹੈ! ਮੈਂ ਹੀ ਚਲਾ ਜਾਵਾਂਗਾ। ਵੈਸੇ ਪਲੇਗ ਤੋਂ ਪਹਿਲਾਂ ਮੈਂ ਕੋਈ ਜਿਆਦਾ ਚੰਗਾ ਇਨਸਾਨ ਨਹੀਂ ਸਾਂ।ਪਤਾ ਨਹੀਂ ਕੀ ਬਣੂ ਮੇਰਾ।ਹਾਂ ਇਸ ਗੱਲ ਦੀ ਗਰੰਟੀ ਜਰੂਰ ਹੈ ਕਿ ਪਲੇਗ ਤੋਂ ਬਾਅਦ ਮੈਂ ਕਦੇ ਕੋਈ ਗਲਤੀ ਕੀਤੀ ਹੀ ਨਹੀਂ।ਚੰਗੀ ਗੱਲ ਹੈ! ਭੇੜੀਏ ਦੀ ਬਣਾਈ ਹੋਈ ਰੇਖਾ ਤੋਂ ਪਤਾ ਲੱਗ ਜਾਵੇਗਾ ਕਿ ਚੰਗੇ ਕੰਮ ਜਿਆਦਾ ਕੀਤੇ ਕੇ ਮਾੜੇ ਕੰਮ।ਮੈਂ ਪਹਿਲਾਂ ਜਾਣ ਲਈ ਤਿਆਰ ਹਾਂ।"

ਇਸ ਫ਼ੈਸਲੇ ਤੋਂ ਬਾਅਦ ਸਿਰਜੂ ਜਾ ਕੇ ਭੇੜੀਏ ਦੇ ਬਿੱਲਕੁੱਲ ਨੇੜੇ ਖੜ੍ਹੋ ਗਿਆ।ਭੇੜੀਆ ਧਰਤੀ ਉੱਤੇ ਬੈਠ ਚੁੱਕਾ ਸੀ।ਉਸ ਦੀਆਂ ਅੱਖਾਂ ਵਿੱਚੋਂ ਬਹੁਤ ਹੀ ਚਮਕਦਾਰ ਅਤੇ ਸਫ਼ੇਦ ਰੇਖਾ ਨਿੱਕਲੀ ਜੋ ਕਿ ਦਰੱਖਤਾਂ ਦੇ ਨਾਲ-ਨਾਲ ਜਾ ਰਹੀ ਸੀ।ਸਿਰਜੂ ਨੇ ਰੱਬ ਦਾ ਨਾਮ ਲਿਆ ਅਤੇ ਆਪਣਾ ਪੈਰ ਰੇਖਾ ਦੇ ਉੱਤੇ ਰੱਖ ਦਿੱਤਾ।ਲੂੰਬੜ ਬਹੁਤ ਧਿਆਨ ਨਾਲ ਸਿਰਜੂ ਵੱਲ ਦੇਖ ਰਿਹਾ ਸੀ।ਦੇਖਦੇ-ਹੀ-ਦੇਖਦੇ ਸਿਰਜੂ ਦਰੱਖ਼ਤਾਂ ਨੂੰ ਪਾਰ ਕਰਦਾ ਹੋਇਆ ਅੱਖਾਂ ਤੋਂ ਓਝਲ ਹੋ ਗਿਆ।

ਸਿਰਜੂ ਤੋਂ ਬਾਅਦ ਲੂੰਬੜ ਵੀ ਰੇਖਾ ਨੂੰ ਪਾਰ ਕਰਨ ਲੱਗਾ ਅਤੇ ਦੇਖਦੇ-ਹੀ-ਦੇਖਦੇ ਉਹ ਵੀ ਅੱਖਾਂ ਤੋਂ ਓਝਲ ਹੋ ਗਿਆ। ਉਹਨਾ ਦੇ ਲੰਘ ਜਾਣ ਤੋਂ ਬਾਅਦ ਭੇੜੀਆ ਉੱਠ ਕੇ ਖਲੋ ਗਿਆ। ਉਸ ਦੀਆਂ ਅੱਖਾਂ ਵਿੱਚੋਂ ਨਿੱਕਲਣ ਵਾਲੀ ਰੇਖਾ ਖ਼ਤਮ ਹੋ ਗਈ। ਹੁਣ ਭੇੜੀਆ ਵੀ ਰਹੱਸਮਈ ਦਰੱਖ਼ਤਾਂ ਨੂੰ ਪਾਰ ਕਰਨ ਲੱਗਾ। ਇੰਜ ਲੱਗਦਾ ਸੀ ਜਿਵੇਂ ਭੇੜੀਏ ਨੂੰ ਉਹਨਾ ਦਰੱਖ਼ਤਾਂ ਬਾਰੇ ਪੂਰੀ ਜਾਣਕਾਰੀ ਹੋਵੇ।

ਭੇੜੀਆ ਹਰ ਦਰੱਖ਼ਤ ਦੇ ਨਜਦੀਕ ਰੁੱਕ ਕੇ ਕੋਈ ਸ਼ਬਦ ਬੋਲਦਾ। ਉਸ ਸ਼ਬਦ ਨੂੰ ਸੁਣ ਕੇ ਦਰੱਖ਼ਤ ਆਪਣੀਆਂ ਟਾਹਣੀਆਂ ਨੂੰ ਇੰਜ ਸਮੇਟ ਲੈਂਦਾ ਜਿਵੇਂ ਉਹ ਭੇੜੀਏ ਨੂੰ ਆਪਣੇ ਕੋਲੋਂ ਲੰਘਣ ਦਾ ਰਸਤਾ ਦੇ ਰਿਹਾ ਹੋਵੇ। ਲੱਗਦਾ ਸੀ ਜਿਵੇਂ ਰਹੱਸਮਈ ਦਰੱਖ਼ਤ ਭੇੜੀਏ ਦੀ ਭਾਸ਼ਾ ਸਮਝ ਰਹੇ ਸਨ। ਹੌਲੀ-ਹੌਲੀ ਭੇੜੀਆ ਵੀ ਦਰੱਖ਼ਤਾਂ ਨੂੰ ਪਾਰ ਕਰਕੇ ਲੂੰਬੜ ਅਤੇ ਸਿਰਜੂ ਕੋਲ ਪਹੁੰਚ ਗਿਆ। ਹੁਣ ਉਹ ਓਸ ਜਗ੍ਹਾ ਉੱਤੇ ਪਹੁੰਚ ਚੁੱਕੇ ਸਨ ਜਿਸ ਜਗ੍ਹਾ ਤੋਂ ਗੁਫ਼ਾ ਦਾ ਮੂੰਹ ਸਾਫ਼ ਦਿਖਾਈ ਦੇ ਰਿਹਾ ਸੀ॥



# ਅਧਿਆਏ

# 10

## ਲਾਲ ਪੰਛੀਂ

# 10. ਲਾਲ ਪੰਛੀਂ

ਜੰਗਲ ਦੇ ਓਸ ਹਿੱਸੇ ਵਿੱਚ ਪਹੁੰਚ ਕੇ ਭੇੜੀਆ, ਲੂੰਬੜ ਅਤੇ ਸਿਰਜੂ ਕੁੱਝ ਦੇਰ ਲਈ ਖੜ੍ਹ ਗਏ।ਜੰਗਲ ਦਾ ਉਹ ਹਿੱਸਾ ਬਹੁਤ ਹੀ ਉਦਾਸ ਦਿਖਾਈ ਦੇ ਰਿਹਾ ਸੀ।ਫ਼ਿਜ਼ਾ ਵਿੱਚੋਂ ਵੀ ਕਰੁਣਾਮਈ ਅਵਾਜ ਸੁਣਾਈ ਦੇ ਰਹੀ ਸੀ।ਦਰੱਖਤ ਜਿਆਦਾ ਸੰਘਣੇ ਨਹੀਂ ਸਨ ਇਸ ਲਈ ਆਲਾ-ਦੁਆਲਾ ਬਿੱਲਕੁੱਲ ਸਾਫ਼ ਦਿਖਾਈ ਦੇ ਰਿਹਾ ਸੀ।ਅਸਮਾਨ ਵਿੱਚ ਲਾਲ ਰੰਗ ਦੇ ਪੰਛੀ ਉੱਡ ਰਹੇ ਸਨ।ਪੰਛੀਆਂ ਦਾ ਆਕਾਰ ਕਾਫੀ ਵੱਡਾ ਸੀ।ਲਾਲ ਪੰਛੀ ਉੱਡ ਕੇ ਗੁਫ਼ਾ ਵੱਲ ਜਾਂਦੇ ਅਤੇ ਕੁੱਝ ਦੇਰ ਗੁਫਾ ਦੇ ਮੂੰਹ ਨੇੜੇ ਮੰਡਰਾਉਣ ਤੋਂ ਬਾਅਦ ਗਾਇਬ ਹੋ ਜਾਂਦੇ।

ਲਾਲ ਪੰਛੀਆਂ ਦੇ ਗਾਇਬ ਹੋਣ ਤੋਂ ਬਾਅਦ ਫ਼ਿਜ਼ਾ ਵਿੱਚ ਇੱਕ ਅਟਹਾਸ ਨੁਮਾ ਆਵਾਜ਼ ਸੁਣਾਈ ਦਿੰਦੀ।ਆਵਾਜ਼ ਸੁਣ ਕੇ ਇੰਜ ਮਹਿਸੂਸ ਹੁੰਦਾ ਸੀ ਜਿਵੇਂ ਕੋਈ ਅਦ੍ਰਿਸ਼ ਵਿਅਕਤੀ ਬਹੁਤ ਹੀ ਮੱਕਾਰੀ ਭਰਿਆ ਹਾਸਾ ਹੱਸ ਰਿਹਾ ਹੋਵੇ।

ਭੇੜੀਏ ਨੇ ਲੂੰਬੜ ਅਤੇ ਸਿਰਜੂ ਨੂੰ ਕਿਹਾ: "ਗੁਫ਼ਾ ਦਾ ਮੂੰਹ ਸਾਫ਼ ਦਿਖਾਈ ਦੇ ਰਿਹਾ ਹੈ। ਗੁਫ਼ਾ ਵਿੱਚ ਜਾਣ ਤੋਂ ਪਹਿਲਾਂ ਇਸ ਗੱਲ ਦਾ ਪਤਾ ਲਗਾਉਣਾ ਬਹੁਤ ਜਰੂਰੀ ਹੈ ਕਿ ਗੁਫ਼ਾ ਦੇ ਅੰਦਰ ਚੱਲ ਕੀ ਰਿਹਾ ਹੈ! ਤੁਸੀਂ ਕੁੱਝ ਦੇਰ ਚੁੱਪ ਕਰਕੇ ਬੈਠ ਜਾਓ।ਫ਼ਰਿਸ਼ਤੇ ਵੱਲੋਂ ਮਿਲੀ ਹੋਈ ਸ਼ਕਤੀ ਦੀ ਵਰਤੋਂ ਨਾਲ ਮੈਂ ਜਾਨਣ ਦੀ ਕੋਸ਼ਿਸ਼ ਕਰਦਾਂ ਹਾਂ ਕਿ ਆਖ਼ਿਰ ਗੁਫ਼ਾ ਵਿੱਚ ਚੱਲ ਕੀ ਰਿਹਾ ਹੈ!"

ਸਿਰਜੂ ਅਤੇ ਲੂੰਬੜ ਅਰਾਮ ਨਾਲ ਧਰਤੀ ਉੱਤੇ ਬੈਠ ਗਏ।ਭੇੜੀਆ ਕੁੱਝ ਦੇਖਦਾ ਜਾਂ ਸੋਚਦਾ ਓਸ ਤੋਂ ਪਹਿਲਾਂ ਹੀ ਨਵਜਾਤ ਬੱਚੇ ਦੇ ਰੋਣ ਦੀ ਆਵਾਜ਼ ਫ਼ਿਜ਼ਾ ਵਿੱਚ ਗੂੰਜਣ ਲੱਗੀ।ਬੱਚੇ ਦੀ ਅਵਾਜ਼ ਤੋਂ ਸਹਿਜੇ ਹੀ ਪਤਾ ਲੱਗ ਰਿਹਾ ਸੀ ਕਿ ਉਹ ਕਾਫੀ ਤਕਲੀਫ਼ ਵਿੱਚ ਹੈ।ਇੰਜ ਮਹਿਸੂਸ ਹੋ ਰਿਹਾ ਸੀ ਜਿਵੇਂ ਕੋਈ ਅਦ੍ਰਿਸ਼ ਯੁੱਧ ਚੱਲ ਰਿਹਾ ਹੋਵੇ।

ਭੇੜੀਏ ਨੇ ਲੂੰਬੜ ਅਤੇ ਸਿਰਜੂ ਨੂੰ ਕਿਹਾ: "ਹੌਲੀ-ਹੌਲੀ ਅੱਗੇ ਵੱਧਣ ਦੀ ਕੋਸ਼ਿਸ਼ ਕਰੋ।ਡਰਨ ਦੀ ਕੋਈ ਲੋੜ ਨਹੀਂ।**ਰੱਬ ਅਤੇ ਨੇਕੀ ਦੇ ਰਾਹ ਉੱਤੇ ਚੱਲਣ ਵਾਲੇ ਲੋਕਾਂ ਦੀ ਮੱਦਦ ਕੁਦਰਤ ਆਪ ਕਰਦੀ ਹੈ**।ਫ਼ਿਜ਼ਾ ਵਿੱਚ ਗੂੰਜਣ ਵਾਲੇ ਹਾਸੇ ਦੀ ਆਵਾਜ਼ ਤੋਂ ਸਾਫ਼ ਪਤਾ ਚੱਲ ਰਿਹਾ ਹੈ ਕਿ ਲੜਾਈ ਨੇਕੀ ਅਤੇ ਬਦੀ ਦੇ ਵਿਚਕਾਰ ਹੀ ਚੱਲ ਰਹੀ ਹੈ।ਇਸ ਲਈ ਗੁਫ਼ਾ ਵੱਲ ਵਧੋ।ਬੌਣੇ ਦੇ ਕਹਿਣ ਮੁਤਾਬਕ ਨਵਜਾਤ ਬੱਚੇ ਦੀ ਰੱਖਿਆ ਕਰਨਾ ਸਾਡਾ ਫ਼ਰਜ਼ ਹੈ।ਚਲੋ ਅੱਗੇ ਚੱਲਦੇ ਹਾਂ।"

ਕੁੱਝ ਦੂਰੀ ਤਹਿ ਕਰਨ ਤੋਂ ਬਾਅਦ ਭੇੜੀਏ ਨੇ ਸਿਰਜੂ ਅਤੇ ਲੂੰਬੜ ਨੂੰ ਰੋਕਿਆ ਅਤੇ ਕਿਹਾ: "ਫ਼ਰਿਸ਼ਤੇ ਵੱਲੋਂ ਦਿੱਤੀ ਹੋਈ ਸ਼ਕਤੀ ਦੀ ਵਰਤੋਂ ਕਰਕੇ ਦੇਖਦਾ ਹਾਂ ਕਿ ਆਖ਼ਿਰ ਮਾਜ਼ਰਾ ਹੈ ਕੀ।ਬੱਸ ਤੁਸੀਂ ਦੋ ਮਿੰਟ ਚੁੱਪ ਰਹਿਣਾ ਹੈ।ਕੁੱਝ ਬੋਲਣਾ ਨਹੀਂ।ਸਿਰਫ਼ ਤੁਰਨਾ ਹੈ।"

ਉਹ ਹੌਲੀ-ਹੌਲੀ ਗੁਫ਼ਾ ਵੱਲ ਵਧਣ ਲੱਗੇ।ਭੇੜੀਆ ਸਭ ਤੋਂ ਅੱਗੇ ਸੀ।ਅਚਾਨਕ ਪਰਬਤ ਤੋਂ ਇੱਕ ਵੱਡਾ ਪੱਥਰ ਉਹਨਾ ਦੇ ਬਿੱਲਕੁੱਲ ਨਜਦੀਕ ਆ ਕੇ ਡਿੱਗਾ।ਪੱਥਰ ਡਿੱਗਣ ਨਾਲ ਸਿਰਜੂ ਅਤੇ ਲੂੰਬੜ ਘਬਰਾ ਗਏ।ਉਹ ਡਰ ਨਾਲ ਪਰਬਤ ਦੇ ਸ਼ਿਖਰ ਵੱਲ ਦੇਖਣ ਲੱਗੇ।ਭੇੜੀਆ ਸ਼ਾਇਦ ਫ਼ਰਿਸ਼ਤੇ ਵੱਲੋਂ ਦਿੱਤੀ ਹੋਈ ਤਾਕਤ ਦੀ ਵਰਤੋਂ ਕਰ ਚੁੱਕਾ ਸੀ।

ਭੇੜੀਏ ਨੇ ਸਿਰਜੂ ਅਤੇ ਲੂੰਬੜ ਨੂੰ ਕਿਹਾ: "ਅਸੀਂ ਲਾਲ ਰੰਗ ਦੇ ਪੰਛੀਆਂ ਵਿੱਚੋਂ ਓਸ ਇੱਕ ਪੰਛੀਂ ਦਾ ਪਿੱਛਾ ਕਰਾਂਗੇ ਜੋ ਅਕਾਰ ਵਿੱਚ ਦੂਜੇ ਪੰਛੀਆਂ ਤੋਂ ਵੱਡਾ ਹੋਵੇ।ਕੋਈ ਵੀ ਘਟਨਾ ਵਾਪਰ ਜਾਵੇ, ਕਿਸੇ ਗੱਲ ਦੀ ਪਰਵਾਹ ਨਹੀਂ ਕਰਨੀ।ਓਸ ਪੰਛੀਂ ਦੇ ਬਣਾਏ ਹੋਏ ਰਸਤੇ ਤੋਂ ਇੱਕ ਇੰਚ ਵੀ ਇੱਧਰ-ਉੱਧਰ ਨਹੀਂ ਹੋਣਾ।ਉਹ ਪੰਛੀ ਸਾਨੂੰ ਬਿਨਾਂ ਕਿਸੇ ਨੁਕਸਾਨ ਤੋਂ ਗੁਫ਼ਾ ਦੇ ਦੁਆਰ ਤੱਕ ਪਹੁੰਚਾ ਦੇਵੇਗਾ।ਰੱਬ ਨੇ ਸਾਨੂੰ ਆਪਣਾ-ਆਪ ਸਾਬਤ ਕਰਨ ਲਈ ਇੱਕ ਮੌਕਾ ਦਿੱਤਾ ਹੈ।ਮੈਂ ਇਸ ਮੌਕੇ ਨੂੰ ਵਿਅਰਥ ਨਹੀ ਗਵਾ ਸਕਦਾ।"

ਲੂੰਬੜ ਅਤੇ ਸਿਰਜੂ ਨੂੰ ਸਮਝਾਉਣ ਤੋਂ ਬਾਅਦ ਭੇੜੀਏ ਨੇ ਅਕਾਸ਼ ਵੱਲ ਦੇਖਿਆ।ਥੋੜ੍ਹੀ ਹੀ ਦੇਰ ਬਾਅਦ ਅਕਾਸ਼ ਵਿੱਚ ਇੱਕ ਵੱਡੇ ਅਕਾਰ ਦਾ ਲਾਲ ਪੰਛੀ ਉੱਡਦਾ ਦਿਖਾਈ ਦਿੱਤਾ।ਉਸਦਾ ਆਕਾਰ ਕਾਫੀ ਵੱਡਾ ਦਿਖਾਈ ਦੇ ਰਿਹਾ ਸੀ।ਉਹ ਉਹਨਾ ਦੇ ਸਿਰ ਉੱਤੇ ਮੰਡਰਾ ਰਿਹਾ ਸੀ।ਕੁੱਝ ਦੇਰ ਮੰਡਰਾਉਣ ਤੋਂ ਬਾਅਦ ਪੰਛੀ ਨੇ ਗੁਫ਼ਾ ਵੱਲ ਉੱਡਣਾ ਸ਼ੁਰੂ ਕਰ ਦਿੱਤਾ।

ਭੇੜੀਏ ਨੇ ਸਿਰਜੂ ਨੂੰ ਕਿਹਾ: "ਚੱਲੋ! ਇਸੇ ਪੰਛੀਂ ਦਾ ਪਿੱਛਾ ਕਰਨਾ ਹੈ।ਤੂੰ ਮੇਰੇ ਅਤੇ ਲੂੰਬੜ ਦੇ ਵਿਚਕਾਰ ਹੀ ਰਹੀਂ।ਇਨਸਾਨੀ ਸ਼ਰੀਰ ਨੂੰ ਇਸ ਰਸਤੇ ਉੱਤੇ ਜਿਆਦਾ ਮੁਸ਼ਕਲਾਂ ਦਰਪੇਸ਼ ਆ ਸਕਦੀਆਂ ਹਨ।ਮੈਂ ਅਗਲਾ ਰਸਤਾ ਸਾਫ਼ ਕਰਾਂਗਾ ਅਤੇ ਲੂੰਬੜ ਪਿੱਛੇ ਰਹਿ ਕੇ ਤੈਨੂੰ ਬਚਾਉਣ ਦੀ ਕੋਸ਼ਿਸ਼ ਕਰੇਗਾ।ਜਾਨਵਰਾਂ ਨੂੰ ਦੇਖ ਕੇ ਤੈਨੂੰ ਘਬਰਾਉਣ ਦੀ ਕੋਈ ਜਰੂਰਤ ਨਹੀਂ ਹੈ।ਬਸ ਗੁਫ਼ਾ ਵਿੱਚ ਪਹੁੰਚ ਕੇ ਬੱਚੇ ਨੂੰ ਸਹੀ-ਸਲਾਮਤ ਗੋਦ ਵਿੱਚ ਚੁੱਕਣਾ ਤੇਰਾ ਕੰਮ ਹੋਵੇਗਾ।"

ਗੱਲ ਖ਼ਤਮ ਕਰਨ ਤੋਂ ਬਾਅਦ ਭੇੜੀਏ ਨੇ ਉਸ ਲਾਲ ਰੰਗ ਦੇ ਪੰਛੀ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ।ਸਿਰਜੂ ਉਹਨਾ ਦੋਵਾਂ ਦੇ ਵਿਚਕਾਰ ਤੁਰ ਰਿਹਾ ਸੀ।ਥੋੜ੍ਹੇ-ਜਿਹੇ ਰਸਤੇ ਨੂੰ ਪਾਰ ਕਰਨ ਤੋਂ ਬਾਅਦ ਉਹਨਾ ਦਾ ਸਾਹਮਣਾ ਅਜਿਹੇ ਆਦਮਖ਼ੋਰ ਜਾਨਵਰਾਂ ਨਾਲ ਹੋਇਆ ਜਿਹਨਾ ਜਾਨਵਰਾਂ ਨੂੰ ਦੇਖਣਾ ਤਾਂ ਦੂਰ ਦੀ ਗੱਲ ਹੈ ਉਹਨਾ ਨੇ ਕਦੇ ਅਜਿਹੇ ਜਾਨਵਰਾਂ ਦੀ ਕਲਪਨਾ ਵੀ ਨਹੀਂ ਸੀ ਕੀਤੀ।

ਉਹ ਜਾਨਵਰ ਸਿਰਜੂ ਨੂੰ ਮਾਰਨ ਲਈ ਭੱਜੇ ਪਰ ਸਿਰਜੂ ਦੇ ਕੋਲ ਪਹੁੰਚਣ ਤੋਂ ਪਹਿਲਾਂ ਹੀ ਉਹਨਾ ਦੀ ਟੱਕਰ ਇੱਕ ਅਜਿਹੇ ਹਾਥੀ ਨਾਲ ਹੋ ਗਈ ਜਿਸਦੀ ਸੁੰਡ ਵਿੱਚੋਂ ਅੱਗ ਨਿੱਕਲ ਰਹੀ ਸੀ।

ਹਾਥੀ ਕੋਲੋਂ ਡਰ ਕੇ ਉਹ ਆਦਮਖ਼ੋਰ ਜਾਨਵਰ ਪਹਾੜਾਂ ਦੀ ਉਚਾਈ ਵੱਲ ਭੱਜ ਗਏ। ਸਿਰਜੂ ਤਾਂ ਆਲੇ-ਦੁਆਲੇ ਦੇ ਵਾਤਾਵਰਨ ਨੂੰ ਦੇਖ ਕੇ ਹੀ ਹੈਰਾਨ ਹੋਈ ਜਾਂਦਾ ਸੀ। ਉਹ ਆਪਣੀ ਜ਼ਿੰਦਗੀ ਵਿੱਚ ਚੰਗੇ ਅਤੇ ਮਾੜੇ ਦੋਵੇਂ ਹੀ ਕੰਮ ਕਰਕੇ ਦੇਖ ਚੁੱਕਾ ਸੀ। ਪਲੇਗ ਤੋਂ ਪਹਿਲਾਂ ਵਾਲੀ ਜਿੰਦਗੀ ਵਿੱਚ ਉਹ ਕਦੇ ਸੋਚ ਵੀ ਨਹੀਂ ਸੀ ਸਕਦਾ ਕਿ **ਚੰਗੇ ਕੰਮਾਂ ਅਤੇ ਨੇਕੀ ਦੇ ਰਸਤੇ ਉੱਤੇ ਚੱਲਣ ਦਾ ਨਤੀਜਾ ਐਨਾ ਸ਼ਾਨਦਾਰ ਅਤੇ ਸਕੂਨਮਈ ਵੀ ਹੋ ਸਕਦਾ ਹੈ।**

ਸਿਰਜੂ ਆਪਣੇ ਦੁਆਰਾ ਕੀਤੇ ਹੋਏ ਮਾੜੇ ਕੰਮਾਂ ਬਾਰੇ ਸੋਚ ਕੇ ਸ਼ਰਮਿੰਦਾ ਹੋ ਰਿਹਾ ਸੀ। ਉਹ ਦਿਲ ਵਿੱਚ ਰੱਬ ਅੱਗੇ ਦੁਆ ਕਰ ਰਿਹਾ ਸੀ: “ਹੇ ਮੇਰੇ ਮੌਲਾ! ਮੇਰੇ ਗੁਨਾਹਾਂ ਨੂੰ ਬਖ਼ਸ਼ ਦਵੋ। ਜ਼ਿੰਦਗੀ ਵਿੱਚ ਦੁਬਾਰਾ ਮੈਂ ਕਦੇ ਵੀ ਹੱਕ ਅਤੇ ਸੱਚ ਦੇ ਰਸਤੇ ਤੋਂ ਲਾਂਭੇ ਨਹੀਂ ਜਾਵਾਂਗਾ। ਮੈਨੂੰ ਆਪਣੇ ਦੁਆਰਾ ਕੀਤੇ ਹੋਏ ਮਾੜੇ ਕੰਮਾਂ ਉੱਤੇ ਬਹੁਤ ਅਫ਼ਸੋਸ ਹੈ। ਹੇ ਰੱਬਾ ਬਸ ਇੱਕ ਵਾਰ ਮੈਨੂੰ ਮਾਫ਼ ਕਰ ਦੋ। ਇਸ ਸਮੇਂ ਹਿੰਮਤ ਅਤੇ ਬਲ ਬਖ਼ਸ਼ੋ ਤਾਂ ਜੋ ਮੈਂ ਉਸ ਬੱਚੇ ਨੂੰ ਸਹੀ ਸਲਾਮਤ ਗੁਫ਼ਾ ਵਿੱਚੋਂ ਬਾਹਰ ਲੈ ਆਵਾਂ। ਇਸ ਕੰਮ ਲਈ ਚਾਹੇ ਮੇਰੀ ਜਾਨ ਕੁਰਬਾਨ ਹੋ ਜਾਵੇ। ਮੈਨੂੰ ਕੋਈ ਪਰਵਾਹ ਨਹੀਂ!!”

ਭੇੜੀਆ ਅਤੇ ਲੂੰਬੜ ਵੀ ਆਪੋ-ਆਪਣੇ ਦਿਲਾਂ ਵਿੱਚ ਫ਼ਰਿਸ਼ਤੇ ਅੱਗੇ ਹਿੰਮਤ ਬਖ਼ਸ਼ਣ ਦੀ ਹੀ ਦੁਆ ਕਰ ਰਹੇ ਸਨ। ਲਾਲ ਪੰਛੀ ਦਾ ਪਿੱਛਾ ਕਰਦੇ ਹੋਏ ਉਹ ਗੁਫ਼ਾ ਦੇ ਦੁਆਰ ਤੱਕ ਪਹੁੰਚ ਗਏ। ਗੁਫ਼ਾ ਦੇ ਅੰਦਰੋਂ ਬਹੁਤ ਹੀ ਭਿਆਨਕ ਆਵਾਜ਼ਾਂ ਆ ਰਹੀਆਂ ਸਨ। ਨਵਜਾਤ ਬੱਚੇ ਦੇ ਰੋਣ ਦੀ ਆਵਾਜ਼ ਵੀ ਲਗਾਤਾਰ ਫ਼ਿਜ਼ਾ ਵਿੱਚ ਗੂੰਜ ਰਹੀ ਸੀ। ਬੱਚੇ ਦੀ ਆਵਾਜ਼ ਪਹਿਲਾਂ ਨਾਲੋਂ ਮੱਧਮ ਪੈ ਰਹੀ ਸੀ। ਇੰਜ ਲੱਗਦਾ ਸੀ ਜਿਵੇਂ ਰੋ-ਰੋ ਕੇ ਉਸ ਬੱਚੇ ਦਾ ਗਲਾ ਬਹਿ ਗਿਆ ਹੋਵੇ॥



# ਅਧਿਆਏ

# 11

# ਵਰ

# 11. ਵਰ

ਗੁਫ਼ਾ ਦੇ ਦੁਆਰ ਉੱਤੇ ਖੜ੍ਹੇ ਹੋ ਕੇ ਭੇੜੀਏ ਨੇ ਲੂੰਬੜ ਨੂੰ ਕਿਹਾ: "ਜੰਗਲ ਵਿੱਚ ਉਸ ਰਾਤ ਮੈਂ ਤੈਨੂੰ ਫ਼ਰਿਸ਼ਤੇ ਦੇ ਸਾਹਮਣੇ ਬਹੁਤ ਹੀ ਮਾਣ ਨਾਲ ਪੇਸ਼ ਕੀਤਾ ਸੀ। ਮੈਨੂੰ ਇੰਜ ਲੱਗਦਾ ਸੀ ਕਿ ਚੰਗੇ ਇਨਸਾਨ ਦੇ ਰੂਪ ਵਿੱਚ ਤੂੰ ਕਦੇ ਫੇਲ ਨਹੀਂ ਹੋ ਸਕਦਾ ਪਰ ਫ਼ਰਿਸ਼ਤੇ ਨੇ ਤੈਨੂੰ ਅਯੋਗ ਕਰਾਰ ਦੇ ਦਿੱਤਾ।ਫ਼ਰਿਸ਼ਤੇ ਦਾ ਕਹਿਣਾ ਸੀ ਕਿ ਤੂੰ ਸਿਰਫ਼ ਦਿਮਾਗ ਤੋਂ ਕੰਮ ਲੈ ਰਿਹਾ ਸੀ।ਇਸ ਸਮੇਂ ਤੇਰੇ ਕੋਲ ਸੁਨਿਹਰੀ ਮੌਕਾ ਹੈ ਇਹ ਸਾਬਤ ਕਰਨ ਲਈ ਕਿ ਤੇਰੇ ਕੋਲ ਦਿਮਾਗ ਦੇ ਨਾਲ-ਨਾਲ ਇੱਕ ਚੰਗਾ ਦਿਲ ਵੀ ਹੈ।ਇਸ ਮੌਕੇ ਨੂੰ ਆਪਣੇ ਹੱਥੋਂ ਨਾ ਜਾਣ ਦੇਂਵੀ!!"

ਭੇੜੀਏ ਨੇ ਗੰਭੀਰਤਾ ਨਾਲ ਕਿਹਾ: "ਸਾਡੇ ਸਾਹਮਣੇ ਇੱਕ ਮੁਸ਼ਕਲ ਇਮਤਿਹਾਨ ਹੈ।ਗੁਫ਼ਾ ਅੰਦਰ ਮੌਜੂਦ ਬੱਚੇ ਨੂੰ ਸਫ਼ਲਤਾ ਪੂਰਵਕ ਬਾਹਰ ਕੱਢਣਾ ਹੈ।ਬੌਣੇ ਦੇ ਕਹਿਣ ਅਨੁਸਾਰ ਅਸੀਂ ਨਾਮੁਮਕਿਨ ਸ਼ਬਦ ਨੂੰ ਮੁਮਕਿਨ ਵਿੱਚ ਬਦਲਣਾ ਹੈ।ਸਾਨੂੰ ਦਿਲ ਅਤੇ ਦਿਮਾਗ ਦੋਵਾਂ ਤੋਂ ਹੀ ਕੰਮ ਲੈਣਾ ਪਵੇਗਾ।ਉਮੀਦ ਕਰਦਾ ਹਾਂ ਕਿ ਤੁਸੀਂ ਸਿਰਫ਼ ਉਹ ਕੰਮ ਕਰੋਗੇ ਜਿਸ ਕੰਮ ਨਾਲ ਬੱਚੇ ਦੀ ਜ਼ਿੰਦਗੀ ਬਚ ਜਾਵੇ।ਹੁਣ ਮੈਂ ਗੁਫ਼ਾ ਦੇ ਅੰਦਰ ਜਾ ਰਿਹਾ ਹਾਂ।ਤੁਸੀਂ ਬਾਹਰ ਖੜ੍ਹੋ ਕੇ ਮੇਰੀ ਆਵਾਜ਼ ਦਾ ਇੰਤਜਾਰ ਕਰੋ।"

ਭੇੜੀਆ ਗੁਫ਼ਾ ਅੰਦਰ ਜਾਣ ਹੀ ਲੱਗਾ ਸੀ ਕਿ ਫ਼ਿਜਾ ਵਿੱਚ ਇੱਕ ਭਿਆਨਕ ਆਵਾਜ਼ ਸੁਣਾਈ ਦਿੱਤੀ।ਅਵਾਜ ਨੇ ਭੇੜੀਏ ਨੂੰ ਸੰਬੋਧਨ ਕਰਦੇ ਹੋਏ ਕਿਹਾ: "ਲੱਗਦਾ ਹੈ! ਤੂੰ ਅਜੇ ਵੀ ਸਾਡੇ ਵਿਚਾਰਾਂ ਨੂੰ ਸਮਝਣ ਤੋਂ ਅਸਮਰੱਥ ਹੈਂ।ਅਪਣੀ ਜਿੱਦ ਤਿਆਗ ਕੇ ਜੇ ਸਾਡੀ ਗੱਲ ਮੰਨ ਲੈਂਦਾ,ਤਾਂ ਅੱਜ ਭੇੜੀਏ ਦੇ ਰੂਪ ਵਿੱਚ ਘੁੰਮਣ ਦੀ ਜਰੂਰਤ ਨਾਂ ਪੈਂਦੀ।ਤੂੰ ਵੀ ਸਾਡੇ ਵਾਂਗ ਕਿਤੇ-ਨਾ-ਕਿਤੇ ਰਾਜ ਕਰ ਰਿਹਾ ਹੁੰਦਾ।"

ਭੇੜੀਏ ਨੇ ਉਸ ਆਵਾਜ਼ ਦੀ ਕਹੀ ਹੋਈ ਕਿਸੇ ਵੀ ਗੱਲ ਦਾ ਕੋਈ ਉੱਤਰ ਨਾਂ ਦਿੱਤਾ। ਉਹ ਬਸ ਉੱਚੀ ਆਵਾਜ਼ ਵਿੱਚ ਹੱਸ ਕੇ ਗੁਫ਼ਾ ਦੇ ਅੰਦਰ ਚਲਾ ਗਿਆ।ਗੁਫ਼ਾ ਦੇ ਅੰਦਰ ਪਹੁੰਚ ਕੇ ਉਸ ਨੇ ਆਲੇ-ਦੁਆਲੇ ਦੇਖਿਆ।ਗੁਫ਼ਾ ਜਿਆਦਾ ਲੰਮੀ-ਚੌੜੀ ਨਹੀਂ ਸੀ।ਸਾਹਮਣੇ ਹੀ ਥੜ੍ਹੇ-ਨੁਮਾਂ ਚਟਾਨ ਉੱਤੇ ਇੱਕ ਬੱਚਾ ਪਿਆ ਰੋ ਰਿਹਾ ਸੀ।ਬੱਚੇ ਦੇ ਨੇੜੇ ਹੀ ਇੱਕ ਔਰਤ ਦੀ ਲਾਸ਼ ਵੀ ਪਈ ਸੀ।ਚਟਾਨ ਦੇ ਨੇੜੇ ਇੱਕ ਮਰਦ ਜਾਲ ਵਿੱਚ ਕੈਦ ਸੀ।ਸ਼ਾਇਦ ਇਸ ਵੇਲੇ ਉਹ ਵੀ ਮਰ ਚੁੱਕਾ ਸੀ।"

ਗੁਫ਼ਾ ਦੇ ਅੰਦਰ ਪਹੁੰਚ ਕੇ ਭੇੜੀਏ ਨੇ ਆਲੇ-ਦੁਆਲੇ ਦਾ ਜਾਇਜਾ ਲਿਆ।ਆਪਣੀ ਸ਼ਕਤੀ ਨਾਲ ਉਸਨੂੰ ਅੰਦਾਜਾ ਹੋ ਗਿਆ ਕਿ ਨੇਕੀ ਅਤੇ ਬਦੀ ਦੇ ਵਿਚਕਾਰ ਇੱਕ ਅਦ੍ਰਿਸ਼ ਸ਼ਤਰੰਜ ਦੀ ਬਾਜੀ ਖੇਡੀ ਜਾ ਰਹੀ ਹੈ।ਅਜਿਹੀ ਜੰਗ ਜੋ ਆਮ ਅੱਖ ਨੂੰ ਦਿਖਾਈ ਨਹੀਂ ਸੀ ਦੇ ਰਹੀ।ਕੁੱਝ ਦੇਰ ਸੋਚਣ ਤੋਂ ਬਾਅਦ ਭੇੜੀਏ ਨੇ ਬਹੁਤ ਹੀ ਧਿਆਨ ਨਾਲ ਗੁਫ਼ਾ ਦੀਆਂ ਦੀਵਾਰਾਂ ਵੱਲ ਦੇਖਣਾ ਸ਼ੁਰੂ ਕੀਤਾ।

ਪੰਜ-ਕੁ-ਮਿੰਟ ਦੀਵਾਰਾਂ ਵੱਲ ਦੇਖਣ ਤੋਂ ਬਾਅਦ ਭੇੜੀਏ ਨੇ ਸਿਰਜੂ ਅਤੇ ਲੂੰਬੜ ਨੂੰ ਗੁਫ਼ਾ ਦੇ ਅੰਦਰ ਆਉਣ ਲਈ ਕਿਹਾ।ਲੂੰਬੜ ਬਿਨਾਂ ਕਿਸੇ ਦਿੱਕਤ ਤੋਂ ਗੁਫ਼ਾ ਦੇ ਅੰਦਰ ਪਹੁੰਚ ਗਿਆ ਲੇਕਿਨ ਜਦੋਂ ਸਿਰਜੂ ਨੇ ਗੁਫ਼ਾ ਦੇ ਅੰਦਰ ਪੈਰ ਰੱਖਿਆ ਤਾਂ ਗੁਫ਼ਾ ਦੀ ਇੱਕ ਦੀਵਾਰ ਇਸ ਤਰ੍ਹਾਂ ਕੰਬਣ ਲੱਗੀ ਜਿਵੇਂ ਬਹੁਤ ਹੀ ਤੀਬਰਤਾ ਵਾਲਾ ਭੁਚਾਲ ਆ ਗਿਆ ਹੋਵੇ।ਸਿਰਜੂ ਡਰ ਗਿਆ।ਉਹ ਭੱਜ ਕੇ ਲੂੰਬੜ ਅਤੇ ਭੇੜੀਏ ਦੇ ਵਿਚਕਾਰ ਖੜ੍ਹੋ ਗਿਆ।

ਭੇੜੀਏ ਨੇ ਸਿਰਜੂ ਨੂੰ ਕਿਹਾ: "ਡਰ ਨਾ ਸਿਰਜੂ! ਸਾਹਮਣੇ ਥੜ੍ਹੇ ਉੱਤੇ ਜਾ ਕੇ ਉਸ ਬੱਚੇ ਨੂੰ ਸੰਭਾਲ ਕਿਉਂਕਿ ਸਾਡੇ ਕੋਲ ਇਨਸਾਨੀ ਸ਼ਰੀਰ ਨਹੀਂ ਹੈ।"

ਸਿਰਜੂ ਉਸ ਬੱਚੇ ਵੱਲ ਵੱਧਦਾ ਓਸ ਤੋਂ ਪਹਿਲਾਂ ਹੀ ਗੁਫ਼ਾ ਵਿੱਚ ਇੱਕ ਆਵਾਜ਼ ਸੁਣਾਈ ਦਿੱਤੀ: "ਅਜੇ ਵੀ ਸਮਾਂ ਹੈ ਸਿਰਜੂ! ਇਸ ਗੁਫ਼ਾ ਵਿੱਚੋਂ ਚੁੱਪ-ਚਾਪ ਬਾਹਰ ਨਿੱਕਲ ਜਾ ਨਹੀਂ ਤਾਂ ਤੇਰਾ ਹਸ਼ਰ ਵੀ ਇਸ ਬੱਚੇ ਦੇ ਮਾਂ-ਬਾਪ ਵਾਲਾ ਹੋਵੇਗਾ।"

ਸਿਰਜੂ ਨੇ ਜਵਾਬ ਵਿੱਚ ਕਿਹਾ: “ਮੈਨੂੰ ਨਹੀਂ ਪਤਾ ਕਿ ਤੁਸੀਂ ਕੌਣ ਹੋ? ਇਹ ਵੀ ਨਹੀਂ ਜਾਣਦਾ ਕਿ ਇਸ ਬੱਚੇ ਦੇ ਮਾਂ-ਬਾਪ ਕੌਣ ਸਨ? ਮੈਂ ਗੁਫ਼ਾ ਵਿੱਚੋਂ ਬਾਹਰ ਜਾਣ ਲਈ ਤਿਆਰ ਹਾਂ ਪਰ ਇਸ ਬੱਚੇ ਨੂੰ ਆਪਣੇ ਨਾਲ ਲੈ ਕੇ! ਇਸ ਬੱਚੇ ਤੋਂ ਬਗੈਰ ਮੈਂ ਬਾਹਰ ਨਹੀਂ ਜਾਵਾਂਗਾ ਚਾਹੇ ਮੇਰੀ ਜਾਨ ਹੀ ਕਿਉਂ ਨਾ ਚਲੀ ਜਾਵੇ!!”

ਜਵਾਬ ਦੇਣ ਤੋਂ ਬਾਅਦ ਸਿਰਜੂ ਬੱਚੇ ਨੂੰ ਚੁੱਕਣ ਲਈ ਅੱਗੇ ਵਧਿਆ। ਬੱਚੇ ਕੋਲ ਪਹੁੰਚਣ ਤੋਂ ਪਹਿਲਾਂ ਹੀ ਸਿਰਜੂ ਨੂੰ ਕਿਸੇ ਅਗਿਆਤ ਸ਼ਕਤੀ ਨੇ ਧੱਕਾ ਦੇ ਦਿੱਤਾ ਅਤੇ ਉਹ ਧਰਤੀ ਉੱਤੇ ਡਿੱਗ ਗਿਆ।

ਅਚਾਨਕ ਗੁਫ਼ਾ ਦੀਆਂ ਦੀਵਾਰਾਂ ਵਿੱਚੋਂ ਲਾਲ ਰੰਗ ਦੀ ਰੌਸ਼ਨੀ ਨੇ ਦਿਖਾਈ ਦੇਣਾ ਸ਼ੁਰੂ ਕੀਤਾ। ਥੋੜ੍ਹੀ ਦੇਰ ਬਾਅਦ ਰੌਸ਼ਨੀ ਰੇਖਾਵਾਂ ਦੇ ਰੂਪ ਵਿੱਚ ਬਦਲ ਕੇ ਭੇੜੀਏ ਦੇ ਜਿਸਮ ਨਾਲ ਟਕਰਾ ਗਈ। ਇੰਜ ਲੱਗਦਾ ਸੀ ਜਿਵੇਂ ਲਾਲ ਰੇਖਾਵਾਂ ਭੇੜੀਏ ਦੇ ਜਿਸਮ ਦੁਆਲੇ ਜਾਲ ਬੁਣ ਰਹੀਆਂ ਹੋਣ।

ਗੁਫ਼ਾ ਵਿਚਲਾ ਇਹ ਦ੍ਰਿਸ਼ ਦੇਖ ਕੇ ਲੂੰਬੜ ਨੂੰ ਆਪਣੇ ਦਾਦਾ ਜੀ ਦੀ ਸੁਣਾਈ ਹੋਈ ਕਹਾਣੀ ਯਾਦ ਆ ਗਈ।

ਕਹਾਣੀ ਦੇ ਅਨੁਸਾਰ: “ਲਾਲ ਰੇਖਾਵਾਂ ਦਾ ਜਾਲ ਨਿਰਵਿਘਨ ਪੂਰਾ ਹੋ ਜਾਣ ਤੇ ਉਸ ਜਾਲ ਵਿਚਲਾ ਇਨਸਾਨ ਜਾਂ ਜਾਨਵਰ, ਸਦਾ ਲਈ ਅਸੁਰਾਂ ਦੇ ਚੁੰਗਲ ਵਿੱਚ ਫ਼ਸ ਜਾਂਦਾ ਸੀ। ਫਿਰ ਉਸ ਇਨਸਾਨ ਜਾਂ ਜਾਨਵਰ ਨੂੰ ਕੋਈ ਵੀ ਮੌਤ ਤੋਂ ਨਹੀਂ ਸੀ ਬਚਾ ਸਕਦਾ। ”

ਲੂੰਬੜ ਨੇ ਆਪਣੇ ਦਾਦਾ ਜੀ ਕੋਲੋਂ ਇਹ ਵੀ ਸੁਣਿਆ ਹੋਇਆ ਸੀ ਕਿ: "ਜੇ ਜਾਲ ਪੂਰਾ ਹੋਣ ਤੋਂ ਪਹਿਲਾਂ ਲਾਲ ਰੇਖਾਵਾਂ ਦੇ ਵਿਚਕਾਰ ਕੋਈ ਤੀਸਰਾ ਆ ਜਾਵੇ ਤਾਂ ਰੇਖਾਵਾਂ ਦਾ ਜਾਲ ਪੂਰਾ ਨਹੀਂ ਹੁੰਦਾ।ਉਸ ਸੂਰਤ ਵਿੱਚ ਰੇਖਾਵਾਂ ਖ਼ਤਮ ਹੋ ਜਾਂਦੀਆਂ ਹਨ ਅਤੇ ਜਾਲ ਵਿਚਲਾ ਇਨਸਾਨ ਬਚ ਜਾਂਦਾ ਹੈ।"

ਕਹਾਣੀ ਯਾਦ ਆਉਣ ਤੋਂ ਬਾਅਦ ਲੂੰਬੜ ਨੇ ਦਿਮਾਗ ਤੋਂ ਕੰਮ ਲਿਆ, ਉਸ ਨੇ ਸੋਚਿਆ: "ਇਸ ਸਮੇਂ ਭੇੜੀਆ ਫ਼ਰਿਸ਼ਤੇ ਵੱਲੋਂ ਮਿਲੀਆਂ ਤਾਕਤਾਂ ਦੀ ਵਰਤੋਂ ਕਰ ਰਿਹਾ ਹੈ।ਇਸ ਲਈ ਉਸਦੀ ਗਿਣਤੀ ਜਾਨਵਰਾਂ ਵਿੱਚ ਨਹੀਂ ਹੋ ਸਕਦੀ।ਲੂੰਬੜ ਦੇ ਰੂਪ ਵਿੱਚ ਹੋਣ ਕਾਰਨ ਮੇਰੀ ਗਿਣਤੀ ਇਨਸਾਨਾਂ ਵਿੱਚ ਨਹੀਂ ਹੋ ਸਕਦੀ।ਗੁਫ਼ਾ ਵਿੱਚ ਇਸ ਸਮੇਂ ਸਿਰਜੂ ਅਤੇ ਬੱਚਾ ਹੀ ਇਨਸਾਨ ਹਨ।ਇਸ ਦਾ ਮਤਲਬ ਮੈਂ ਜਾਨਵਰ ਦੇ ਤੌਰ ਤੇ ਇਸ ਗੁਫ਼ਾ ਵਿੱਚ ਤੀਸਰੀ ਚੀਜ ਵਾਲਾ ਕੰਮ ਕਰ ਸਕਦਾ ਹਾਂ!"

ਚੰਗੀ ਤਰ੍ਹਾਂ ਸੋਚਣ ਤੋਂ ਬਾਅਦ ਲੂੰਬੜ ਆਪਣੀ ਜਗ੍ਹਾ ਤੋਂ ਹੱਟ ਕੇ ਭੇੜੀਏ ਅਤੇ ਲਾਲ ਰੇਖਾਵਾਂ ਦੇ ਵਿਚਕਾਰ ਆ ਗਿਆ।ਲੂੰਬੜ ਦੇ ਵਿਚਕਾਰ ਆਉਣ ਨਾਲ ਲਾਲ ਰੇਖਾਵਾਂ ਭੇੜੀਏ ਦੇ ਸ਼ਰੀਰ ਨਾਲ ਟਕਰਾਉਣ ਦੀ ਬਜਾਏ ਇੱਕ-ਦੂਜੇ ਨਾਲ ਉਲਝ ਕੇ ਗੁਫ਼ਾ ਦੀ ਦੀਵਾਰ ਵਿੱਚ ਸਮਾਂ ਗਈਆਂ।ਥੋੜ੍ਹੀ ਦੇਰ ਬਾਅਦ ਇੱਕ ਚੀਖ਼ ਸੁਣਾਈ ਦਿੱਤੀ ਅਤੇ ਲਾਲ ਰੇਖਾਵਾਂ ਖ਼ਤਮ ਹੋ ਗਈਆਂ।

ਭੇੜੀਏ ਨੇ ਖੁਸ਼ ਹੋ ਕੇ ਲੂੰਬੜ ਨੂੰ ਕਿਹਾ: "ਕਿਆ ਬਾਤ ਹੈ! ਤੂੰ ਤਾਂ ਕਮਾਲ ਹੀ ਕਰਤੀ!! ਯਕੀਨ ਹੀ ਨਹੀਂ ਆਉਂਦਾ ਕਿ ਇਹਨਾ ਰੇਖਾਵਾਂ ਦੇ ਜਾਲ ਨੂੰ ਕੱਟਣ ਵਾਲਾ ਤੂੰ ਹੀ ਹੈਂ।ਜੇ ਅੱਜ ਤੂੰ ਮੇਰੇ ਨਾਲ ਨਾ ਹੁੰਦਾ ਫਿਰ ਪਤਾ ਨਹੀਂ ਕੀ ਬਣਨਾ ਸੀ।ਬਹੁਤ ਵਧੀਆ ਕੀਤਾ ਈ ਦੋਸਤਾ!! ਵੈਸੇ ਤੈਨੂੰ ਰੇਖਾਵਾਂ ਦੀ ਕਾਟ ਬਾਰੇ ਕਿਵੇਂ ਪਤਾ ਸੀ?"

ਲੂੰਬੜ ਨੇ ਭੇੜੀਏ ਨੂੰ ਜਵਾਬ ਦਿੱਤਾ: "ਸ਼ੁਕਰ ਹੈ! ਇਹਨਾ ਲਾਲ ਰੇਖਾਵਾਂ ਨੂੰ ਦੇਖ ਕੇ ਮੈਨੂੰ ਆਪਣੇ ਦਾਦਾ ਜੀ ਵੱਲੋਂ ਸੁਣਾਈ ਹੋਈ ਕਹਾਣੀ ਯਾਦ ਆ ਗਈ।ਮੈਂ ਹੌਂਸਲਾ ਕਰਕੇ ਤੇਰੇ ਅਤੇ ਰੇਖਾਵਾਂ ਦੇ ਵਿਚਕਾਰ ਆ ਗਿਆ।"

ਭੇੜੀਏ ਨੇ ਬਹੁਤ ਹੈਰਾਨੀ ਨਾਲ ਲੂੰਬੜ ਨੂੰ ਪੁੱਛਿਆ: “ਕੀ ਕਿਹਾ? ਤੇਰੇ ਦਾਦਾ ਜੀ ਦੀ ਕਹਾਣੀ ਵਿੱਚ ਇਸ ਗੁਫ਼ਾ ਦਾ ਜ਼ਿਕਰ ਸੀ! ਕੌਣ ਸਨ ਤੇਰੇ ਦਾਦਾ ਜੀ? ਉਹਨਾ ਨੂੰ ਗੁਫ਼ਾ ਵਾਲੀ ਕਹਾਣੀ ਦਾ ਕਿਵੇਂ ਪਤਾ ਸੀ?”

ਲੂੰਬੜ ਨੇ ਜਵਾਬ ਦਿੱਤਾ: “ਹਾਂ-ਹਾਂ ਕਿਉਂ ਨਹੀਂ! ਜੇ ਮੇਰੇ ਦਾਦੇ ਦੀ ਕਹਾਣੀ ਸੱਚ ਹੋਈ ਫਿਰ ਤਾਂ ਇਹ ਵੀ ਸੱਚ ਹੋਵੇਗਾ ਕਿ ਇਹ ਗੁਫ਼ਾ ਅਸੁਰਾਂ ਦੇ ਕਬਜੇ ਵਿੱਚ ਹੈ।

ਇਹ ਗੱਲ ਸੁਣ ਕੇ ਭੇੜੀਏ ਦੀ ਉਤਸੁਕਤਾ ਹੋਰ ਵਧ ਗਈ। ਉਸਨੇ ਲੂੰਬੜ ਨੂੰ ਕਿਹਾ: “ਆਪਣੇ ਦਾਦਾ ਜੀ ਦੀ ਕਹਾਣੀ ਮੈਨੂੰ ਜਲਦੀ ਨਾਲ ਸੁਣਾ ਦੇ! ਹੋ ਸਕਦਾ ਹੈ ਇਸ ਕਹਾਣੀ ਵਿੱਚੋਂ ਸਾਨੂੰ ਕੋਈ ਹੋਰ ਮੱਦਦ ਵੀ ਮਿਲ ਜਾਵੇ।”

ਲੂੰਬੜ ਨੇ ਕਹਾਣੀ ਸਣਾਉਣੀ ਸ਼ੁਰੂ ਕਰ ਦਿੱਤੀ। ਉਸ ਨੇ ਦੱਸਿਆ: “ਮੇਰੇ ਦਾਦਾ ਜੀ ਦੀ ਕਹਾਣੀ ਅਨੁਸਾਰ ਸਤਯੁੱਗ ਵਿੱਚ ਇੱਕ ਫ਼ਕੀਰ ਤੱਪਸਿਆ ਕਰਨ ਲਈ ਇਸ ਜੰਗਲ ਵਿੱਚ ਪਹੁੰਚ ਗਿਆ। ਉਸ ਫ਼ਕੀਰ ਨੂੰ ਅਸੁਰਾਂ ਦੀ ਮੌਜੂਦਗੀ ਬਾਰੇ ਕੋਈ ਖ਼ਬਰ ਨਹੀਂ ਸੀ। ਇਸ ਲਈ ਉਹ ਗੁਫ਼ਾ ਦੇ ਨੇੜੇ ਬੈਠ ਕੇ ਰੱਬ ਦੀ ਭਗਤੀ ਕਰਨ ਲੱਗਾ। ਜੰਗਲ ਦੇ ਇਕਾਂਤ ਕਾਰਨ ਫ਼ਕੀਰ ਬਹੁਤ ਉੱਚੀ ਆਵਾਜ਼ ਵਿੱਚ ਰੱਬ ਦੀ ਬੰਦਗੀ ਕਰਦਾ ਸੀ। ਇੱਕ ਦਿਨ ਬੰਦਗੀ ਕਰਦਿਆਂ ਉਹ ਫ਼ਕੀਰ ਸਮਾਧੀ ਵਿੱਚ ਲੀਨ ਹੋ ਗਿਆ।”

ਲੂੰਬੜ ਦੀ ਕਹਾਣੀ ਦੇ ਅਨੁਸਾਰ: “ਫ਼ਕੀਰ ਦੀ ਆਵਾਜ਼ ਦੇ ਰੂਪ ਵਿੱਚ, ਰੱਬ ਦਾ ਨਾਮ ਜੰਗਲ ਦੇ ਇਸ ਕੋਨੇ ਵਿੱਚ ਲਗਾਤਾਰ ਗੂੰਜਣ ਲੱਗਾ। ਰੱਬ ਦੇ ਨਾਮ ਦੀ ਗੂੰਜ ਇਸ ਗੁਫ਼ਾ ਵਿਚਲੇ ਅਸੁਰਾਂ ਨੂੰ ਬਿਲਕੁੱਲ ਵੀ ਵਾਰਾ ਨਹੀਂ ਸੀ ਖਾਂਦੀ, ਇਸ ਲਈ ਅਸੁਰ ਫ਼ਕੀਰ ਦੀ ਸਮਾਧੀ ਨੂੰ ਭੰਗ ਕਰਨ ਲਈ ਹਰ ਰੋਜ ਇੱਕ ਨਵਾਂ ਤਰੀਕਾ

ਖੋਜਦੇ। ਸਾਲਾਂ-ਦੇ-ਸਾਲ ਬੀਤ ਗਏ ਪਰ ਅਸੁਰਾਂ ਦੀ ਕੋਈ ਵੀ ਤਾਕਤ ਜਾਂ ਚਾਲ ਫ਼ਕੀਰ ਦੀ ਸਮਾਧੀ ਨੂੰ ਭੰਗ ਨਾ ਕਰ ਸਕੀ।"

ਲੂੰਬੜ ਦੇ ਦਾਦਾ ਜੀ ਦੀ ਕਹਾਣੀ ਅਨੁਸਾਰ: "ਸੱਤਯੁੱਗ ਵਿੱਚ ਅਸੁਰਾਂ ਦੀਆਂ ਬਹਤ ਕਹਾਣੀਆਂ ਪ੍ਰਚੱਲਤ ਸਨ। ਇਹ ਗੱਲ ਵੀ ਪ੍ਰਚੱਲਤ ਸੀ ਕਿ ਅਸੁਰ ਇਰਾਦੇ ਦੇ ਬਹੁਤ ਹਠੀ ਹੁੰਦੇ ਸਨ। ਜਦੋਂ ਉਹ ਕਿਸੇ ਕੰਮ ਨੂੰ ਕਰਨ ਦਾ ਫ਼ੈਸਲਾ ਕਰ ਲੈਂਦੇ ਫਿਰ ਉਹਨਾ ਨੂੰ ਰੋਕਣਾ ਬਹੁਤ ਕਠਿਨ ਸੀ। ਅਸੁਰ ਆਪਣੇ ਇਰਾਦੇ ਦੇ ਐਂਨੇ ਪੱਕੇ ਹੁੰਦੇ ਸਨ ਕਿ ਆਪਣਾ ਮਤਲਬ ਕੱਢਣ ਲਈ ਰੱਬ ਦੀ ਭਗਤੀ ਵੀ ਕਰ ਲੈਂਦੇ। ਭਗਤੀ ਦੇ ਦੌਰਾਨ ਉਹ **ਸ਼ਿਵ ਜੀ** ਅਤੇ **ਵਿਸ਼ਨੂੰ ਜੀ** ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਇਸ ਢੰਗ ਨਾਲ ਕਰਦੇ ਕਿ ਅਸਲੀ ਭਗਤ ਉਹਨਾ ਦੇ ਮੁਕਾਬਲੇ ਬਹੁਤ ਹੀ ਕੰਮਜੋਰ ਦਿਖਾਈ ਦਿੰਦੇ।"

ਲੂੰਬੜ ਨੇ ਅੱਗੇ ਦੱਸਿਆ: "ਦਾਦਾ ਜੀ ਦੀ ਕਹਾਣੀ ਮੁਤਾਬਕ ਜਦੋਂ ਇਸ ਗੁਫ਼ਾ ਵਿਚਲੇ ਅਸੁਰਾਂ ਦੀਆਂ ਸਾਰੀਆਂ ਚਾਲਾਂ ਫੇਲ ਹੋ ਗਈਆਂ ਤਾਂ ਇੱਕ ਅਸੁਰ ਨੇ ਭਗਤੀ ਕਰਨ ਦੀ ਠਾਣ ਲਈ। ਉਸ ਨੇ ਇਰਾਦਾ ਕਰ ਲਿਆ ਕਿ ਉਹ ਆਪਣੀ ਭਗਤੀ ਨਾਲ ਫਕੀਰ ਦੀ ਸਮਾਧੀ ਨੂੰ ਤੋੜੇਗਾ। ਉਹ ਜਾ ਕੇ ਉਸ ਫ਼ਕੀਰ ਦੇ ਕੋਲ ਬੈਠ ਗਿਆ। ਅਸੁਰ ਨੇ ਪਾਤਾਲ ਦੇਵਤਾ ਦੀ ਅਰਾਧਨਾ ਕਰਨੀ ਸ਼ੁਰੂ ਕਰ ਦਿੱਤੀ। ਹੁਣ ਫ਼ਕੀਰ ਦੇ ਨਾਲ-ਨਾਲ ਅਸੁਰ ਦੇ ਬੋਲ ਵੀ ਇਸ ਜੰਗਲ ਵਿੱਚ ਗੂੰਜਣ ਲੱਗੇ। ਅਸੁਰ ਇਰਾਦੇ ਦਾ ਪੱਕਾ ਸੀ ਇਸ ਲਈ ਉਹ ਵੀ ਛੇਤੀ ਹੀ ਸਮਾਧੀ ਵਿੱਚ ਲੀਨ ਹੋ ਗਿਆ।"

ਲੂੰਬੜ ਨੇ ਕਹਾਣੀ ਨੂੰ ਅੱਗੇ ਤੋਰਦਿਆਂ ਦੱਸਿਆ: "ਅਸੁਰ ਦੇ ਸਮਾਧੀ ਵਿੱਚ ਲੀਨ ਹੋਣ ਤੋਂ ਬਾਅਦ ਉਸਦੇ ਸਾਥੀ ਅਸੁਰਾਂ ਦਾ ਦਿਲ ਹਰ ਵੇਲੇ ਮਚਲਦਾ ਰਹਿੰਦਾ। ਉਹ ਸਾਰਾ ਦਿਨ ਇੱਕ ਹੀ ਗੱਲ ਸੋਚਦੇ ਕਿ ਕਦੋਂ ਫ਼ਕੀਰ ਦੀ ਸਮਾਧੀ ਟੁੱਟੇ ਅਤੇ ਅਸੀਂ ਇਸ ਨੂੰ ਆਪਣਾ ਸ਼ਿਕਾਰ ਬਣਾ ਲਈਏ।"

(ਲੂੰਬੜ ਨੇ ਸਿਰਜੂ ਅਤੇ ਭੇੜੀਏ ਨੂੰ ਦੱਸਿਆ) ਬਹੁਤ ਸਾਲਾਂ ਬਾਅਦ ਇੱਕ ਦਿਨ ਪਾਤਾਲ ਦੇਵਤਾ ਧਰਤੀ ਉੱਤੇ ਪ੍ਰਗਟ ਹੋਏ।ਉਹਨਾ ਨੇ ਅਸੁਰ ਨੂੰ ਕਿਹਾ: "ਦੱਸ ਭਗਤਾ! ਕੀ ਇੱਛਾ ਹੈ ਤੇਰੀ? ਤੇਰੀ ਭਗਤੀ ਤੋਂ ਪ੍ਰਸੰਨ ਹੋ ਕੇ ਹੀ ਮੈਂ ਇਸ ਮਾਤ ਲੋਕ ਵਿੱਚ ਆਇਆ ਹਾਂ।ਜੋ ਮੰਗਣਾ ਹੈ ਮੰਗ ਲੈ!"

(ਕਹਾਣੀ ਅਨੁਸਾਰ) ਪਾਤਾਲ ਦੇਵਤਾ ਦੀ ਆਵਾਜ਼ ਸੁਣ ਕੇ ਅਸੁਰ ਸਮਾਧੀ ਵਿੱਚੋਂ ਬਾਹਰ ਆ ਗਿਆ। ਆਪਣੇ ਸਾਹਮਣੇ ਪਾਤਾਲ-ਦੇਵਤਾ ਨੂੰ ਦੇਖ ਕੇ ਉਹ ਬਹੁਤ ਖੁਸ਼ ਹੋਇਆ।ਅਸੁਰ ਨੇ ਪਾਤਾਲ ਦੇਵਤਾ ਨੂੰ ਨਮਸ਼ਕਾਰ ਕੀਤੀ ਅਤੇ ਕਹਿਣ ਲੱਗਾ: "ਦੇਵਤਾ ਜੀ! ਮੇਰੇ ਲਈ ਤੁਹਾਡੇ ਦਰਸ਼ਣ ਹੀ ਕਾਫ਼ੀ ਹਨ।ਤੁਸੀਂ ਤਾਂ ਅੰਤਰਯਾਮੀ ਹੋ।ਜੋ ਤੁਹਾਡਾ ਦਿਲ ਕਰਦਾ ਹੈ! ਉਹ ਮੇਰੀ ਝੋਲੀ ਵਿੱਚ ਪਾ ਦਿਓ।ਤੁਹਾਡੇ ਕੋਲ ਕਿਸ ਗੱਲ ਦੀ ਘਾਟ ਹੈ! ਜੋ ਤੁਸੀਂ ਖੁਸ਼ੀ ਨਾਲ ਦੇ ਦੇਵੋ! ਮੈਂ ਓਸੇ ਨਾਲ ਖੁਸ਼ ਹਾਂ।"

(ਕਹਾਣੀ ਅਨੁਸਾਰ) ਅਸੁਰ ਦੀ ਗੱਲ ਸੁਣ ਕੇ ਪਾਤਾਲ ਦੇਵਤਾ ਹੱਸ ਪਿਆ।ਦੇਵਤਾ ਜੀ ਅਸੁਰ ਨੂੰ ਕਹਿਣ ਲੱਗੇ: "ਮੈਂ ਅੰਤਰਯਾਮੀ ਜਰੂਰ ਹਾਂ! ਲੇਕਿਨ ਭਗਤਾਂ ਨੂੰ ਤੱਪ ਦਾ ਫ਼ਲ ਉਹਨਾ ਦੀ ਇੱਛਾ ਅਨੁਸਾਰ ਹੀ ਮਿਲਦਾ ਹੈ।ਮੂੰਹੋਂ ਬੋਲ ਕੇ ਦੱਸ ਕਿ ਤੈਨੂੰ ਕੀ ਚਾਹੀਦਾ ਹੈ?"

ਲੂੰਬੜ ਨੇ ਦੱਸਿਆ: "ਇਹ ਗੱਲ ਕਹਿਣ ਤੋਂ ਬਾਅਦ ਪਾਤਾਲ ਦੇਵਤਾ ਚੁੱਪ ਹੋ ਗਿਆ ਅਤੇ ਅਸੁਰ ਦੇ ਜਵਾਬ ਦਾ ਇੰਤਜਾਰ ਕਰਨ ਲੱਗਾ।ਅਸੁਰ ਅਤੇ ਦੇਵਤੇ ਦੀ ਆਵਾਜ਼ ਜਦੋਂ ਗੁਫ਼ਾ ਵਿੱਚਲੇ ਅਸੁਰਾਂ ਨੇ ਸੁਣੀ ਤਾਂ ਉਹ ਵੀ ਗੁਫ਼ਾ ਤੋਂ ਬਾਹਰ ਨਿੱਕਲ ਆਏ।

(ਕਹਾਣੀ ਅਨੁਸਾਰ) ਸਮਾਧੀ ਵਿੱਚੋਂ ਬਾਹਰ ਆਏ ਅਸੁਰ ਨੂੰ ਸੋਚਾਂ ਵਿੱਚ ਘਿਰਿਆ ਦੇਖ ਕੇ ਬਾਕੀ ਅਸੁਰਾਂ ਨੇ ਕਿਹਾ: "ਸੋਚਣ ਵਾਲੀ ਕਿਹੜੀ ਗੱਲ ਹੈ? ਫ਼ਕੀਰ ਦੀ ਸਮਾਧੀ ਤਾਂ ਅਜੇ ਵੀ ਨਹੀਂ ਟੁੱਟੀ। ਤੂੰ ਸਿੱਧਾ-ਸਿੱਧਾ ਬੋਲ! ਦੇਵਤਾ ਜੀ ਇਸ ਫ਼ਕੀਰ ਦੀ ਸਮਾਧੀ ਨੂੰ ਤੋੜ ਦਿਓ! ਜੇ ਫਕੀਰ ਦੀ ਸਮਾਧੀ ਟੁੱਟਣ ਤੋਂ ਬਾਅਦ ਵੀ ਭਗਤੀ

ਬਚਦੀ ਹੈ ਤਾਂ ਦੇਵਤਾ ਜੀ ਕੋਲੋਂ ਇਹ ਵਰ ਮੰਗ ਲੈ ਕਿ ਦੁਬਾਰਾ ਇਸ ਗੁਫ਼ਾ ਦੇ ਨਜਦੀਕ ਬੈਠ ਕੇ ਕੋਈ ਭਗਤੀ ਨਾਂ ਕਰ ਸਕੇ।"

ਲੂੰਬੜ ਨੇ ਕਹਾਣੀ ਸੁਣਾਉਂਦੇ ਹੋਏ ਦੱਸਿਆ: "ਅਸੁਰ ਦੇ ਸਾਥੀਆਂ ਦੀ ਇਹ ਗੱਲ ਸੁਣ ਕੇ ਪਾਤਾਲ ਦੇਵਤਾ ਜੀ ਖਿੜਖਿੜਾ ਕੇ ਹੱਸਣ ਲੱਗੇ ਪਰ ਉਹਨਾ ਨੇ ਇਹਨਾ ਗੱਲਾਂ ਦਾ ਕੋਈ ਜਵਾਬ ਨਾ ਦਿੱਤਾ। ਦੇਵਤਾ ਜੀ ਓਸ ਅਸੁਰ ਦੇ ਬੋਲਣ ਦਾ ਇੰਤਜਾਰ ਕਰਦੇ ਰਹੇ ਜੋ ਸਮਾਧੀ ਵਿੱਚੋਂ ਬਾਹਰ ਆਇਆ ਸੀ।

(ਲੂੰਬੜ ਦੇ ਦਾਦਾ ਜੀ ਦੀ ਕਹਾਣੀ ਅਨੁਸਾਰ) ਕੋਈ ਅੱਧੇ-ਕੁ-ਘੰਟੇ ਬਾਅਦ ਪਾਤਾਲ ਦੇਵਤਾ ਨੇ ਭਗਤੀ ਕਰਨ ਵਾਲੇ ਅਸੁਰ ਨੂੰ ਕਿਹਾ: "ਬਹੁਤ ਸੋਚ ਲਿਆ ਭਗਤਾ! ਹੁਣ ਦੱਸਣ ਦਾ ਸਮਾਂ ਆ ਗਿਆ ਹੈ। ਮੈਨੂੰ ਦੱਸ ਤੈਨੂੰ ਚਾਹੀਦਾ ਕੀ ਹੈ? ਕਿਹੜਾ ਉਦੇਸ਼ ਲੈ ਕੇ ਤੂੰ ਭਗਤੀ ਕਰ ਰਿਹਾ ਸੀ। ਮੇਰੇ ਕੋਲ ਜਿਆਦਾ ਸਮਾਂ ਨਹੀਂ। ਹੋਰ ਵੀ ਬਹੁਤ ਭਗਤ ਹਨ ਜਿਹਨਾ ਦੀ ਪੁਕਾਰ ਇਸ ਵੇਲੇ ਮੈਨੂੰ ਸੁਣਾਈ ਦੇ ਰਹੀ ਹੈ। ਹੋ ਸਕਦਾ ਹੈ ਕੋਈ ਅਜਿਹਾ ਭਗਤ ਹੋਵੇ ਜਿਸਨੂੰ ਇਸ ਵੇਲੇ ਮੇਰੀ ਸਖ਼ਤ ਜਰੂਰਤ ਹੋਵੇ।"

(ਲੂੰਬੜ ਨੇ ਦੱਸਿਆ) ਸਮਾਧੀ ਵਾਲਾ ਅਸੁਰ ਕੋਈ ਜਵਾਬ ਦਿੰਦਾ ਓਸ ਤੋਂ ਪਹਿਲਾਂ ਹੀ ਉਸਦੇ ਸਾਥੀ ਅਸੁਰਾਂ ਨੇ ਪਾਤਾਲ ਦੇਵਤਾ ਨੂੰ ਕਿਹਾ: "ਮਹਾਰਾਜ! ਤੁਸੀਂ ਇਹ ਗੱਲ ਕਹਿ ਕੇ ਅਸੁਰਾਂ ਦਾ ਅਪਮਾਨ ਕਰ ਰਹੇ ਹੋ। ਇਸ ਧਰਤੀ ਉੱਤੇ ਜਾਂ ਪਾਤਾਲ ਵਿੱਚ ਅਜੇ ਤੱਕ ਕੋਈ ਅਜਿਹਾ ਇਨਸਾਨ ਜਾਂ ਭਗਤ ਪੈਦਾ ਨਹੀਂ ਹੋਇਆ ਜੋ ਅਸੁਰਾਂ ਦੀ ਕਠੋਰ ਤਪੱਸਿਆ ਤੋਂ ਜਿਆਦਾ ਤੱਪ ਕਰ ਸਕੇ।"

(ਲੂੰਬੜ ਦੀ ਕਹਾਣੀ ਅਨੁਸਾਰ) ਪਾਤਾਲ ਦੇਵਤਾ ਨੇ ਅਸੁਰਾਂ ਨੂੰ ਜਵਾਬ ਦਿੱਤਾ:

**"ਤੱਪ ਸਿਰਫ਼ ਤੱਪ ਹੁੰਦਾ ਹੈ,**

**ਇਹ ਕਦੇ ਵੀ ਕਠੋਰ ਜਾਂ ਅਸਾਨ ਨਹੀਂ ਹੁੰਦਾ!**

**ਜਿਸ ਤਰ੍ਹਾਂ ਪਾਣੀ ਦਾ ਕੋਈ ਅਕਾਰ ਨਹੀਂ ਹੁੰਦਾ ਇਸੇ ਤਰ੍ਹਾਂ ਤੱਪ ਦਾ ਵੀ ਕੋਈ ਰੂਪ ਨਹੀਂ ਹੁੰਦਾ!!**

**ਹਰ ਇਨਸਾਨ ਆਪਣੇ ਦਿਲ ਮੁਤਾਬਕ ਭਗਤੀ ਕਰਨ ਲਈ ਅਜਾਦ ਹੈ!**

**ਚਾਹੇ ਕੋਈ ਹੱਸ ਕੇ ਕਰੇ ਜਾਂ ਸ਼ਰੀਰ ਨੂੰ ਕਸ਼ਟਾਂ ਵਿੱਚ ਪਾ ਕੇ ਕਰ ਲਵੇ!!**

**ਭਗਤੀ ਦਾ ਤਰੀਕਾ ਮਾਈਨੇ ਨਹੀਂ ਰੱਖਦਾ,**

**ਭਗਤੀ ਦਾ ਮਕਸਦ ਮਾਈਨੇ ਰੱਖਦਾ ਹੈ!!**

**ਮੈਂ ਤਾਂ ਸਿਰਫ਼ ਰੂਹ ਦੀ ਆਵਾਜ਼ ਸੁਣਦਾ ਹਾਂ!**

**ਉਸ ਆਵਾਜ਼ ਦਾ ਮਾਲਕ ਕੌਣ ਹੈ, ਉਹ ਆਵਾਜ਼ ਮੇਰੇ ਤੱਕ ਕਿਵੇਂ ਪਹੁੰਚੀ ਇਸ ਗੱਲ ਨਾਲ ਕੋਈ ਜਿਆਦਾ ਫ਼ਰਕ ਨਹੀਂ ਪੈਂਦਾ!**

ਅਜਿਹੀਆਂ ਗੱਲਾਂ ਕਰਕੇ ਤੁਸੀਂ ਆਪਣਾ ਵਕਤ ਨਸ਼ਟ ਕਰ ਰਹੇ ਹੋ!"

**(ਲੂੰਬੜ ਨੇ ਕਹਾਣੀ ਨੂੰ ਅੱਗੇ ਤੋਰਦਿਆਂ ਦੱਸਿਆ)** ਪਾਤਾਲ ਦੇਵਤਾ ਨੇ ਅਸੁਰਾਂ ਨੂੰ ਕਿਹਾ: "ਤੁਹਾਡੇ ਕਹਿਣ ਉੱਤੇ ਮੈਂ ਕੁੱਝ ਨਹੀਂ ਕਰਨਾ। ਜਿਸ ਭਗਤ ਦੀ ਆਵਾਜ਼ ਸੁਣ ਕੇ ਮੈਂ ਇਸ ਮਾਤ ਲੋਕ ਵਿੱਚ ਆਇਆ ਹਾਂ ਸਿਰਫ਼ ਓਸੇ ਦੀ ਗੱਲ ਸੁਣਾਂਗਾ। ਜੋ ਵਰ ਉਹ ਮੰਗੇਗਾ ਉਹ ਉਸਨੂੰ ਮਿਲ ਜਾਵੇਗਾ। ਤੁਸੀਂ ਸਾਰੇ ਚੁੱਪ ਕਰ ਜਾਵੋ।"

**(ਲੂੰਬੜ ਨੇ ਦੱਸਿਆ)** ਪਤਾਲ ਦੇਵਤਾ ਦੀ ਇਹ ਗੱਲ ਸੁਣ ਕੇ ਅਸੁਰ ਹੋਰ ਵਿਆਕੁਲ ਹੋ ਗਏ ਅਤੇ ਕਹਿਣ ਲੱਗੇ: "ਮਹਾਰਾਜ! ਅਸੀਂ ਸਾਰੇ ਇੱਕ ਹਾਂ। ਸਾਡੇ ਵਿੱਚ ਰੱਤੀ ਭਰ ਫ਼ਰਕ ਨਹੀਂ। ਇਹ ਤੱਪ ਕੀਤਾ ਹੀ ਇਸ ਲਈ ਗਿਆ ਸੀ ਤਾਂ ਜੋ ਇਸ ਫ਼ਕੀਰ ਦੀ ਸਮਾਧੀ ਤੋੜੀ ਜਾ ਸਕੇ। ਸਾਡੇ ਇੱਕ ਸਾਥੀ ਨੂੰ ਵੱਧ ਤਵੱਜੋਂ ਦੇ ਕੇ ਤੁਸੀਂ ਸਾਡੇ ਵਿਚਕਾਰ ਦਰਾਰ ਪੈਦਾ ਕਰ ਰਹੇ ਹੋ।"

**(ਲੂੰਬੜ ਨੇ ਅੱਗੇ ਦੀ ਕਹਾਣੀ ਸੁਣਾਈ)** ਪਾਤਾਲ ਦੇਵਤਾ ਨੇ ਉਹਨਾ ਅਸੁਰਾਂ ਨੂੰ ਕੋਈ ਜਵਾਬ ਨਾ ਦਿੱਤਾ ਅਤੇ ਸਮਾਧੀ ਵਾਲੇ ਅਸੁਰ ਨੂੰ ਪੁੱਛਿਆ: "ਦੱਸ ਭਗਤਾ! ਕੀ ਇੱਛਾ ਹੈ ਤੇਰੀ?"

ਸਮਾਧੀ ਵਿੱਚੋਂ ਬਾਹਰ ਆਉਣ ਵਾਲੇ ਅਸੁਰ ਨੇ ਦੇਵਤਾ ਨੂੰ ਜਵਾਬ ਦਿੱਤਾ: "ਦੇਵਤਾ ਜੀ! ਥੋੜ੍ਹਾ-ਜਿਹਾ ਸਮਾਂ ਹੋਰ ਦੇ ਦੇਵੋ। ਸੋਚਣ ਲਈ ਮੈਨੂੰ ਸਮੇਂ ਦੀ ਦਰਕਾਰ ਹੈ।"

**(ਲੂੰਬੜ ਨੇ ਦੱਸਿਆ)** ਪਾਤਾਲ ਦੇਵਤਾ ਨੇ ਕਿਹਾ: "ਤਥਾ ਅਸਤੂ! ਭਗਤਾ ਤੇਰੇ ਕੋਲ ਸਮਾਂ-ਹੀ-ਸਮਾਂ ਹੈ ਪਰ ਮੇਰੇ ਕੋਲ ਐਂਨਾ ਸਮਾਂ ਨਹੀਂ ਹੈ ਕਿ ਇਸ ਸਥਾਨ ਉੱਤੇ ਬੈਠ ਕੇ ਤੇਰੀ ਇੱਛਾ ਦਾ ਇੰਤਜਾਰ ਕਰਦਾ ਰਹਾਂ। ਮੈਂ ਆਪਣੇ ਦੂਸਰੇ ਭਗਤ ਦੀ ਪੁਕਾਰ ਸੁਣਨ ਲਈ ਜਾ ਰਿਹਾ ਹਾਂ। ਉਸ ਭਗਤ ਦੇ ਹਿਰਦੇ ਨੂੰ ਸ਼ਾਂਤ ਕਰਨ ਤੋਂ ਬਾਅਦ ਮੈਂ ਤੇਰੇ ਕੋਲ ਦੁਬਾਰਾ ਆਵਾਂਗਾ।"

**(ਲੂੰਬੜ ਦੀ ਕਹਾਣੀ ਦੇ ਅਨੁਸਾਰ)** ਇਹ ਗੱਲ ਕਹਿਣ ਤੋਂ ਬਾਅਦ ਪਤਾਲ ਦੇਵਤਾ ਜੀ ਆਲੋਪ ਹੋ ਗਏ। ਪਾਤਾਲ ਦੇਵਤਾ ਦੇ ਆਲੋਪ ਹੋਣ ਤੋਂ ਬਾਅਦ ਅਸੁਰਾਂ ਨੇ ਅਪਣੇ ਤੱਪ ਕਰਨ ਵਾਲੇ ਸਾਥੀ ਨੂੰ ਕਿਹਾ: "ਤੂੰ ਪਾਤਾਲ ਦੇਵਤਾ ਕੋਲੋਂ ਸੋਚਣ ਲਈ ਸਮਾਂ ਕਿਉਂ ਮੰਗਿਆ? ਜਦੋਂ ਕਿ ਇਸ ਤੱਪ ਨੂੰ ਕਰਨ ਦਾ ਮਕਸਦ ਹੀ ਇਸ ਫ਼ਕੀਰ ਦੀ ਸਮਾਧੀ ਨੂੰ ਭੰਗ ਕਰਨਾ ਸੀ। ਕਿਤੇ ਇਹ ਤਾਂ ਨਹੀਂ ਕਿ ਤੱਪ ਦੇ ਦੌਰਾਨ ਤੇਰਾ ਹਿਰਦੇ ਪਰਿਵਰਤਨ ਹੋ ਗਿਆ ਹੋਵੇ! ਤੂੰ ਫ਼ਕੀਰ ਦੀ ਸਮਾਧੀ ਨਾ ਤੋੜ ਕੇ ਸਾਡੇ ਤੋਂ ਵੱਡਾ ਅਤੇ ਉੱਚਾ ਬਣਨ ਲਈ ਸੋਚਣ ਲੱਗਾ ਹੋਵੇਂ!"

**(ਲੂੰਬੜ ਨੇ ਅੱਗੇ ਦੀ ਕਹਾਣੀ ਦੱਸੀ)** ਸਮਾਧੀ ਵਿੱਚੋਂ ਬਾਹਰ ਨਿੱਕਲੇ ਅਸੁਰ ਨੇ ਆਪਣੇ ਸਾਥੀਆਂ ਨੂੰ ਗੁੱਸੇ ਨਾਲ ਕਿਹਾ: "ਤੁਹਾਡੀ ਮੱਤ ਮਾਰੀ ਗਈ ਏ ਜੋ ਤੁਸੀਂ ਅਜਿਹੀਆਂ ਗੱਲਾਂ ਕਰ ਰਹੇ ਹੋ। ਤਪ ਕਰਨ ਵਾਲਾ ਮੈਂ ਸੀ। ਤੁਹਾਨੂੰ ਪਾਤਾਲ ਦੇਵਤਾ ਦੇ ਸਾਹਮਣੇ ਕੋਈ ਗੱਲ ਨਹੀਂ ਸੀ ਕਰਨੀ ਚਾਹੀਦੀ। ਹੋ ਸਕਦਾ ਹੈ ਪਤਾਲ ਦੇਵਤਾ ਤੋਂ ਮੈਂ ਕੋਈ ਅਜਿਹਾ ਵਰਮੰਗ ਲੈਂਦਾ ਜਿਸ ਨਾਲ ਫ਼ਕੀਰ ਦੀ ਸਮਾਧੀ ਵੀ ਟੁੱਟ ਜਾਂਦੀ ਅਤੇ ਆਪਣੇ

ਹੱਥ ਕੋਈ ਅਜਿਹੀ ਸ਼ਕਤੀ ਵੀ ਲੱਗ ਜਾਂਦੀ ਜੋ ਭਵਿੱਖ ਵਿੱਚ ਦੇਵਤਿਆਂ ਨਾਲ ਲੜਣ ਦੇ ਕੰਮ ਆਉਂਦੀ।ਤੁਹਾਡੇ ਕੋਲ ਤਾਂ ਦਿਮਾਗ ਹੀ ਨਹੀਂ ਹੈ।ਮੈਨੂੰ ਤੁਸੀਂ ਬੋਲਣ ਹੀ ਨਹੀਂ ਦਿੱਤਾ!!"

(ਲੂੰਬੜ ਨੇ ਦੱਸਿਆ) ਅਸੁਰ ਦੀ ਇਹ ਗੱਲ ਸੁਣ ਕੇ ਉਸਦੇ ਸਾਥੀ ਉਸ ਨਾਲ ਬਹਿਸ-ਬਾਜੀ ਕਰਨ ਲੱਗੇ।ਜਦੋਂ ਮਾਮਲਾ ਜਿਆਦਾ ਭਖ਼ ਗਿਆ ਤਾਂ ਸਮਾਧੀ ਵਾਲੇ ਅਸੁਰ ਨੇ ਬਗਾਵਤ ਕਰਦੇ ਹੋਏ ਕਿਹਾ: "ਠੀਕ ਹੈ! ਜੇ ਤੁਹਾਨੂੰ ਇੰਜ ਲੱਗਦਾ ਹੈ ਕਿ ਮੈਂ ਤੁਹਾਡੇ ਨਾਲੋਂ ਵੱਡਾ ਬਣਨਾ ਚਾਹੁਦਾ ਹਾਂ ਤਾਂ ਫਿਰ ਐਦਾਂ ਹੀ ਸਹੀ।ਮੈਂ ਹੁਣ ਹੋਰ ਭਗਤੀ ਕਰਾਂਗਾ ਤਾਂ ਜੋ ਮੈਨੂੰ ਕਦੇ ਤੁਹਾਡੀ ਜਰੂਰਤ ਹੀ ਨਾ ਪਵੇ!!"

ਆਪਣੇ ਸਾਥੀ ਅਸੁਰਾਂ ਨਾਲ ਬਹਿਸ-ਬਾਜੀ ਤੋਂ ਬਾਅਦ ਉਹ ਅਸੁਰ ਦੁਬਾਰਾ ਤਪ ਕਰਨ ਲਈ ਬੈਠ ਗਿਆ।ਹੁਣ ਮਾਮਲਾ ਬਿਲਕੁੱਲ ਉਲਟ ਗਿਆ ਸੀ।ਉਸਦੇ ਅਸੁਰ ਸਾਥੀਆਂ ਨੇ ਉਸ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਤਾਂ ਜੋ ਉਹ ਦੁਬਾਰਾ ਸਮਾਧੀ ਵਿੱਚ ਨਾ ਜਾ ਸਕੇ।ਅਪਣੇ ਸਾਥੀਆਂ ਦੀਆਂ ਅਜਿਹੀਆਂ ਹਰਕਤਾਂ ਨੂੰ ਦੇਖ ਕੇ ਇੱਕ ਦਿਨ ਤੱਪ ਕਰਨ ਵਾਲੇ ਅਸੁਰ ਨੂੰ ਗੁੱਸਾ ਚੜ੍ਹ ਗਿਆ।

(ਲੂੰਬੜ ਨੇ ਸਿਰਜੂ ਅਤੇ ਭੇੜੀਏ ਨੂੰ ਕਹਾਣੀ ਵਿਚਲੀ ਗੱਲ ਦੱਸੀ) ਗੁੱਸੇ ਵਿੱਚ ਆ ਕੇ ਤੱਪ ਕਰਨ ਵਾਲੇ ਅਸੁਰ ਨੇ ਪਾਤਾਲ ਦੇਵਤਾ ਕੋਲੋਂ ਆਪਣੀ ਭਗਤੀ ਦਾ ਫ਼ਲ ਮੰਗਦਿਆਂ ਇਹ ਇੱਛਾ ਜ਼ਾਹਿਰ ਕੀਤੀ: "ਹੇ ਦੇਵਤਾ ਜੀ! ਮੈਨੂੰ ਇਹ ਵਰ ਦੇ ਦੇਵੋ ਕਿ ਜੋ ਵੀ ਮੇਰੀ ਭਗਤੀ ਵਿੱਚ ਰੁਕਾਵਟ ਪੈਦਾ ਕਰੇ ਉਹ ਇਸ ਗੁਫ਼ਾ ਵਿੱਚ ਕੈਦ ਹੋ ਜਾਵੇ।"

ਤੱਪ ਕਰਨ ਵਾਲੇ ਅਸੁਰ ਦੀ ਇੱਛਾ ਤੋਂ ਬਾਅਦ ਪਤਾਲ ਲੋਕ ਦੇ ਦੇਵਤਾ ਦਾ ਇੱਕ ਦੂਤ ਪ੍ਰਗਟ ਹੋਇਆ।ਦੂਤ ਨੇ ਤੱਪ ਕਰਨ ਵਾਲੇ ਅਸੁਰ ਨੂੰ ਕਿਹਾ: "ਮੈਨੂੰ ਪਤਾਲ ਦੇਵਤਾ ਜੀ ਨੇ ਇਸ ਲਈ ਭੇਜਿਆ ਹੈ ਤਾਂ ਜੋ ਤੇਰੇ ਸ਼ਬਦਾਂ ਦੀ ਪੁਸ਼ਟੀ ਕਰ ਸਕਾਂ।ਕੀ ਇਹ ਤੇਰਾ ਆਖ਼ਿਰੀ ਫ਼ੈਸਲਾ ਹੈ ਕਿ ਦੂਜੇ ਅਸੁਰਾਂ ਨੂੰ ਗੁਫ਼ਾ ਵਿੱਚ ਕੈਦ ਕਰ ਦਿੱਤਾ ਜਾਵੇ?"

(ਲੂੰਬੜ ਨੇ ਕਹਾਣੀ ਅੱਗੇ ਤੋਰੀ) ਉਹਨਾਂ ਅਸੁਰਾਂ ਵਿੱਚੋਂ ਇੱਕ ਅਸੁਰ ਬਹੁਤ ਚਲਾਕ ਸੀ।ਤੱਪ ਕਰਨ ਵਾਲਾ ਅਸੁਰ ਆਪਣੇ ਸ਼ਬਦਾਂ ਦੀ ਪੁਸ਼ਟੀ ਕਰਦਾ ਉਸ ਤੋਂ ਪਹਿਲਾਂ ਹੀ ਉਹ ਅਸੁਰ ਵੀ ਤੱਪ ਕਰਨ ਬੈਠ ਗਿਆ ਅਤੇ ਉੱਚੀ ਆਵਾਜ਼ ਵਿੱਚ **ਤ੍ਰਿਲੋਕੀ ਜੀ** ਨੂੰ ਪੁਕਾਰਣ ਲੱਗਾ।

ਤਪ ਕਰਨ ਵਾਲਾ ਅਸੁਰ ਆਪਣੇ ਸ਼ਬਦਾਂ ਉੱਤੇ ਕਾਇਮ ਰਿਹਾ।ਉਸ ਨੇ ਅਪਣੀ ਗੱਲ ਦੀ ਪੁਸ਼ਟੀ ਕਰਨ ਲਈ ਕਿਹਾ: "ਜੋ ਵੀ ਮੇਰੇ ਤੱਪ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰੇ ਉਸਨੂੰ ਗੁਫ਼ਾ ਵਿੱਚ ਕੈਦ ਕਰ ਦਿੱਤਾ ਜਾਵੇ।"

ਅਸੁਰ ਦੇ ਇਹਨਾ ਸ਼ਬਦਾਂ ਤੋਂ ਬਾਅਦ ਪਤਾਲ ਲੋਕ ਦੇ ਦੂਤ ਨੇ ਬਾਕੀ ਅਸੁਰਾਂ ਨੂੰ ਗੁਫ਼ਾ ਵਿੱਚ ਕੈਦ ਕਰ ਦਿੱਤਾ ਪਰ ਜੋ ਅਸੁਰ ਚਲਾਕੀ ਨਾਲ ਭਗਤੀ ਕਰਨ ਬੈਠ ਗਿਆ ਸੀ ਉਹ ਬਚ ਗਿਆ।ਅਸੁਰਾਂ ਨੂੰ ਕੈਦ ਕਰਨ ਤੋਂ ਬਾਅਦ ਪਤਾਲ ਦੇਵਤਾ ਦਾ ਦੂਤ ਗਾਇਬ ਹੋ ਗਿਆ।ਦੂਤ ਦੇ ਗਾਇਬ ਹੋਣ ਤੋਂ ਬਾਅਦ ਚਲਾਕ ਅਸੁਰ ਨੇ **ਤ੍ਰਿਲੋਕੀ ਜੀ** ਦੀ ਭਗਤੀ ਛੱਡ ਦਿੱਤੀ ਕਿਉਂਕਿ ਉਸਨੇ ਤਾਂ ਬੱਸ ਦੂਤ ਕੋਲੋਂ ਬਚਣ ਲਈ ਭਗਤੀ ਦਾ ਡਰਾਮਾ ਹੀ ਕੀਤਾ ਸੀ।

ਤੱਪ ਛੱਡਣ ਬਾਅਦ ਉਹ ਚਲਾਕ ਅਸੁਰ ਗੁਫ਼ਾ ਵਿੱਚ ਗਿਆ ਤਾਂ ਜੋ ਆਪਣੇ ਸਾਥੀਆਂ ਦਾ ਹਾਲ-ਚਾਲ ਜਾਣ ਸਕੇ।ਗੁਫ਼ਾ ਦੇ ਅੰਦਰ ਪਹੁੰਚ ਕੇ ਉਸ ਨੇ ਦੇਖਿਆ: "ਪਾਤਾਲ ਦੇਵਤਾ ਦਾ ਦੂਤ ਉਸਦੇ ਸਾਥੀਆਂ ਨੂੰ ਗੁਫ਼ਾ ਦੀਆਂ ਦੀਵਾਰਾਂ ਨਾਲ ਬੰਨ ਗਿਆ ਸੀ।"

(ਲੂੰਬੜ ਨੇ ਕਹਾਣੀ ਅਨੁਸਾਰ ਦੱਸਿਆ) ਚਲਾਕ ਅਸੁਰ ਨੇ ਆਪਣੇ ਸਾਥੀਆਂ ਨੂੰ ਗੁਫ਼ਾ ਵਿੱਚੋਂ ਅਜਾਦ ਕਰਨ ਲਈ ਬਹੁਤ ਕੋਸ਼ਿਸ਼ ਕੀਤੀ ਪਰ ਉਹ ਕਾਮਯਾਬ ਨਾ ਹੋ ਸਕਿਆ।ਥੱਕ-ਹਾਰ ਕੇ ਉਹ ਗੁਫ਼ਾ ਤੋਂ ਬਾਹਰ ਆ ਗਿਆ।ਉਸਨੇ ਭਗਤੀ ਕਰ ਰਹੇ

ਅਪਣੇ ਸਾਥੀ ਅਸੁਰ ਨੂੰ ਕਿਹਾ: "ਜੇ ਆਪਣੇ ਸਾਥੀਆਂ ਨਾਲ ਕੁੱਝ ਬੁਰਾ ਹੋ ਗਿਆ ਤਾਂ ਉਸ ਲਈ ਜ਼ੁੰਮੇਵਾਰ ਤੂੰ ਹੋਂਵੇਂਗਾ।"

ਤੱਪ ਕਰਨ ਵਾਲੇ ਅਸੁਰ ਨੇ ਅਪਣੇ ਸਾਥੀ ਅਸੁਰ ਦੀ ਇਸ ਗੱਲ ਦਾ ਕੋਈ ਜਵਾਬ ਨਾ ਦਿੱਤਾ।ਉਹ ਸਮਾਧੀ ਵਿੱਚ ਲੀਨ ਹੋਣ ਦੀ ਕੋਸ਼ਿਸ਼ ਕਰਦਾ ਰਿਹਾ॥



# ਅਧਿਆਏ

# 12

## ਖੂਨੀ ਪਿਆਸ

# 12. ਖ਼ੂਨੀ ਪਿਆਸ

ਇੱਕ ਦੋ ਦਿਨਾਂ ਬਾਅਦ ਗੁਫ਼ਾ ਵਿੱਚ ਕੈਦ ਅਸੁਰ ਭੁੱਖ਼-ਪਿਆਸ ਨਾਲ ਰੌਲਾ ਪੌਣ ਲੱਗੇ।ਅਸੁਰ ਖ਼ੂਨ ਪੀਣ ਦੇ ਆਦੀ ਸਨ।ਇਸ ਲਈ ਉਹਨਾ ਦੇ ਅੰਦਰਲਾ ਸ਼ੈਤਾਨ ਖ਼ੂਨ ਪੀਣ ਲਈ ਉਤਾਵਲਾ ਹੋ ਰਿਹਾ ਸੀ।ਖ਼ੂਨ ਦੀ ਪਿਆਸ ਲੱਗਣ ਨਾਲ ਅਸੁਰਾਂ ਦੀ ਤੜਫ਼ਣਾ ਵਧ ਗਈ

**(ਲੂੰਬੜ ਦੇ ਦਾਦਾ ਜੀ ਦੀ ਕਹਾਣੀ ਦੇ ਅਨੁਸਾਰ)** ਜੋ ਅਸੁਰ ਚਲਾਕੀ ਨਾਲ ਕੈਦ ਹੋਣ ਤੋਂ ਬਚ ਗਿਆ ਸੀ,ਉਸ ਕੋਲੋਂ ਆਪਣੇ ਸਾਥੀਆਂ ਦੀ ਇਹ ਹਾਲਤ ਬਰਦਾਸ਼ਤ ਨਾ ਹੋਈ।ਉਹ ਜੰਗਲ ਵਿੱਚ ਚਲਾ ਗਿਆ ਤਾਂ ਜੋ ਕਿਸੇ ਸ਼ਿਕਾਰ ਦਾ ਪ੍ਰਬੰਧ ਕਰ ਸਕੇ।ਉਹ ਹਰ ਰੋਜ ਜੰਗਲ ਵਿੱਚ ਜਾਂਦਾ ਅਤੇ ਜਾਨਵਰਾਂ ਨੂੰ ਫੜ੍ਹ ਕੇ ਗੁਫ਼ਾ ਵਿੱਚ ਲੈ ਆਉਂਦਾ।ਉਹਨਾ ਦੀ ਚੀਰ-ਫਾੜ ਕਰਕੇ ਖ਼ੂਨ ਅਤੇ ਮਾਸ ਕੈਦ ਹੋਏ ਅਸੁਰਾਂ ਵਿੱਚ ਵੰਡ ਦਿੰਦਾ।ਇਹ ਸਿਲਸਲਾ ਲਗਾਤਾਰ ਛੇ-ਮਹੀਨੇ ਚੱਲਦਾ ਰਿਹਾ।ਛੇ-ਮਹੀਨੇ ਬਾਅਦ ਜੰਗਲ ਵਿੱਚ ਜਾਨਵਰਾਂ ਦੀ ਗਿਣਤੀ ਬਹੁਤ ਘੱਟ ਗਈ।

ਅਸੁਰ ਨੂੰ ਹੁਣ ਸ਼ਿਕਾਰ ਦੀ ਭਾਲ ਵਿੱਚ ਗੁਫ਼ਾ ਤੋਂ ਕਾਫੀ ਦੂਰ ਜਾਣਾ ਪੈਂਦਾ ਸੀ।ਇੱਕ ਦਿਨ ਉਹ ਸ਼ਿਕਾਰ ਦੀ ਤਲਾਸ਼ ਕਰਦਾ-ਕਰਦਾ ਜੰਗਲ ਨੇੜਲੇ ਇੱਕ ਪਿੰਡ ਕੋਲ ਪਹੁੰਚ ਗਿਆ।ਖੇਤ ਵਿੱਚ ਔਰਤਾਂ ਅਤੇ ਬੱਚੇ ਮੂੰਗਫ਼ਲੀ ਪੁੱਟਣ ਦਾ ਕੰਮ ਕਰ ਰਹੇ ਸਨ।ਉਸ ਖੇਤ ਦਾ ਇੱਕ ਕਿਨਾਰਾ ਬਿਲਕੁੱਲ ਜੰਗਲ ਦੇ ਨਾਲ ਲੱਗਦਾ ਸੀ।ਅਸੁਰ ਅਤੇ ਬੱਚਿਆਂ ਵਿੱਚ ਬਸ ਕੁੱਝ ਦਰੱਖ਼ਤਾਂ ਦੀ ਹੀ ਔਟ ਸੀ।

ਬੱਚੇ ਕੰਮ ਕਰਨ ਦੇ ਨਾਲ-ਨਾਲ ਖ਼ੇਡ ਵੀ ਰਹੇ ਸਨ।ਉਹਨਾ ਦੇ ਕੱਪੜੇ ਪਸੀਨੇ ਨਾਲ ਭਿੱਜੇ ਹੋਏ ਸਨ।ਹਵਾ ਦਾ ਰੁਖ਼ ਜੰਗਲ ਵੱਲ ਸੀ।ਅਸੁਰ ਦਰੱਖ਼ਤ ਦੇ ਓਹਲੇ ਖੜ੍ਹਾ ਬੱਚਿਆ ਅਤੇ ਔਰਤਾਂ ਵੱਲ ਹੀ ਦੇਖ ਰਿਹਾ ਸੀ।ਹਵਾ ਦੇ ਝੌਂਕੇ ਨਾਲ ਬੱਚਿਆ ਦੇ

ਪਸੀਨੇ ਦੀ ਖ਼ੁਸ਼ਬੂ ਅਸੁਰ ਦੇ ਨੱਕ ਨਾਲ ਟਕਰਾਈ। ਉਸ ਨੂੰ ਬੱਚਿਆ ਦੀ ਗੰਧ ਐਂਨੀ ਪਸੰਦ ਆਈ ਕਿ ਉਸ ਦੇ ਅੰਦਰਲਾ ਸ਼ੈਤਾਨ ਮਚਲ ਉੱਠਿਆ। ਅਸੁਰ ਇੰਤਜਾਰ ਕਰਨ ਲੱਗਾ ਕਿ ਕਦੋਂ ਕੋਈ ਬੱਚਾ ਉਸ ਦੇ ਹੱਥ ਲੱਗੇ।"

ਲੂੰਬੜ ਨੇ ਆਪਣੇ ਦਾਦਾ ਜੀ ਦੀ ਕਹਾਣੀ ਦੱਸਦੇ ਹੋਏ ਕਿਹਾ: "ਅਸੁਰ ਨੂੰ ਜਿਆਦਾ ਦੇਰ ਇੰਤਜਾਰ ਕਰਨ ਦੀ ਲੋੜ ਨਾ ਪਈ। ਬੱਚੇ ਛੁਪਣ-ਛੁਪਾਈ ਖ਼ੇਡਣ ਲੱਗੇ। ਇੱਕ ਬੱਚਾ ਲੁਕਣ ਲਈ ਉਹਨਾ ਦਰੱਖ਼ਤਾਂ ਦੇ ਪਿੱਛੇ ਆ ਗਿਆ ਜਿੱਥੇ ਅਸੁਰ ਖੜ੍ਹਾ ਇਨਸਾਨਾਂ ਵੱਲ ਹੀ ਦੇਖ ਰਿਹਾ ਸੀ। ਅਸੁਰ ਨੇ ਉਸ ਬੱਚੇ ਨੂੰ ਫੜ੍ਹ ਲਿਆ। ਬੱਚੇ ਦੇ ਮੂੰਹ ਨੂੰ ਆਪਣੇ ਹੱਥ ਨਾਲ ਬੰਦ ਕਰ ਲਿਆ ਤਾਂ ਜੋ ਬੱਚਾ ਸ਼ੋਰ ਨਾ ਕਰ ਸਕੇ। ਬੱਚੇ ਨੂੰ ਲੈ ਕੇ ਅਸੁਰ ਛੇਤੀ ਹੀ ਇਸ ਗੁਫ਼ਾ ਵਿੱਚ ਪਹੁੰਚ ਗਿਆ।

ਲੂੰਬੜ ਨੇ ਕਹਾਣੀ ਅਨੁਸਾਰ ਅੱਗੇ ਦੱਸਿਆ: "ਲੋਕਾਂ ਨੇ ਜੰਗਲ ਵਿੱਚ ਕਾਫੀ ਦੂਰ ਤੱਕ ਬੱਚੇ ਦੀ ਭਾਲ ਕੀਤੀ ਪਰ ਬੱਚੇ ਨੇ ਕਿੱਥੋਂ ਮਿਲਣਾ ਸੀ! ਉਹਨਾ ਨੇ ਸੋਚਿਆ ਕਿ ਬੱਚਾ ਕਿਸੇ ਜੰਗਲੀ ਜਾਨਵਰ ਦਾ ਸ਼ਿਕਾਰ ਬਣ ਗਿਆ ਹੈ। ਇਸ ਲਈ ਦੁਖੀ ਹਿਰਦੇ ਨਾਲ ਉਹ ਲੋਕ ਵਾਪਿਸ ਪਿੰਡ ਚਲੇ ਗਏ।"

(ਲੂੰਬੜ ਨੇ ਦੱਸਿਆ) ਗੁਫ਼ਾ ਵਿਚਲੇ ਕੈਦ ਅਸੁਰ ਬੱਚੇ ਨੂੰ ਦੇਖ ਕੇ ਖੁਸ਼ ਹੋ ਗਏ। ਉਹ ਚਲਾਕ ਅਸੁਰ ਨੂੰ ਕਹਿਣ ਲੱਗੇ: "ਇਸ ਬੱਚੇ ਨੂੰ ਖਾਣ ਦੀ ਲੋੜ ਨਹੀਂ! ਇਹ ਸਾਡੀ ਰਿਹਾਈ ਦੇ ਕੰਮ ਆਵੇਗਾ। ਕੁੱਝ ਦਿਨਾਂ ਬਾਅਦ ਮੱਸਿਆ ਹੈ। ਇੰਜ ਕਰ! ਬੱਚੇ ਨੂੰ ਆਪਣੇ ਪੁਰਖ਼ਿਆਂ ਦੇ ਮੰਦਰ ਵਿੱਚ ਲੈ ਜਾ ਅਤੇ **ਤ੍ਰਿਲੋਕੀ ਜੀ** ਦੇ ਅਘੋਰੀ ਰੂਪ ਦੇ ਆਗਮਨ ਲਈ ਇੱਕ ਯੱਗ ਕਰ। ਯੱਗ ਦੀ ਸਮਾਪਤੀ ਤੇ ਇਸ ਬੱਚੇ ਦੀ ਬਲੀ ਦੇ ਦੇਵੀਂ। ਯੱਗ ਦੇ ਫ਼ਲ ਸਵਰੂਪ **ਤ੍ਰਿਲੋਕੀ ਜੀ** ਦੇ ਅਘੋਰੀ ਰੂਪ ਕੋਲੋਂ ਸਾਡੀ ਰਿਹਾਈ ਦੀ ਮੰਗ ਕਰ ਲਵੀਂ। ਅਸੀਂ ਆਜ਼ਾਦ ਹੋ ਜਾਈਏ ਫਿਰ ਤੂੰ ਜਿੰਨੇ ਬੱਚੇ ਕਹੇਂਗਾ ਉਹ ਤੇਰੇ ਸਾਹਮਣੇ ਪੇਸ਼ ਕਰ ਦੇਵਾਂਗੇ।"

(ਲੂੰਬੜ ਨੇ ਕਹਾਣੀ ਅਨੁਸਾਰ ਦੱਸਿਆ) ਕੈਦ ਅਸੁਰਾਂ ਨੇ ਅਪਣੇ ਸਾਥੀ ਨੂੰ ਕਿਹਾ: "ਕੁੱਝ ਦਿਨ ਭੁੱਖੇ ਰਹਿਣ ਨਾਲ ਅਸੀਂ ਮਰਨ ਨੀ ਲੱਗੇ! ਤੇਰੇ ਅੱਗੇ ਬੇਨਤੀ ਕਰਦੇ ਹਾਂ ਤੂੰ ਸਾਨੂੰ ਆਜ਼ਾਦ ਕਰਵਾ ਦੇ। ਜਿੰਦਗੀ ਦੇ ਕਿਸੇ-ਨਾ-ਕਿਸੇ ਮੋੜ ਉੱਤੇ ਅਸੀਂ ਤੇਰਾ ਇਹ ਅਹਿਸਾਨ ਜਰੂਰ ਚੁਕਤਾ ਕਰਾਂਗੇ।"

(ਲੂੰਬੜ ਨੇ ਅੱਗੇ ਕਿਹਾ) ਚਲਾਕ ਅਸੁਰ ਨੇ ਅਪਣੇ ਸਾਥੀਆਂ ਦੀ ਗੱਲ ਮੰਨ ਲਈ। ਉਸ ਨੇ ਕੈਦ ਅਸੁਰਾਂ ਨੂੰ ਕਿਹਾ: "ਠੀਕ ਹੈ! ਮੈਂ ਪੂਰੀ ਕੋਸ਼ਿਸ਼ ਕਰਾਂਗਾ ਕਿ ਤੁਹਾਨੂੰ ਇਸ ਕੈਦ ਤੋਂ ਅਜਾਦੀ ਮਿਲ ਜਾਵੇ। ਮੰਦਰ ਜਾਣ ਲਈ ਹੁਣੇ ਹੀ ਨਿੱਕਲਣਾ ਚਾਹੀਦਾ ਹੈ ਕਿਉਂਕਿ ਮੱਸਿਆ ਵਿੱਚ ਸਿਰਫ਼ ਕੁੱਝ ਹੀ ਦਿਨ ਬਾਕੀ ਹਨ। ਮੇਰਾ ਇੱਕ ਦਿਨ ਤਾਂ ਮੰਦਰ ਤੱਕ ਪਹੁੰਚਣ ਵਿੱਚ ਹੀ ਗੁਜਰ ਜਾਵੇਗਾ।"

ਕੈਦ ਅਸੁਰਾਂ ਨੇ ਜਵਾਬ ਦਿੱਤਾ: "ਤੂੰ ਬਿਲਕੁੱਲ ਵੀ ਫ਼ਿਕਰ ਨਾ ਕਰ! ਅਸੀਂ ਬਹੁਤ ਹੀ ਉਤਸੁਕਤਾ ਨਾਲ ਤੇਰੇ ਆਉਣ ਦੀ ਉਡੀਕ ਕਰਾਂਗੇ। ਰੌਲਾ-ਰੱਪਾ ਵੀ ਕਰਦੇ ਰਹਾਂਗੇ ਤਾਂ ਜੋ ਸਾਡਾ ਗੱਦਾਰ ਸਾਥੀ ਦੁਬਾਰਾ ਸਮਾਧੀ ਵਿੱਚ ਨਾ ਜਾ ਸਕੇ।"

(ਲੂੰਬੜ ਦੀ ਕਹਾਣੀ ਅਨੁਸਾਰ) ਬੱਚਾ ਡਰ ਨਾਲ ਪਹਿਲਾਂ ਹੀ ਬੇਹੋਸ਼ ਹੋ ਚੁੱਕਾ ਸੀ। ਬੱਚੇ ਨੂੰ ਆਪਣੇ ਮੋਢਿਆ ਉੱਤੇ ਚੁੱਕ ਕੇ ਅਸੁਰ ਆਪਣੇ ਪੁਰਖ਼ਿਆ ਦੇ ਮੰਦਰ ਵੱਲ ਤੁਰ ਪਿਆ। ਤੱਪ ਕਰਨ ਵਾਲਾ ਅਸੁਰ ਅਜੇ ਸਮਾਧੀ ਵਿੱਚ ਨਹੀਂ ਸੀ ਗਿਆ। ਗੁਫ਼ਾ ਵਿਚਲੀ ਸਾਰੀ ਗੱਲਬਾਤ ਉਸ ਨੇ ਸੁਣ ਲਈ ਸੀ।"

ਤੱਪ ਵਾਲੇ ਅਸੁਰ ਨੇ ਸੋਚਿਆ: "ਜੇ ਮੇਰਾ ਸਾਥੀ ਬੱਚੇ ਦੀ ਬਲੀ ਦੇ ਕੇ **ਤ੍ਰਿਲੋਕੀ ਜੀ** ਨੂੰ ਬੁਲਾਉਣ ਵਿੱਚ ਸਫ਼ਲ ਹੋ ਗਿਆ ਤਾਂ ਸਭ ਤੋਂ ਪਹਿਲਾਂ ਇਹਨਾ ਨੇ ਮੇਰਾ ਹੀ ਕੰਮ-ਤਮਾਮ ਕਰਨਾ ਹੈ। ਇਸ ਲਈ ਅਘੋਰੀ ਰੂਪ ਦੇ ਆਗਮਨ ਤੋਂ ਪਹਿਲਾਂ-ਪਹਿਲਾਂ ਯੱਗ ਵਿੱਚ ਵਿਘਨ ਪੈਣਾ ਬਹੁਤ ਜਰੂਰੀ ਹੈ।"

ਲੂੰਬੜ ਨੇ ਕਹਾਣੀ ਦਾ ਅਗਲਾ ਭਾਗ ਦੱਸਦਿਆਂ ਕਿਹਾ: "ਇਸ ਸੋਚ ਨਾਲ ਤੱਪ ਕਰਨ ਵਾਲਾ ਅਸੁਰ ਵੀ ਭਗਤੀ ਨੂੰ ਭੁੱਲ ਕੇ ਦੱਬੇ ਪੈਰੀਂ ਚਲਾਕ ਅਸੁਰ ਦੇ ਪਿੱਛੇ-ਪਿੱਛੇ ਤੁਰ ਪਿਆ। ਦੂਜੇ ਦਿਨ ਚਲਾਕ ਅਸੁਰ ਆਪਣੇ ਪੁਰਖ਼ਿਆਂ ਦੇ ਮੰਦਰ ਵਿੱਚ ਪਹੁੰਚ ਚੁੱਕਾ ਸੀ। ਮੰਦਰ ਦੇ ਅੰਦਰ ਪਹੁੰਚ ਕੇ ਅਸੁਰ ਹੈਰਾਨ ਰਹਿ ਗਿਆ ਕਿਉਂਕਿ ਤੱਪ ਵਾਲੇ ਦਰਵਾਜੇ ਦੇ ਬਾਹਰ ਇੱਕ ਔਰਤ ਬੈਠੀ ਸੀ। ਉਹ ਔਰਤ ਰੱਬ ਦੀ ਭਗਤੀ ਵਿੱਚ ਲੀਨ ਸੀ। ਉਸ ਦੇ ਇੱਕ ਪਾਸੇ ਬੰਦਰ ਬੈਠਾ ਸੀ ਅਤੇ ਦੂਜੇ ਪਾਸੇ ਲੰਗੂਰ।"

(ਲੂੰਬੜ ਨੇ ਦੱਸਿਆ) ਅਸੁਰ ਨੇ ਬੱਚੇ ਨੂੰ ਤੱਪ ਅਸਥਾਨ ਦੇ ਕੋਲ ਧਰਤੀ ਉੱਤੇ ਲਟਾ ਦਿੱਤਾ। ਕੁੱਝ ਦੇਰ ਸੋਚਣ ਤੋਂ ਬਾਅਦ ਅਸੁਰ ਨੇ ਉਸ ਔਰਤ ਨੂੰ ਕਿਹਾ: "ਮੈਂ ਇਸ ਮੰਦਰ ਵਿੱਚ ਯੱਗ ਕਰਨ ਲਈ ਆਇਆ ਹਾਂ। ਯੱਗ ਕਰਨਾ ਬਹੁਤ ਜਰੂਰੀ ਹੈ। ਮੇਰੀ ਪ੍ਰਾਰਥਨਾ ਹੈ ਕਿ ਤੁਸੀਂ ਇਸ ਮੰਦਰ ਵਿੱਚੋਂ ਬਾਹਰ ਨਿੱਕਲ ਜਾਓ। ਮੱਸਿਆ ਤੋਂ ਦੂਜੇ ਦਿਨ ਮੈਂ ਇਸ ਮੰਦਰ ਵਿੱਚੋਂ ਚਲਾ ਜਾਵਾਂਗਾ। ਉਸ ਤੋਂ ਬਾਅਦ ਤੁਸੀਂ ਇਸ ਮੰਦਰ ਵਿੱਚ ਦੁਬਾਰਾ ਆ ਕੇ ਬੈਠ ਸਕਦੇ ਹੋ। ਮੈਂ ਇੱਕ ਅਸੁਰ ਹਾਂ। ਇਹ ਮੰਦਰ ਸਾਡੇ ਪੁਰਖ਼ਿਆਂ ਨੇ **ਤ੍ਰਿਲੋਕੀ ਜੀ** ਦੇ ਆਸ਼ੀਰਵਾਦ ਨਾਲ ਬਣਵਾਇਆ ਸੀ।"

(ਲੂੰਬੜ ਦੀ ਕਹਾਣੀ ਅਨੁਸਾਰ) ਅਸੁਰ ਨੇ ਔਰਤ ਨੂੰ ਕਿਹਾ: "ਮੰਦਰ ਦੇ ਬਣਨ ਸਮੇਂ ਤੋਂ ਹੀ ਇਹ ਰੀਤ ਚਲਦੀ ਆ ਰਹੀ ਹੈ ਕਿ ਇਸ ਮੰਦਰ ਵਿੱਚ ਪੂਜਾ-ਪਾਠ ਕਰਨ ਦਾ ਪਹਿਲਾ ਹੱਕ ਅਸੁਰਾਂ ਕੋਲ ਹੈ। ਉਹਨਾ ਦੀ ਗੈਰ-ਮੌਜੂਦਗੀ ਵਿੱਚ ਹੀ ਕੋਈ ਦੂਸਰਾ ਇਸ ਮੰਦਰ ਵਿੱਚ ਭਗਤੀ ਕਰ ਸਕਦਾ ਹੈ। ਮੇਰੇ ਸਾਥੀ ਗੁਫ਼ਾ ਵਿੱਚ ਕੈਦ ਹਨ। ਪਤਾਲ ਦੇਵਤਾ ਦਾ ਦੂਤ ਉਹਨਾ ਨੂੰ ਗੁਫ਼ਾ ਦੀਆਂ ਦੀਵਾਰਾਂ ਨਾਲ ਬੰਨ ਗਿਆ ਹੈ। ਮੇਰਾ ਉਹਨਾ ਨੂੰ ਆਜ਼ਾਦ ਕਰਵਾਉਣਾ ਬਹੁਤ ਜਰੂਰੀ ਹੈ। ਇਸ ਸਮੇਂ ਮੈਂ **ਤ੍ਰਿਲੋਕੀ ਜੀ** ਦੇ ਅਘੋਰੀ ਰੂਪ ਦੇ ਆਗਮਨ ਲਈ ਯੱਗ ਦੀ ਤਿਆਰੀ ਕਰਨ ਲੱਗਾ ਹਾਂ। ਮੱਸਿਆ ਵਿੱਚ ਥੋੜ੍ਹੇ ਹੀ ਦਿਨ ਬਚੇ ਹਨ।"

ਅਸੁਰ ਨੇ ਉਸ ਔਰਤ ਨੂੰ ਉੱਚੀ ਅਵਾਜ ਵਿੱਚ ਕਿਹਾ: "ਇਸ ਸਮੇਂ ਗੁੱਸਾ ਜਾਂ ਲੜਾਈ ਕਰਨ ਦਾ ਮੇਰਾ ਕੋਈ ਇਰਾਦਾ ਨਹੀਂ।ਮੇਰੀ ਬੇਨਤੀ ਨੂੰ ਸਵੀਕਾਰ ਕਰਦੇ ਹੋਏ ਤੁਸੀਂ ਮੰਦਰ ਵਿੱਚੋਂ ਬਾਹਰ ਨਿੱਕਲ ਜਾਵੋ!!"

ਲੂੰਬੜ ਨੇ ਅੱਗੇ ਦੱਸਿਆ: "ਔਰਤ ਨੂੰ ਚੇਤਾਵਨੀ ਦੇਣ ਤੋਂ ਬਾਅਦ ਅਸੁਰ ਚੁੱਪ ਕਰ ਗਿਆ।ਉਸਨੇ ਔਰਤ ਦੇ ਕੋਲ ਪਈਆਂ ਲੱਕੜਾਂ ਨੂੰ ਚੁੱਕਿਆ ਅਤੇ ਤੱਪ ਅਸਥਾਨ ਦੇ ਕੋਲ ਲੈ ਗਿਆ।ਸਾਫ਼-ਸਫ਼ਾਈ ਕਰਨ ਤੋਂ ਬਾਅਦ ਉਸਨੇ ਲਕੜਾਂ ਹਵਨ ਕੁੰਡ ਵਿੱਚ ਪਾ ਦਿੱਤੀਆਂ।ਅਚਾਨਕ ਲੰਗੂਰ ਆਇਆ ਅਤੇ ਹਵਨ-ਕੁੰਡ ਵਿੱਚੋਂ ਲੱਕੜਾਂ ਚੁੱਕ ਕੇ ਔਰਤ ਦੇ ਕੋਲ ਲੈ ਗਿਆ।ਕੁੱਝ ਦੇਰ ਇਹੋ ਸਿਲਸਿਲਾ ਚੱਲਦਾ ਰਿਹਾ।ਅਸੁਰ ਲੱਕੜਾਂ ਚੁੱਕ ਕੇ ਆਪਣੇ ਹਵਨ-ਕੁੰਡ ਵਿੱਚ ਰੱਖ ਲੈਂਦਾ।ਜਦੋਂ ਉਹ ਬੈਠਣ ਲੱਗਦਾ ਤਾਂ ਲੰਗੂਰ ਲੱਕੜਾਂ ਚੁੱਕ ਕੇ ਵਾਪਿਸ ਔਰਤ ਕੋਲ ਲੈ ਜਾਂਦਾ।

(ਲੂੰਬੜ ਦੇ ਦਾਦਾ ਜੀ ਦੀ ਕਹਾਣੀ ਦੇ ਮੁਤਾਬਕ) ਘੰਟੇ-ਕੁ-ਬਾਅਦ ਚਲਾਕ ਅਸੁਰ ਨੂੰ ਗੁੱਸਾ ਚੜ੍ਹ ਗਿਆ।ਗੁੱਸੇ ਵਿੱਚ ਆ ਕੇ ਅਸੁਰ ਨੇ ਉੱਚੀ-ਉੱਚੀ ਬੋਲਣਾ ਸ਼ੁਰੂ ਕਰ ਦਿੱਤਾ।ਉਸ ਨੇ ਤੱਪ ਦਰਵਾਜੇ ਅੱਗੇ ਬੈਠੀ ਔਰਤ ਨੂੰ ਕਿਹਾ: "ਤੂੰ ਮੈਨੂੰ ਪਰੇਸ਼ਾਨ ਕਿਉਂ ਕਰ ਰਹੀਂ ਏਂ! ਮੈਂ-ਕਿੰਨੀ-ਕੁ ਵਾਰੀ ਇਹ ਗੱਲ ਸਮਝਾਵਾਂ ਕਿ ਇਹ ਮੰਦਰ ਮੇਰੇ ਪੁਰਿਖ਼ਆਂ ਨੇ ਬਣਵਾਇਆ ਸੀ ਇਸ ਲਈ ਇਸ ਮੰਦਰ ਵਿੱਚ ਪੂਜਾ-ਪਾਠ ਕਰਨ ਦਾ ਪਹਿਲਾਂ ਹੱਕ ਮੇਰਾ ਹੈ।"

(ਲੂੰਬੜ ਨੇ ਦੱਸਿਆ) ਦਾਦਾ ਜੀ ਦੀ ਕਹਾਣੀ ਅਨੁਸਾਰ ਔਰਤ ਨੇ ਅਸੁਰ ਦੀ ਕਿਸੇ ਗੱਲ ਦਾ ਕੋਈ ਜਵਾਬ ਨਾ ਦਿੱਤਾ।ਉਸਨੇ ਆਪਣੇ ਹੱਥ ਨੂੰ ਹਵਾ ਵਿੱਚ ਲਹਿਰਾਇਆ ਅਤੇ ਲੰਗੂਰ ਨੂੰ ਇਸ਼ਾਰਾ ਕੀਤਾ।ਔਰਤ ਦੇ ਹੱਥ ਵੱਲ ਦੇਖਣ ਤੋਂ ਬਾਅਦ ਲੰਗੂਰ ਨੇ ਲੱਕੜਾਂ ਚੁੱਕ ਕੇ ਹਵਨ-ਕੁੰਡ ਦੇ ਕੋਲ ਰੱਖ ਦਿੱਤੀਆਂ।ਇਸ ਨਾਲ ਅਸੁਰ ਦਾ ਗੁੱਸਾ ਕੁੱਝ ਠੰਡਾ ਹੋ ਗਿਆ।ਹਵਨ-ਕੁੰਡ ਵਿੱਚ ਅੱਗ ਬਾਲਣ ਤੋਂ ਬਾਅਦ ਉਹ ਤਪ-ਸਥਾਨ ਤੇ ਬੈਠ ਗਿਆ।ਅਸੁਰ ਨੇ ਅਪਣੇ ਹੱਥ ਵਿੱਚੋਂ ਖ਼ੂਨ ਕੱਢ ਕੇ ਅੱਗ ਦੇ ਉੱਤੇ ਪਾਇਆ ਅਤੇ ਫਿਰ ਉੱਚੀ-ਉੱਚੀ ਮੰਤਰਾਂ ਦਾ ਜਾਪ ਕਰਨ ਲੱਗਾ।"

**(ਲੂੰਬੜ ਨੇ ਅੱਗੇ ਦੱਸਿਆ)** ਅਸੁਰ ਨੂੰ ਤੱਪ ਕਰਦਿਆਂ ਪੰਜ ਦਿਨ ਹੋ ਗਏ ਸਨ। ਮੱਸਿਆ ਦੀ ਰਾਤ ਵਿੱਚ ਸਿਰਫ਼ ਦੋ ਜਾਂ ਤਿੰਨ ਦਿਨ ਬਾਕੀ ਸਨ। ਉਸਨੇ ਬੱਚੇ ਨੂੰ ਹੋਸ਼ ਵਿੱਚ ਲਿਆਉਣ ਲਈ ਕੋਈ ਜੜ੍ਹੀ-ਬੂਟੀ ਸੁੰਘਾਈ ਅਤੇ ਬੱਚਾ ਹੋਸ਼ ਵਿੱਚ ਆ ਗਿਆ। ਬੱਚੇ ਨੇ ਇੱਧਰ-ਉੱਧਰ ਦੇਖਿਆ। ਅਪਣੇ ਸਾਹਮਣੇ ਅਸੁਰ ਨੂੰ ਦੇਖ ਕੇ ਉਹ ਉੱਚੀ-ਉੱਚੀ ਰੋਣ ਲੱਗਾ। ਬੱਚੇ ਦੀ ਉਮਰ ਪੰਜ-ਕੁ-ਸਾਲ ਦੀ ਸੀ।

**(ਲੂੰਬੜ ਨੇ ਦੱਸਿਆ)** ਅਸੁਰ ਨੇ ਪੂਜਾ ਸਥਾਨ ਦੇ ਕੋਲ ਪਏ ਫ਼ਲ ਚੁੱਕ ਕੇ ਬੱਚੇ ਨੂੰ ਦਿੰਦੇ ਹੋਏ ਕਿਹਾ: "ਬੱਚੇ! ਤੈਨੂੰ ਮੇਰੇ ਕੋਲੋਂ ਡਰਨ ਦੀ ਜਰੂਰਤ ਨਹੀਂ! ਮੈਂ ਤੈਨੂੰ ਕੁੱਝ ਨਹੀਂ ਕਹਿੰਦਾ। ਇਹ ਫ਼ਲ ਖਾ ਲੈ! ਤੇਰੇ ਮਾਤਾ-ਪਿਤਾ ਇਸ ਮੰਦਰ ਵਿੱਚ ਪਹੁੰਚਣ ਹੀ ਵਾਲੇ ਹਨ। ਮੈਂ ਯੱਗ ਕਰ ਰਿਹਾ ਹਾਂ। ਤੂੰ ਰੋ ਕੇ ਮੈਨੂੰ ਪਰੇਸ਼ਾਨ ਨਾ ਕਰ!!"

**(ਲੂੰਬੜ ਨੇ ਸਿਰਜੂ ਅਤੇ ਭੇੜੀਏ ਨੂੰ ਦੱਸਿਆ)** ਬੱਚਾ ਡਰ ਨਾਲ ਚੁੱਪ ਹੋ ਗਿਆ। ਭੁੱਖ਼ ਕਾਰਨ ਉਸ ਨੇ ਅਸੁਰ ਵੱਲੋਂ ਦਿੱਤੇ ਫ਼ਲ ਖਾ ਲਏ। ਔਰਤ ਅਜੇ ਤੱਕ ਮੰਦਰ ਵਿੱਚ ਹੀ ਸੀ। ਉਹ ਆਰਾਮ ਨਾਲ ਬੈਠੀ ਰੱਬ ਦੀ ਬੰਦਗੀ ਕਰਦੀ ਰਹੀ। ਲੰਗੂਰ ਅਤੇ ਬਾਂਦਰ ਵੀ ਉਸ ਦੇ ਕੋਲ ਹੀ ਬੈਠੇ ਸਨ। ਅਸੁਰ ਨੂੰ ਉਹਨਾ ਵੱਲ ਦੇਖ ਕੇ ਗੁੱਸਾ ਤਾਂ ਬਹੁਤ ਚੜ੍ਹ ਰਿਹਾ ਸੀ ਪਰ ਉਸ ਦੇ ਕੋਲ ਐਂਨਾ ਸਮਾਂ ਹੀ ਨਹੀਂ ਸੀ ਕਿ ਉਹ ਔਰਤ ਨਾਲ ਕੋਈ ਬਹਿਸ ਕਰਦਾ। ਬਸ ਉਹ ਅਪਣੇ ਦਿਲ ਵਿੱਚ ਸੋਚ ਰਿਹਾ ਸੀ ਕਿ ਯੱਗ ਦੀ ਸਮਾਪਤੀ ਹੋ ਜਾਵੇ ਫਿਰ ਦੇਖਦਾ ਹਾਂ ਇਹਨਾ ਨੂੰ।



# ਅਧਿਆਏ

# 13

## ਸੁਗੰਧਿਤ ਮਿੱਟੀ

# 13. ਸੁਗੰਧਿਤ ਮਿੱਟੀ

ਲੂੰਬੜ ਲਗਾਤਾਰ ਕਹਾਣੀ ਸੁਣਾ ਰਿਹਾ ਸੀ।ਉਸਨੇ ਸਿਰਜੂ ਅਤੇ ਭੇੜੀਏ ਨੂੰ ਕਿਹਾ: "ਬੋਲ-ਬੋਲ ਕੇ ਮੇਰਾ ਤਾਂ ਗਲਾ ਥੱਕ ਗਿਆ ਏ।ਪਹਿਲਾਂ ਘੁੱਟ ਪਾਣੀ ਪੀ ਲਵਾਂ ਅੱਗੇ ਦੀ ਕਹਾਣੀ ਫਿਰ ਦੱਸਾਂਗਾ।ਪਾਣੀ ਲੱਭੋ ਗੁਫ਼ਾ 'ਚੋਂ!!"

ਸਿਰਜੂ ਅਤੇ ਭੇੜੀਆ ਪਾਣੀ ਦੀ ਤਲਾਸ਼ ਵਿੱਚ ਆਲੇ-ਦੁਆਲੇ ਦੇਖਣ ਲੱਗੇ।ਗੁਫ਼ਾ ਵਿੱਚ ਪਾਣੀ ਦਿਖਾਈ ਨਾ ਦਿੱਤਾ।ਉਹ ਕੁੱਝ ਕਰਦੇ ਉਸ ਤੋਂ ਪਹਿਲਾਂ ਹੀ ਗੁਫ਼ਾ ਦੀ ਛੱਤ ਵਿੱਚੋਂ ਇੱਕ ਤਸ਼ਕਰੀ ਨੁਮਾ ਲਿਸ਼ਕਦੀ ਹੋਈ ਚੀਜ ਭੇੜੀਏ ਵੱਲ ਵਧਣ ਲੱਗੀ।"

ਲੂੰਬੜ ਨੇ ਸਿਰਜੂ ਅਤੇ ਭੇੜੀਏ ਨੂੰ ਕਿਹਾ: "ਜਲਦੀ ਕਰੋ! ਇਹ ਜਗ੍ਹਾ ਛੱਡ ਕੇ ਗੁਫ਼ਾ ਦੀ ਉਸ ਕੰਧ ਕੋਲ ਪਹੁੰਚਦੇ ਹਾਂ ਜਿਸ ਕੰਧ ਵਿੱਚ ਲਾਲ ਰੇਖਾਵਾਂ ਸਮਾਈਆਂ ਸਨ।"

ਉਹ ਤਿੰਨੋਂ ਭੱਜ ਕੇ ਉਸ ਕੰਧ ਦੀ ਓਟ ਵਿੱਚ ਹੋ ਗਏ।ਭੇੜੀਏ ਨੇ ਸਿਰਜੂ ਅਤੇ ਲੂੰਬੜ ਨੂੰ ਕਿਹਾ: "ਮੈਂ ਫ਼ਰਿਸ਼ਤੇ ਵੱਲੋਂ ਦਿੱਤੀ ਹੋਈ ਤਾਕਤ ਦੀ ਵਰਤੋਂ ਕਰਕੇ ਇਸ ਤਸ਼ਕਰੀ ਨੂੰ ਰੋਕਨ ਦੀ ਕੋਸ਼ਿਸ਼ ਕਰਦਾ ਹਾਂ।"

ਤਸ਼ਕਰੀ ਗੁਫ਼ਾ ਵਿੱਚ ਗੋਲ-ਗੋਲ ਘੁੰਮ ਰਹੀ ਸੀ।ਭੇੜੀਏ ਨੇ ਧਰਤੀ ਉੱਤੇ ਬੈਠ ਕੇ ਮੰਤਰ ਬੋਲਿਆ।ਮੰਤਰ ਬੋਲਣ ਤੋਂ ਬਾਅਦ ਭੇੜੀਏ ਦੇ ਮੂੰਹ ਵਿੱਚੋਂ ਅੱਗ ਨਿੱਕਲਣ ਲੱਗੀ।ਭੇੜੀਏ ਨੇ ਆਪਣਾ ਮੂੰਹ ਉਸ ਤਸ਼ਕਰੀ ਵੱਲ ਕੀਤਾ ਪਰ ਉਸ ਤਸ਼ਕਰੀ ਉੱਤੇ ਅੱਗ ਦਾ ਕੋਈ ਅਸਰ ਨਾ ਹੋਇਆ।

ਸਿਰਜੂ ਨੇ ਦੇਖਿਆ ਕਿ ਥੜ੍ਹੇ ਉੱਤੇ ਪਏ ਬੱਚੇ ਦੇ ਸ਼ਰੀਰ ਵਿੱਚ ਹਲਚਲ ਘੱਟ ਰਹੀ ਹੈ। ਬੱਚੇ ਦੀ ਇਹ ਹਾਲਤ ਦੇਖ ਕੇ ਸਿਰਜੂ ਘਬਰਾ ਗਿਆ। ਇਸ ਲਈ ਉਹ ਬਿਨਾਂ ਕੁੱਝ ਸੋਚੇ ਸਮਝੇ ਭੱਜ ਕੇ ਥੜ੍ਹੇ ਉੱਪਰ ਪਹੁੰਚ ਗਿਆ। ਉਸ ਨੇ ਜਲਦੀ ਨਾਲ ਬੱਚੇ ਨੂੰ ਗੋਦ ਵਿੱਚ ਚੁੱਕ ਲਿਆ।

ਬੱਚੇ ਨੂੰ ਗੋਦ ਵਿੱਚ ਚੁੱਕਣ ਦੇ ਨਾਲ ਹੀ ਸਿਰਜੂ ਸੁਨਿਹਰੀ ਕਿਰਨਾਂ ਦੇ ਜਾਲ ਵਿੱਚ ਫ਼ਸ ਗਿਆ। ਉਸ ਨੇ ਘਬਰਾ ਕੇ ਲੂੰਬੜ ਅਤੇ ਭੇੜੀਏ ਵੱਲ ਦੇਖਿਆ। ਉਹਨਾ ਦੋਵਾਂ ਦਾ ਧਿਆਨ ਤਸ਼ਕਰੀ ਵੱਲ ਸੀ। ਸਿਰਜੂ ਨੇ ਖੁਦ ਹੀ ਆਪਣੇ-ਆਪ ਨੂੰ ਤਸੱਲੀ ਦਿੱਤੀ ਅਤੇ ਘਬਰਾਹਟ ਉੱਤੇ ਕਾਬੂ ਪਾ ਲਿਆ। ਉਹ ਆਪਣੇ ਹੱਥਾਂ ਨਾਲ ਬੱਚੇ ਦੇ ਸ਼ਰੀਰ ਨੂੰ ਸਹਿਲਾਉਣ ਲੱਗਾ। ਬੱਚੇ ਦੇ ਹੱਥਾਂ-ਪੈਰਾਂ ਦੀ ਮਾਲਸ਼ ਕਰਨ ਲੱਗਾ। ਥੋੜ੍ਹੀ ਹੀ ਦੇਰ ਤੋਂ ਬਾਅਦ ਸਿਰਜੂ ਨੂੰ ਆਪਣੇ ਸ਼ਰੀਰ ਉੱਤੇ ਕਿਰਨਾਂ ਦੀ ਚੁਬਣ ਮਹਿਸੂਸ ਹੋਣ ਲੱਗੀ।

ਸਿਰਜੂ ਨੇ ਭੇੜੀਏ ਨੂੰ ਕਿਹਾ: "ਇਸ ਤਸ਼ਕਰੀ ਉੱਤੇ ਤੇਰੀ ਅੱਗ ਦਾ ਕੋਈ ਅਸਰ ਨਹੀਂ ਹੋ ਰਿਹਾ। ਜਲਦੀ ਨਾਲ ਇਸ ਅੱਗ ਦੀ ਦਿਸ਼ਾ ਮੇਰੇ ਉੱਤੇ ਪੈ ਰਹੀਆਂ ਸੁਨਿਹਰੀ ਕਿਰਨਾਂ ਵੱਲ ਕਰ। ਹੋ ਸਕਦਾ ਹੈ ਤੇਰੇ ਮੂੰਹ ਵਾਲੀ ਅੱਗ ਨਾਲ ਇਹ ਜਾਲ ਟੁੱਟ ਹੀ ਜਾਵੇ!!!"

ਭੇੜੀਏ ਨੇ ਮੂੰਹ ਦੀ ਦਿਸ਼ਾ ਥੜ੍ਹੇ ਵੱਲ ਕੀਤੀ ਪਰ ਸੁਨਿਹਰੀ ਕਿਰਨਾਂ ਦੇ ਜਾਲ ਉੱਤੇ ਵੀ ਉਸ ਅੱਗ ਦਾ ਕੋਈ ਅਸਰ ਨਾ ਹੋਇਆ। ਕਿਰਨਾਂ ਨਾਲ ਸਿਰਜੂ ਦੀ ਪਿੱਠ ਦਾ ਮਾਸ ਸੜਣਾ ਸ਼ੁਰੂ ਹੋ ਗਿਆ। ਜਦੋਂ ਭੇੜੀਏ ਨੇ ਦੇਖਿਆ ਕਿ ਉਸ ਦੇ ਮੂੰਹ ਵਿੱਚੋਂ ਨਿਕਲਣ ਵਾਲੀ ਅੱਗ ਨਾਲ ਵਾਪਰ ਰਹੀਆਂ ਘਟਨਾਵਾਂ ਉੱਤੇ ਕੋਈ ਅਸਰ ਨਹੀਂ ਹੋ ਰਿਹਾ ਤਾਂ ਉਸ ਨੇ ਉੱਚੀ ਆਵਾਜ਼ ਵਿੱਚ ਕਿਸੇ ਨੂੰ ਪੁਕਾਰਿਆ।

ਭੇੜੀਏ ਦੀ ਪੁਕਾਰ ਸੁਣ ਕੇ ਤੋਤੇ ਨੇ ਗੁਫ਼ਾ ਅੰਦਰ ਪਹੁੰਚ ਕੇ ਬੌਣੇ ਦਾ ਰੂਪ ਲੈ ਲਿਆ।ਉਸ ਨੇ ਮੂੰਹ ਵਿੱਚੋਂ ਅੱਗ ਦਾ ਗੋਲਾ ਕੱਢਿਆ ਅਤੇ ਤਸ਼ਕਰੀ ਵੱਲ ਉਛਾਲ ਦਿੱਤਾ।ਤਸ਼ਕਰੀ ਤੇਜੀ ਨਾਲ ਗੁਫ਼ਾ ਦੀ ਛੱਤ ਵਿੱਚ ਵਾਪਿਸ ਚਲੀ ਗਈ ਅਤੇ ਅੱਗ ਦਾ ਗੋਲਾ ਵਾਪਿਸ ਬੌਣੇ ਦੇ ਹੱਥ ਵਿੱਚ ਆ ਗਿਆ।

ਲੂੰਬੜ ਅਪਣੇ ਦਿਮਾਗ ਤੇ ਜੋਰ ਦੇ ਕੇ ਦਾਦਾ ਜੀ ਦੀ ਕਹਾਣੀ ਨੂੰ ਯਾਦ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਜੋ ਕੋਈ ਅਜਿਹਾ ਸੁਰਾਗ ਮਿਲ ਜਾਵੇ ਜਿਸ ਨਾਲ ਗੁਫ਼ਾ ਵਿੱਚ ਵਾਪਰ ਰਹੀਆਂ ਘਟਨਾਵਾਂ ਉੱਤੇ ਕਾਬੂ ਪਾਇਆ ਜਾ ਸਕੇ।

ਅੱਧੇ-ਕੁ-ਘੰਟੇ ਬਾਅਦ ਲੂੰਬੜ ਨੂੰ ਆਪਣੇ ਦਾਦਾ ਜੀ ਦੀ ਕਹਾਣੀ ਵਿੱਚੋਂ ਕੋਈ ਸੁਰਾਗ ਮਿਲਿਆ।ਉਹ ਭੱਜ ਕੇ ਗੁਫ਼ਾ ਤੋਂ ਬਾਹਰ ਨਿੱਕਲ ਗਿਆ।ਬਾਹਰ ਜਾ ਕੇ ਲੂੰਬੜ ਓਸ ਜਗ੍ਹਾ ਉੱਤੇ ਖੜਾ ਹੋ ਗਿਆ ਜਿਸ ਜਗ੍ਹਾ ਫ਼ਕੀਰ ਸਮਾਧੀ ਵਿੱਚ ਲੀਨ ਹੋਇਆ ਸੀ।

ਕੁੱਝ ਦੇਰ ਬਾਅਦ ਲੂੰਬੜ ਗੁਫ਼ਾ ਵਿੱਚ ਵਾਪਿਸ ਆਇਆ ਅਤੇ ਬੌਣੇ ਨੂੰ ਕਹਿਣ ਲੱਗਾ: "ਫ਼ਕੀਰ ਦੀ ਸਮਾਧੀ ਵਾਲੀ ਥਾਂ ਤੋਂ ਜਿਹੜੀ ਸੁਗੰਧ ਆ ਰਹੀ ਹੈ, ਉਸ ਸੁਗੰਧ ਦਾ ਵਰਨਣ ਮੇਰੇ ਦਾਦਾ ਜੀ ਦੀ ਕਹਾਣੀ ਵਿੱਚ ਸੀ।ਉਸ ਸੁਗੰਧਿਤ ਮਿੱਟੀ ਦਾ ਸੁਨਿਹਰੀ ਕਿਰਨਾਂ ਨਾਲ ਗੂੜ੍ਹਾ ਸੰਬੰਧ ਹੈ।ਉਸ ਮਿੱਟੀ ਨਾਲ ਹੀ ਫ਼ਕੀਰ ਦਾ ਬਚਾਅ ਹੋਇਆ ਸੀ।ਜਲਦੀ ਮੇਰੇ ਨਾਲ ਬਾਹਰ ਚੱਲੋ।ਸਮਾਧੀ ਵਾਲੀ ਮਿੱਟੀ ਨੂੰ ਸਿਰਜੂ ਉੱਤੇ ਸੁੱਟ ਕੇ ਦੇਖਦੇ ਹਾਂ।ਕੀ ਪਤਾ ਫ਼ਕੀਰ ਵਾਂਗ ਸਿਰਜੂ ਅਤੇ ਬੱਚਾ ਵੀ ਬਚ ਜਾਣ!!!"



# ਅਧਿਆਏ

# 14

# ਦਾਨਵ

# 14. ਦਾਨਵ

ਬੌਣੇ ਨੇ ਸਿਰਜੂ ਦੀ ਗੱਲ ਮੰਨ ਲਈ।ਜਦੋਂ ਬੌਣਾ ਅਤੇ ਲੂੰਬੜ ਗੁਫ਼ਾਂ ਤੋਂ ਬਾਹਰ ਨਿੱਕਲਣ  ਲੱਗੇ ਤਾਂ ਇੱਕ ਦਾਨਵ ਨੇ ਉਹਨਾ ਦਾ ਰਸਤਾ ਰੋਕ ਲਿਆ।ਦਾਨਵ ਦੇਖਣ ਵਿੱਚ ਬਹੁਤ ਭਿਆਨਕ ਸੀ।ਲੂੰਬੜ ਵੱਲ ਦੇਖ ਕੇ ਦਾਨਵ ਦੇ ਮੂੰਹ ਵਿੱਚੋਂ ਪਾਣੀ ਦੀਆਂ ਲਾਰਾਂ ਵਗਣ ਲੱਗੀਆਂ।

ਦਾਨਵ ਨੇ ਅਟਹਾਸ ਲਗਾ ਕੇ ਲੂੰਬੜ ਅਤੇ ਬੌਣੇ ਵੱਲ ਦੇਖਿਆ।ਕੁੱਝ ਦੇਰ ਹੱਸਣ ਬਾਅਦ ਉਸਨੇ ਕਿਹਾ: "ਵਾਹ ਵਾਹ! ਮਜਾ ਆ ਗਿਆ!!ਸਦੀਆਂ ਤੋਂ ਬਾਅਦ ਅੱਜ ਮੈਨੂ ਇਨਸਾਨ ਅਤੇ ਜਨਾਵਰ ਦਾ ਮਾਸ ਖਾਣ ਲਈ ਮਿਲੇਗਾ!!"

ਲੂੰਬੜ ਘਬਰਾ ਗਿਆ ਪਰ ਛੇਤੀ ਹੀ ਉਸ ਨੂੰ ਆਪਣੇ ਦਾਦਾ ਜੀ ਦੀ ਕਹਾਣੀ ਵਾਲਾ ਪਾਤਰ ਯਾਦ ਆ ਗਿਆ।ਕਹਾਣੀ ਦੇ ਪਾਤਰ ਨੂੰ ਯਾਦ ਕਰਦੇ ਹੋਏ ਲੂੰਬੜ ਨੇ ਦਾਨਵ ਨੂੰ ਕਿਹਾ: "ਹੇ ਦਾਨਵ! ਉਸ ਔਰਤ ਨੂੰ ਯਾਦ ਕਰ ਜਿਸਨੇ ਮੰਦਰ ਵਿੱਚ ਤੈਨੂੰ ਅਸੁਰ ਕੋਲੋਂ ਬਚਾ ਕੇ ਸਦੀਆਂ ਤੱਕ ਜੀਣ ਦਾ ਵਰ ਦਿੱਤਾ ਸੀ।ਜੇ ਉਹ ਔਰਤ ਤੈਨੂੰ ਇਹਨਾ ਅਸੁਰਾਂ ਕੋਲੋਂ ਨਾ ਬਚਾਉਂਦੀ ਤਾਂ ਤੇਰਾ ਵਜੂਦ ਤਾਂ ਓਸੇ ਮੰਦਰ ਵਿੱਚ ਖ਼ਤਮ ਹੋ ਜਾਣਾ ਸੀ। "

(ਲੂੰਬੜ ਨੇ ਦਾਨਵ ਨੂੰ ਕਿਹਾ) ਤੈਨੂੰ ਜ਼ਿੰਦਗੀ ਬਖ਼ਸ਼ਣ ਤੋਂ ਬਾਅਦ ਅਸੁਰਾਂ ਨੂੰ ਵੰਗਾਰਦੇ ਹੋਏ ਉਸ ਔਰਤ ਨੇ ਬਹੁਤ ਹੀ ਮਾਨ ਨਾਲ ਕਿਹਾ ਸੀ: "ਹਿੰਮਤ ਹੈ ਤਾਂ ਬੱਚੇ ਦੀ ਬਲੀ ਦੇਕੇ ਦਿਖਾਓ! ਬਲੀ ਤਾਂ ਦੂਰ ਦੀ ਗੱਲ ਹੈ, ਤੁਸੀਂ ਇਸਨੂੰ ਹੱਥ ਲਾ ਕੇ ਦਿਖਾ ਦੇਵੋ! ਮੇਰੀ ਭਗਤੀ ਅਤੇ ਸ਼ਕਤੀ ਨਾਲ ਇਹ ਬੱਚਾ ਸਦੀਆਂ ਤੱਕ ਮੌਤ ਦੇ ਸਾਏ ਤੋਂ ਦੂਰ ਰਹੇਗਾ।ਭਵਿੱਖ਼ ਵਿੱਚ ਇਹ ਬੱਚਾ ਦਾਨਵ ਦਾ ਰੂਪ ਲੈ ਕੇ ਇਸੇ ਜੰਗਲ ਵਿੱਚ ਵਿਚਰਦਾ ਰਹੇਗਾ।ਇਹ ਬੱਚਾ ਉਹਨਾ ਲੋਕਾਂ ਦੀ ਮੱਦਦ ਕਰੇਗਾ ਜੋ ਰੱਬ ਦੇ ਰਾਹ ਉੱਤੇ ਚੱਲ

ਰਹੇ ਹੋਣਗੇ।ਬੇਵਕੂਫ਼ ਦਾਨਵ! ਕੁੱਝ ਤਾਂ ਸ਼ਰਮ ਕਰ ਲੈ! ਇਹ ਮੁੱਲ ਪਾਇਆ ਉਸ ਔਰਤ ਦੀ ਭਗਤੀ ਦਾ! ਡਰ ਉਸ ਦਿਨ ਤੋਂ ਜਦੋਂ ਉਸ ਔਰਤ ਦੀ ਦਿੱਤੀ ਹੋਈ ਭਗਤੀ ਖ਼ਤਮ ਹੋ ਜਾਵੇਗੀ!"

ਲੂੰਬੜ ਨੇ ਦਾਨਵ ਨੂੰ ਨਫ਼ਰਤ ਭਰੇ ਲਹਿਜੇ ਵਿੱਚ ਕਿਹਾ:

"ਬੇਸ਼ਰਮਾਂ!

ਤੂੰ ਤਾਂ ਅਸੁਰਾਂ ਨੂੰ ਵੀ ਮਾਤ ਕਰ ਗਿਆ!

ਤੈਨੂੰ ਪਤਾ ਵੀ ਹੈ ਕਿ ਮੈਨੂੰ ਖਾਣ ਤੋਂ ਬਾਅਦ ਤੇਰਾ ਕੀ ਹਸ਼ਰ ਹੋਵੇਗਾ?

ਆਜਾ ਮੇਰੇ ਕੋਲ਼ ਅਤੇ ਖ਼ਾ ਲੈ ਮੈਨੂੰ!!"

ਲੂੰਬੜ ਦੇ ਮੂੰਹੋਂ ਅਜਿਹੀਆਂ ਗੱਲਾਂ ਸੁਣ ਕੇ ਦਾਨਵ ਠਠੰਬਰ ਗਿਆ।ਉਹ ਹੈਰਾਨੀ ਨਾਲ ਲੂੰਬੜ ਵੱਲ ਦੇਖਣ ਲੱਗਾ।ਦਾਨਵ ਨੇ ਲੂੰਬੜ ਨੂੰ ਪੁੱਛਿਆ: "ਲੂੰਬੜ ਦੇ ਰੂਪ ਵਿੱਚ ਤੂੰ ਕੌਣ ਏਂ? ਮੇਰੇ ਬਾਰੇ ਕਿਵੇਂ ਜਾਣਦਾ ਏਂ? ਜਲਦੀ ਦੱਸ! ਮੇਰੇ ਬਾਰੇ ਐਂਨੀ ਜਾਣਕਾਰੀ ਤੈਨੂੰ ਕਿਸ ਨੇ ਦਿੱਤੀ ਹੈ? ਕੌਣ ਹੈ ਉਹ ਇਨਸਾਨ?"

ਲੂੰਬੜ ਨੇ ਦਾਨਵ ਨੂੰ ਜਵਾਬ ਦਿੱਤਾ: "ਮੈਂ ਤੇਰੇ ਪ੍ਰਸ਼ਨ ਦਾ ਉੱਤਰ ਦੇਣਾ ਮੁਨਾਸਿਬ ਨਹੀਂ ਸਮਝਦਾ ਅਤੇ ਨਾ ਹੀ ਸਾਡੇ ਕੋਲ ਤੇਰੀ ਤਰ੍ਹਾਂ ਫ਼ਾਲਤੂ ਵਕਤ ਹੈ ਜੋ ਵਾਧੂ ਗੱਲਾਂ ਕਰਦੇ ਰਹੀਏ।ਗੁਫ਼ਾ ਅੰਦਰ ਇੱਕ ਮਾਸੂਮ ਬੱਚੇ ਦੀ ਜਾਨ ਖਤਰੇ ਵਿੱਚ ਹੈ।ਅਸੀਂ ਇਸ ਬੱਚੇ ਦੀ ਜਾਨ ਬਚਾਉਣ ਲਈ ਗੁਫ਼ਾ ਵਿੱਚ ਆਏ ਹਾਂ।ਜੇ ਤੂੰ ਇਸ ਬੱਚੇ ਨੂੰ ਬਚਾਉਣ ਵਿੱਚ ਸਾਡੀ ਮੱਦਦ ਕਰ ਦੇਵੇਂ ਫ਼ਿਰ ਮੈਂ ਤੈਨੂੰ ਦੱਸ ਸਕਦਾ ਹਾਂ ਕਿ ਤੇਰੇ ਬਾਰੇ ਜਾਣਕਾਰੀ ਦੇਣ ਵਾਲਾ ਇਨਸਾਨ ਕੌਣ ਹੈ।"

ਦਾਨਵ ਨੇ ਕਿਹਾ: "ਠੀਕ ਹੈ! ਮੈਂ ਇਸ ਬੱਚੇ ਦੀ ਜਾਨ ਬਚਾਉਣ ਵਿੱਚ ਤੁਹਾਡੀ ਮੱਦਦ ਕਰਾਂਗਾ।ਮੈਂ ਜਾਣਨਾ ਚਾਹੁਦਾ ਹਾਂ ਕਿ ਇਸ ਜੰਗਲ ਵਿੱਚ ਅਜਿਹਾ ਕੌਣ ਹੈ ਜਿਸਨੂੰ ਮੇਰੇ ਬਾਰੇ ਸਭ-ਕੁੱਝ ਪਤਾ ਹੈ।"

ਇਹ ਗੱਲ ਕਹਿਣ ਤੋਂ ਬਾਅਦ ਦਾਨਵ ਗੁਫ਼ਾ ਦੇ ਅੰਦਰ ਆ ਗਿਆ।ਸੁਨਿਹਰੀ ਕਿਰਨਾਂ ਦੇ ਜਾਲ ਵੱਲ ਦੇਖ ਕੇ ਦਾਨਵ ਨੇ ਕਿਸੇ ਅਦ੍ਰਿਸ਼ ਸ਼ਕਤੀ ਨੂੰ ਕਿਹਾ: "ਇਸ ਇਨਸਾਨ ਅਤੇ ਬੱਚੇ ਨੂੰ ਆਜ਼ਾਦ ਕਰ ਦੇਵੋ! ਨਹੀਂ ਤਾਂ ਤੁਸੀਂ ਜਾਣਦੇ ਹੋ ਕਿ ਮੈਂ ਤੁਹਾਡਾ ਕੀ ਹਸ਼ਰ ਕਰਾਂਗਾ।ਵੈਸੇ ਵੀ ਤੁਹਾਡੇ ਵੱਲ ਕਈ ਹਿਸਾਬ ਅਜੇ ਬਾਕੀ ਹਨ।"

ਗੁਫ਼ਾ ਵਿੱਚੋਂ ਆਵਾਜ਼ ਆਈ: "ਹਿਸਾਬ ਤਾਂ ਅਜੇ ਸਾਡਾ ਵੀ ਬਾਕੀ ਹੈ।ਅੱਜ ਪਹਿਲਾਂ ਤੇਰੇ ਨਾਲ ਹੀ ਹਿਸਾਬ-ਕਿਤਾਬ ਕਰ ਲੈਂਦੇ ਹਾਂ!!"

ਇਸ ਆਵਾਜ਼ ਦੇ ਨਾਲ ਹੀ ਸੁਨਿਹਰੀ ਕਿਰਨਾਂ ਦਾ ਇੱਕ ਸਮੂਹ ਦਾਨਵ ਦੇ ਸ਼ਰੀਰ ਨਾਲ ਟਕਰਾਇਆ।ਦਾਨਵ ਦੇ ਚੀਖ਼ਣ ਦੀ ਆਵਾਜ਼ ਫ਼ਿਜ਼ਾ ਵਿੱਚ ਫ਼ੈਲ ਗਈ ਪਰ ਦਾਨਵ ਛੇਤੀ ਹੀ ਸੰਭਲ ਗਿਆ।ਉਸ ਨੇ ਮੰਤਰ ਪੜ੍ਹਿਆ ਅਤੇ ਸੁਨਿਹਰੀ ਕਿਰਨਾਂ ਦੇ ਜਾਲ ਤੋ ਮੁਕਤ ਹੋ ਗਿਆ।ਬੌਣੇ ਨੇ ਦਾਨਵ ਵਾਲੇ ਮੰਤਰ ਨੂੰ ਯਾਦ ਕਰ ਲਿਆ।

ਸਿਰਜੂ ਦੀ ਪਿੱਠ ਦਾ ਮਾਸ ਕਾਫੀ ਜਲ ਚੁੱਕਾ ਸੀ।ਉਹ ਦਰਦ ਨਾਲ ਕੁਰਲਾ ਰਿਹਾ ਸੀ ਪਰ ਉਸ ਨੇ ਬੱਚੇ ਨੂੰ ਧਰਤੀ ਉੱਤੇ ਨਾ ਰੱਖਿਆ।ਬੌਣਾ ਦਾਨਵ ਵਾਲੇ ਮੰਤਰ ਦਾ ਉਚਾਰਣ ਕਰਦਾ ਹੋਇਆ ਸਿਰਜੂ ਦੇ ਕੋਲ ਪਹੁੰਚ ਗਿਆ।ਉਸ ਨੇ ਸਿਰਜੂ ਦੀ ਪਿੱਠ ਉੱਤੇ ਹੱਥ ਰੱਖ ਕੇ ਮੰਤਰ ਦਾ ਉਚਾਰਣ ਕੀਤਾ।ਕੁੱਝ ਦੇਰ ਬਾਅਦ ਹੀ ਸਿਰਜੂ ਸੁਨਿਹਰੀ ਕਿਰਨਾਂ ਦੇ ਜਾਲ ਤੋਂ ਆਜ਼ਾਦ ਹੋ ਗਿਆ।

ਸਿਰਜੂ ਨੇ ਬੱਚੇ ਨੂੰ ਗੋਦ ਵਿੱਚ ਲਿਆ ਅਤੇ ਛੇਤੀ ਨਾਲ ਥੜ੍ਹੇ ਤੋਂ ਉਤਰਣਾ ਸ਼ੁਰੂ ਕੀਤਾ। ਅਚਾਨਕ ਗੁਫ਼ਾ ਦੀ ਕੰਧ ਵਿੱਚੋਂ ਇੱਕ ਗੋਲਾ ਨਿਕਲਿਆ ਅਤੇ ਸਿੱਧਾ ਸਿਰਜੂ ਦੇ ਪੈਰਾਂ ਨਾਲ ਟਕਰਾਇਆ।ਗੋਲੇ ਦੇ ਟਕਰਾਉਣ ਨਾਲ ਸਿਰਜੂ ਦੇ ਪੈਰ ਗੋਲੇ ਦੇ ਨਾਲ ਹੀ ਜਾਮ ਹੋ ਗਏ।ਇਸ ਤਰ੍ਹਾਂ ਲੱਗਦਾ ਸੀ ਜਿਵੇਂ ਉਸ ਦੇ ਪੈਰ ਸੀਮੈਂਟ ਵਿੱਚ ਚਿਣ ਦਿੱਤੇ ਹੋਣ।

ਬੌਣਾ ਥੜ੍ਹੇ ਉੱਤੇ ਖੜ੍ਹਾ ਮੰਤਰ ਉਚਾਰਣ ਕਰ ਰਿਹਾ ਸੀ।ਉਹ ਆਪਣੇ ਹੱਥਾਂ ਨੂੰ ਗੁਫ਼ਾ ਦੀਆਂ ਦੀਵਾਰਾਂ ਵੱਲ ਇੰਜ ਘੁਮਾਉਂਦਾ ਜਿਵੇਂ ਕਿਸੇ ਨੂੰ ਲੱਭ ਰਿਹਾ ਹੋਵੇ।ਥੋੜ੍ਹੀ ਹੀ ਦੇਰ ਬਾਅਦ ਬੌਣਾ ਆਪਣੇ ਇਰਾਦੇ ਵਿੱਚ ਸਫ਼ਲ ਹੋ ਗਿਆ।ਗੁਫ਼ਾ ਦੀਆਂ ਦੀਵਾਰਾਂ ਨਾਲ ਬੰਨੇ ਹੋਏ ਅਸੁਰ ਦਿਖਾਈ ਦੇਣ ਲੱਗੇ।ਹੁਣ ਭੇੜੀਏ, ਬੌਣੇ ਅਤੇ ਦਾਨਵ ਦੀ ਅਸੁਰਾਂ ਨਾਲ ਸਿੱਧੀ ਟੱਕਰ ਸ਼ੁਰੂ ਹੋ ਗਈ।

ਅਸੁਰਾਂ ਦਾ ਸਾਰਾ ਧਿਆਨ ਲੜਾਈ ਵਿੱਚ ਹੋਣ ਕਾਰਨ ਲੂੰਬੜ ਨੂੰ ਸੋਚਣ ਲਈ ਵਕਤ ਮਿਲ ਗਿਆ।ਸਿਰਜੂ ਬੱਚੇ ਨੂੰ ਸਹਿਲਾ ਰਿਹਾ ਸੀ।ਲੜਾਈ ਦੇ ਦੌਰਾਨ ਵਾਪਰ ਰਹੀਆਂ ਘਟਨਾਵਾਂ ਨੂੰ ਦੇਖ ਕੇ ਲੂੰਬੜ ਨੂੰ ਫ਼ਿਰ ਅਪਣੇ ਦਾਦਾ ਜੀ ਦੀ ਕਹਾਣੀ ਦਾ ਕੋਈ ਹੋਰ ਪਾਤਰ ਯਾਦ ਆ ਗਿਆ।

ਲੂੰਬੜ ਭੱਜ ਕੇ ਗੁਫ਼ਾ ਤੋਂ ਬਾਹਰ ਨਿੱਕਲ ਗਿਆ।ਉਹ ਹਵਾ ਵਿਚਲੀ ਸੁਗੰਧ ਨੂੰ ਪਹਿਚਾਨਣ ਦੀ ਕੋਸ਼ਿਸ਼ ਕਰ ਰਿਹਾ ਸੀ।ਕੁੱਝ ਦੇਰ ਹਵਾ ਵਿੱਚ ਲੰਮੇ-ਲੰਮੇ ਸਾਹ ਲੈਣ ਤੋਂ ਬਾਅਦ ਉਹ ਗੁਫ਼ਾ ਦੇ ਅੰਦਰ ਆ ਕੇ ਦੀਵਾਰਾਂ ਕੋਲ ਖਲੋ ਗਿਆ।ਉਹ ਇੰਜ ਸਾਹ ਲੈ ਰਿਹਾ ਸੀ ਜਿਵੇਂ ਕਿਸੇ ਸੁਗੰਧ ਦਾ ਪਿੱਛਾ ਕਰ ਰਿਹਾ ਹੋਵੇ।ਕੁੱਝ ਦੇਰ ਲੂੰਬੜ ਇੰਜ ਹੀ ਕਰਦਾ ਰਿਹਾ।ਕਦੇ ਉਹ ਗੁਫ਼ਾ ਤੋਂ ਬਾਹਰ ਨਿੱਕਲ ਜਾਂਦਾ ਅਤੇ ਕਦੇ ਗੁਫ਼ਾ ਦੇ ਅੰਦਰ ਆ ਜਾਂਦਾ।

ਸਿਰਜੂ ਨੇ ਬੌਣੇ ਨੂੰ ਕਿਹਾ: "ਬੱਚਾ ਬਹੁਤ ਨਿਢਾਲ ਹੋ ਚੁੱਕਾ ਹੈ।ਜੇ ਇਸ ਦੀ ਭੁੱਖ ਦਾ ਇੰਤਜਾਮ ਨਾ ਕੀਤਾ ਗਿਆ ਤਾਂ ਇਸ ਬੱਚੇ ਦਾ ਬਚਣਾ ਬਹੁਤ ਹੀ ਮੁਸ਼ਕਲ ਹੈ।"

ਬੌਣੇ ਨੇ ਲੂੰਬੜ ਨੂੰ ਆਵਾਜ਼ ਲਗਾਈ ਅਤੇ ਕਿਹਾ: "ਤੂੰ ਕਿੱਥੇ ਭੱਜਾ ਫਿਰਦਾ ਏਂ? ਰੁਕ ਕੇ ਮੇਰੀ ਗੱਲ ਨੂੰ ਧਿਆਨ ਨਾਲ ਸੁਣ।ਮੈਂ ਤੈਨੂੰ ਇੱਕ ਮੰਤਰ ਦੇ ਰਿਹਾ ਹਾਂ।ਜੰਗਲ ਵਿੱਚ ਜਾ ਅਤੇ ਮੰਤਰ ਦੀ ਵਰਤੋਂ ਕਰ।ਮੰਤਰ-ਮੁਗਧ ਹੋ ਕੇ ਕੋਈ ਮਾਦਾ ਜਾਨਵਰ (ਜਿਸ ਦਾ ਬੱਚਾ ਛੋਟਾ ਹੋਇਆ) ਖੁਦ ਹੀ ਤੇਰੇ ਪਿੱਛੇ-ਪਿੱਛੇ ਇਸ ਗੁਫ਼ਾ ਵਿੱਚ ਪਹੁੰਚ ਜਾਵੇਗੀ।"

ਬੌਣੇ ਨੇ ਲੂੰਬੜ ਨੂੰ ਕੁੱਝ ਸ਼ਬਦਾਂ ਦਾ ਮੰਤਰ ਦਿੱਤਾ ਅਤੇ ਕਿਹਾ: "ਜਲਦੀ ਵਾਪਿਸ ਆ ਜਾਵੀਂ ਕਿਉਂਕਿ ਬੱਚੇ ਦੀ ਜ਼ਿੰਦਗੀ ਦਾ ਸਵਾਲ ਹੈ।ਮਾਦਾ ਜਾਨਵਰ ਗੁਫ਼ਾ ਵਿੱਚ ਪਹੁੰਚ ਜਾਵੇ, ਬੱਚੇ ਨੂੰ ਦੁੱਧ ਮੈਂ ਆਪ ਹੀ ਪਿਲਾ ਦੇਵਾਂਗਾ।ਬੱਚਾ ਦੁੱਧ ਪੀ ਲਵੇ ਫਿਰ ਮੈਂ ਇਸ ਨੂੰ ਅਜਿਹੀ ਸ਼ਕਤੀ ਦੇਵਾਂਗਾ ਜਿਸ ਨਾਲ ਬੱਚੇ ਦੀ ਮੌਤ ਨਹੀਂ ਹੋਵੇਗੀ।"

ਬੌਣੇ ਨੇ ਲੂੰਬੜ ਨੂੰ ਮੰਤਰ ਦਿੱਤਾ ਤਾਂ ਜੋ ਬੱਚੇ ਲਈ ਦੁੱਧ ਦਾ ਪ੍ਰਬੰਧ ਹੋ ਸਕੇ।ਮੰਤਰ ਮਿਲਣ ਤੋਂ ਬਾਅਦ ਲੂੰਬੜ ਜੰਗਲ ਵੱਲ ਭੱਜ ਗਿਆ।ਜੰਗਲ ਵਿੱਚ ਪਹੁੰਚ ਕੇ ਉਸ ਨੇ ਮੰਤਰ ਦਾ ਉਚਾਰਣ ਕੀਤਾ।ਅੱਧੇ-ਕੁ-ਘੰਟੇ ਬਾਅਦ ਲੂੰਬੜ ਨੂੰ ਇੱਕ ਸ਼ੇਰਨੀ ਦਿਖਾਈ ਦਿੱਤੀ।ਸ਼ੇਰਨੀ ਵੱਲ ਦੇਖ ਕੇ ਲੂੰਬੜ ਡਰ ਗਿਆ ਪਰ ਡਰ ਨੂੰ ਉਸਨੇ ਅਪਣੇ ਦਿਲ ਅਤੇ ਦਿਮਾਗ ਉੱਤੇ ਭਾਰੂ ਨਾ ਹੋਣ ਦਿੱਤਾ।ਲੂੰਬੜ ਮੰਤਰ ਦਾ ਜਾਪ ਕਰਦਾ ਰਿਹਾ ਅਤੇ ਸ਼ੇਰਨੀ ਉਸ ਦੇ ਪਿੱਛੇ-ਪਿੱਛੇ ਤੁਰਦੀ ਰਹੀ।ਮੰਤਰ ਉਚਾਰਣ ਕਰਦਾ-ਕਰਦਾ ਲੂੰਬੜ ਗੁਫ਼ਾ ਦੇ ਅੰਦਰ ਚਲਾ ਗਿਆ।ਸ਼ੇਰਨੀ ਵੀ ਮੰਤਰ-ਮੁਗਧ ਲੂੰਬੜ ਦੇ ਪਿੱਛੇ ਹੀ ਗੁਫ਼ਾ ਦੇ ਅੰਦਰ ਚਲੀ ਗਈ।

ਗੁਫ਼ਾ ਵਿੱਚ ਦਾਨਵ, ਬੌਣੇ, ਭੇੜੀਏ ਅਤੇ ਅਸੁਰਾਂ ਦੇ ਵਿਚਕਾਰ ਚੱਲ ਰਹੀ ਲੜਾਈ ਚਰਮ ਸੀਮਾਂ ਤੇ ਸੀ।ਅਸੁਰਾਂ ਦਾ ਸਿੱਧਾ ਨਿਸ਼ਾਨਾ ਸਿਰਜੂ ਸੀ।ਸਿਰਜੂ ਲਹੂ-ਲੁਹਾਨ

ਹੋ ਚੁੱਕਾ ਸੀ। ਉਸ ਦੇ ਸ਼ਰੀਰ ਦਾ ਕੋਈ ਅੰਗ ਅਜਿਹਾ ਨਹੀਂ ਸੀ ਜਿਹੜਾ ਜਖ਼ਮਾਂ ਤੋਂ ਬਚਿਆ ਹੋਵੇ। ਇਹ ਸਿਰਜੂ ਦੀ ਹਿੰਮਤ ਹੀ ਸੀ ਕਿ ਉਸ ਨੇ ਅਜੇ ਤੱਕ ਬੱਚੇ ਨੂੰ ਆਪਣੀਆਂ ਬਾਹਵਾਂ ਵਿੱਚ ਸੰਭਾਲਿਆ ਹੋਇਆ ਸੀ।

ਸਿਰਜੂ ਨੇ ਲੂੰਬੜ ਨੂੰ ਕਿਹਾ: "ਮੇਰੇ ਵੱਲ ਦੇਖ ਕੇ ਚਿੰਤਤ ਹੋਣ ਦੀ ਕੋਈ ਲੋੜ ਨਹੀਂ। ਜ਼ਿੰਦਗੀ ਵਿੱਚ ਮਿਲੇ ਇਸ ਮੌਕੇ ਨੂੰ ਮੈਂ ਵਿਅਰਥ ਨਹੀਂ ਗਵਾ ਸਕਦਾ। ਜੋ ਕਰਨਾ ਹੈ ਜਲਦੀ ਕਰੋ ਤਾਂ ਜੋ ਬੱਚੇ ਦੀ ਜਿੰਦਗੀ ਬਚ ਜਾਵੇ।"

ਸਿਰਜੂ ਦੀ ਗੱਲ ਸੁਣ ਕੇ ਬੌਣੇ ਨੇ ਸ਼ੇਰਨੀ ਵੱਲ ਦੇਖਿਆ। ਉਸ ਨੇ ਜਲਦੀ ਨਾਲ ਮੰਤਰ ਦਾ ਉਚਾਰਣ ਕੀਤਾ। ਮੰਤਰ ਸੁਣ ਕੇ ਸ਼ੇਰਨੀ ਸਿਰਜੂ ਦੇ ਕੋਲ ਜਾ ਕੇ ਇਸ ਤਰੀਕੇ ਨਾਲ ਲੇਟ ਗਈ ਜਿਵੇਂ ਉਹ ਬੱਚੇ ਨੂੰ ਦੁੱਧ ਪਿਲਾਉਣਾ ਚਾਹੁਦੀ ਹੋਵੇ।

ਬੌਣੇ ਨੇ ਸਿਰਜੂ ਨੂੰ ਕਿਹਾ: "ਬੱਚੇ ਨੂੰ ਸ਼ੇਰਨੀ ਦੇ ਉੱਤੇ ਲਿਟਾ ਦੇ।"

ਸਿਰਜੂ ਨੂੰ ਝੁਕਣ ਵਿੱਚ ਦਿੱਕਤ ਤਾਂ ਆਈ ਪਰ ਉਹ ਬੱਚੇ ਨੂੰ ਸ਼ੇਰਨੀ ਦੇ ਉੱਤੇ ਲੰਮਾਂ ਪਾਉਣ ਵਿੱਚ ਕਾਮਯਾਬ ਹੋ ਗਿਆ। ਹੁਣ ਅਸੁਰਾਂ ਨੇ ਸ਼ੇਰਨੀ ਨੂੰ ਨਿਸ਼ਾਨਾ ਬਣਾ ਲਿਆ ਕਿਉਂਕਿ ਉਹ ਹਰ ਹਾਲਤ ਵਿੱਚ ਉਸ ਬੱਚੇ ਨੂੰ ਖ਼ਤਮ ਕਰਨਾ ਚਾਹੁੰਦੇ ਸਨ।

ਅਸੁਰਾਂ ਦਾ ਸਾਰਾ ਧਿਆਨ ਸਿਰਜੂ, ਸ਼ੇਰਨੀ ਅਤੇ ਬੱਚੇ ਵੱਲ ਸੀ ਇਸ ਲਈ ਲੂੰਬੜ ਨੂੰ ਆਪਣਾ ਕੰਮ ਪੂਰਾ ਕਰਨ ਲਈ ਮੌਕਾ ਮਿਲ ਗਿਆ। ਉਹ ਇੱਕ ਵਾਰ ਫ਼ਿਰ ਗੁਫ਼ਾ ਤੋਂ ਬਾਹਰ ਨਿੱਕਲ ਕੇ ਉਸ ਥਾਂ ਉੱਤੇ ਖੜ੍ਹ ਗਿਆ ਜਿਸ ਥਾਂ ਤੇ ਕਹਾਣੀ ਅਨੁਸਾਰ ਫ਼ਕੀਰ ਸਮਾਧੀ ਵਿੱਚ ਲੀਨ ਹੋਇਆ ਸੀ।

ਗੁਫ਼ਾ ਵਿੱਚ ਸ਼ੇਰਨੀ ਆਪਣੇ ਪੰਜਿਆਂ ਨਾਲ ਬੱਚੇ ਨੂੰ ਇੰਜ ਸਹਿਲਾ ਰਹੀ ਸੀ ਜਿਵੇਂ ਉਹ ਬੱਚਾ ਉਸਦਾ ਹੀ ਹੋਵੇ। ਉਹ ਪਿਆਰ ਨਾਲ ਬੱਚੇ ਦੇ ਸ਼ਰੀਰ ਨੂੰ ਸਾਫ਼ ਕਰ ਰਹੀ ਸੀ। ਸ਼ੇਰਨੀ ਦੇ ਸ਼ਰੀਰ ਦੀ ਗਰਮਾਹਟ ਨਾਲ ਬੱਚੇ ਦੀ ਸਿਹਤ ਸੰਭਲ ਰਹੀ ਸੀ। ਸ਼ੇਰਨੀ ਨੇ ਮੂੰਹ ਨਾਲ ਬੱਚੇ ਦੀਆਂ ਅੱਖਾਂ ਵੀ ਸਾਫ਼ ਕਰ ਦਿੱਤੀਆ। ਸ਼ਰੀਰ ਸਾਫ਼ ਹੋਣ ਤੋਂ ਬਾਅਦ ਬੱਚੇ ਨੇ ਹੌਲੀ-ਹੌਲੀ ਦੁੱਧ ਪੀਣਾ ਸ਼ੁਰੂ ਕਰ ਦਿੱਤਾ। ਥੋੜ੍ਹਾ-ਜਿਹਾ ਦੁੱਧ ਪੇਟ ਵਿੱਚ ਜਾਣ ਤੋਂ ਬਾਅਦ ਬੱਚੇ ਨੇ ਅੱਖਾਂ ਖੋਲ ਕੇ ਇੱਧਰ-ਉੱਧਰ ਦੇਖਿਆ।

ਦਾਨਵ ਨੇ ਬੌਣੇ ਨੂੰ ਪੁੱਛਿਆ: "ਤੂੰ ਕੌਣ ਹੈਂ? ਇਹ ਲੂੰਬੜ ਅਤੇ ਭੇੜੀਆ ਕੌਣ ਹਨ, ਜੋ ਜਾਨਵਰ ਹੋਣ ਦੇ ਬਾਵਜੂਦ ਇਨਸਾਨੀ ਬੋਲੀ ਬੋਲਦੇ ਹਨ? ਇਹ ਸਿਰਜੂ ਕੌਣ ਹੈ?"

ਬੌਣੇ ਨੇ ਦਾਨਵ ਨੂੰ ਜਵਾਬ ਦਿੱਤਾ: "ਇਹਨਾ ਦੀ ਕਹਾਣੀ ਵੀ ਤੇਰੀ ਕਹਾਣੀ ਦੇ ਨਾਲ ਮਿਲਦੀ-ਜੁਲਦੀ ਹੈ। ਪਹਿਲਾਂ ਇਸ ਬੱਚੇ ਨੂੰ ਬਚਾ ਲਵਾਂ। ਜੇ ਬਾਅਦ ਵਿੱਚ ਸਮਾਂ ਬਚਿਆ ਤਾਂ ਇਹਨਾ ਬਾਰੇ ਵੀ ਦੱਸ ਦੇਵਾਂਗਾ॥ "



# ਅਧਿਆਏ

# 15

## ਅਦ੍ਰਿਸ਼ ਆਵਾਜ

# 15. ਅਦ੍ਰਿਸ਼ ਆਵਾਜ

ਬੌਣਾ ਫਿਰ ਆਪਣੇ ਕੰਮ ਵਿੱਚ ਲੱਗ ਗਿਆ।ਦਾਨਵ ਅਜੇ ਕੁੱਝ ਹੋਰ ਵੀ ਕਹਿਣਾ ਚਾਹੁੰਦਾ ਸੀ ਪਰ ਲੂੰਬੜ ਦੀ ਆਮਦ ਨੇ ਉਸ ਨੂੰ ਰੋਕ ਦਿੱਤਾ।ਲੂੰਬੜ ਨੇ ਬੌਣੇ ਨੂੰ ਕਿਹਾ: "ਯਕੀਨ ਨਾਲ ਤਾਂ ਨਹੀਂ ਪਰ ਕਹਾਣੀ ਦੇ ਅਨੁਸਾਰ ਇੰਜ ਲੱਗਦਾ ਹੈ ਜਿਵੇਂ ਸਦੀਆਂ ਬੀਤਣ ਤੋਂ ਬਾਅਦ ਵੀ ਫ਼ਕੀਰ ਦੀ ਸਮਾਧੀ ਨਹੀਂ ਟੁੱਟੀ।ਉਹ ਅਜੇ ਸਮਾਧੀ ਵਿੱਚ ਹੀ ਲੀਨ ਹੈ।ਚਲਾਕ ਅਸੁਰ ਅਤੇ ਤੱਪ ਕਰਨ ਵਾਲੇ ਅਸੁਰ ਨੇ ਫ਼ਕੀਰ ਨੂੰ ਚੁੱਕ ਕੇ ਗੁਫ਼ਾ ਵਿੱਚ ਇਸ ਪੱਥਰ ਦੇ ਪਿੱਛੇ ਛੁਪਾ ਦਿੱਤਾ ਹੈ।"

ਲੂੰਬੜ ਨੇ ਬੌਣੇ ਨੂੰ ਅੱਗੇ ਦੱਸਦਿਆਂ ਕਿਹਾ: "ਜੇ ਇਸ ਪੱਥਰ ਦੇ ਪਿੱਛੇ ਫ਼ਕੀਰ ਨਾ ਵੀ ਹੋਇਆ ਤਾਂ ਵੀ ਇਸ ਪੱਥਰ ਦੇ ਪਿੱਛੇ ਕੁੱਝ-ਨਾ-ਕੁੱਝ ਤਾਂ ਜਰੂਰ ਹੈ।ਤੁਸੀਂ ਆਪਣੀ ਤਾਕਤ ਨਾਲ ਇਸ ਪੱਥਰ ਨੂੰ ਹਟਾਉਣ ਦੀ ਕੋਸ਼ਿਸ਼ ਕਰੋ।"

ਲੂੰਬੜ ਦੀ ਗੱਲ ਸੁਣ ਕੇ ਦਾਨਵ ਨੇ ਬੌਣੇ ਨੂੰ ਕਿਹਾ: "ਇਸ ਪੱਥਰ ਨੂੰ ਹਟਾਉਣ ਦੀ ਕੋਸ਼ਿਸ਼ ਵੀ ਨਾ ਕਰਨਾ।ਪੱਥਰ ਦੇ ਪਿੱਛੇ ਜੋ ਸ਼ਕਤੀ ਕੈਦ ਹੈ ਉਹ ਬਹੁਤ ਹੀ ਖ਼ਤਰਨਾਕ ਹੈ।ਜੇ ਉਹ ਸ਼ਕਤੀ ਆਜ਼ਾਦ ਹੋ ਗਈ ਤਾਂ ਉਸ ਨੂੰ ਦੁਬਾਰਾ ਕੈਦ ਕਰਨਾ ਹੁਣ ਮੇਰੇ ਵੀ ਵੱਸ ਦਾ ਰੋਗ ਨਹੀਂ, ਤੁਹਾਡੀ ਤਾਂ ਗੱਲ ਹੀ ਕਿਹੜੀ ਹੈ!!"

ਬੌਣੇ ਨੇ ਦਾਨਵ ਦੀ ਇਸ ਗੱਲ ਦਾ ਕੋਈ ਜਵਾਬ ਨਾ ਦਿੱਤਾ।ਉਸ ਨੇ ਲੂੰਬੜ ਨੂੰ ਕਿਹਾ: "ਇਸ ਪੱਥਰ ਬਾਰੇ ਬਾਅਦ ਵਿੱਚ ਸੋਚਦੇ ਹਾਂ।ਪਹਿਲਾ ਤੂੰ ਮੇਰੀ ਗੱਲ ਸੁਣ।ਮੈਂ ਇੱਕ ਮੰਤਰ ਦੇ ਰਿਹਾਂ ਹਾਂ।ਸਿਰਜੂ ਦੇ ਨੇੜੇ ਜਾ ਕੇ ਤੂੰ ਉਸ ਮੰਤਰ ਦਾ ਉਚਾਰਣ ਕਰ।ਮੰਤਰ ਦੀ ਆਵਾਜ਼ ਬੱਚੇ ਦੇ ਕੰਨਾ ਵਿੱਚ ਜਰੂਰ ਜਾਣੀ ਚਾਹੀਦੀ ਹੈ।"

ਬੌਣੇ ਕੋਲੋਂ ਮੰਤਰ ਲੈ ਕੇ ਲੂੰਬੜ ਨੇ ਸਿਰਜੂ ਦੇ ਨੇੜੇ ਜਾ ਕੇ ਮੰਤਰ ਦਾ ਉਚਾਰਣ ਕਰ ਦਿੱਤਾ। ਬੱਚੇ ਦੇ ਕੰਨਾਂ ਵਿੱਚ ਜਦੋਂ ਮੰਤਰ ਦੀ ਆਵਾਜ ਪਈ ਤਾਂ ਉਹ ਆਪਣੇ ਮੂੰਹ ਨੂੰ ਇਸ ਤਰ੍ਹਾਂ ਖੋਲਣ ਲੱਗਾ ਜਿਵੇਂ ਬੋਲਣ ਦੀ ਕੋਸ਼ਿਸ਼ ਕਰ ਰਿਹਾ ਹੋਵੇ।

ਸ਼ੇਰਨੀ ਲਗਾਤਾਰ ਬੱਚੇ ਦੇ ਸ਼ਰੀਰ ਨੂੰ ਆਪਣੇ ਪੰਜਿਆਂ ਨਾਲ ਸਹਿਲਾ ਰਹੀ ਸੀ।

ਬੌਣੇ ਅਤੇ ਦਾਨਵ ਦੇ ਸਾਹਮਣੇ ਜਦੋਂ ਅਸੁਰ ਲੜਾਈ ਵਿੱਚ ਕੰਮਜੋਰ ਪੈਣ ਲੱਗੇ ਤਾਂ ਉਹਨਾ ਨੇ ਦਿਮਾਗ ਤੋਂ ਕੰਮ ਲਿਆ। ਉਹਨਾ ਨੇ ਸੋਚਿਆ ਕਿ ਇਸ ਸਮੇਂ ਦਾਨਵ ਨਾਲ ਲੜਾਈ ਭਾਰੀ ਪੈ ਸਕਦੀ ਹੈ। ਇਸ ਲਈ ਉਹਨਾ ਨੇ ਦਾਨਵ ਨਾਲ ਲੜਾਈ ਦਾ ਇਰਾਦਾ ਤਿਆਗ ਦਿੱਤਾ। ਉਹਨਾਂ ਨੇ ਕੂਟਨੀਤੀ ਦੀ ਵਰਤੋਂ ਕਰਨ ਦਾ ਫ਼ੈਸਲਾ ਕੀਤਾ।

ਕੂਟਨੀਤੀ ਦੇ ਤਹਿਤ ਅਸੁਰਾਂ ਨੇ ਦਾਨਵ ਨੂੰ ਕਿਹਾ: "ਕਿਉਂ ਮੂਰਖ਼ਤਾ ਕਰ ਰਿਹਾ ਹੈਂ? ਇਹਨਾ ਇਨਸਾਨਾਂ ਨਾਲ ਹਮਦਰਦੀ ਕਰਨ ਦਾ ਕੋਈ ਫ਼ਾਇਦਾ ਨਹੀਂ! ਦੇਰ-ਸਵੇਰ ਇਹਨਾ ਨੇ ਤੈਨੂੰ ਖ਼ਤਮ ਕਰ ਹੀ ਦੇਣਾ ਹੈ। ਇਸ ਲਈ ਇਹਨਾ ਨੂੰ ਖ਼ਤਮ ਕਰਨ ਵਿੱਚ ਸਾਡੀ ਮੱਦਦ ਕਰ। ਆਪਸੀ ਲੜਾਈ ਤਾਂ ਅਸੀਂ ਸਦੀਆਂ ਤੋਂ ਲੜਦੇ ਆਏ ਹਾਂ ਅਤੇ ਲੜਦੇ ਰਹਾਂਗੇ। ਬਹੁਤ ਹੀ ਮੁਸ਼ਕਲ ਨਾਲ ਇਸ ਬੱਚੇ ਦੇ ਮਾਂ-ਬਾਪ ਨੂੰ ਖ਼ਤਮ ਕੀਤਾ ਹੈ। ਜੇ ਇਹ ਬੱਚਾ ਗੁਫ਼ਾ ਵਿੱਚੋਂ ਨਿੱਕਲ ਕੇ ਸਹੀ ਹੱਥਾਂ ਵਿੱਚ ਪਹੁੰਚ ਗਿਆ ਫਿਰ ਤੈਨੂੰ ਜਾਂ ਸਾਨੂੰ ਬਚਾਉਣ ਵਾਲਾ ਕੋਈ ਵੀ ਨਹੀਂ ਬਚੇਗਾ!!!"

ਅਸੁਰਾਂ ਦੀ ਗੱਲ ਖ਼ਤਮ ਹੋਣ ਤੋਂ ਬਾਅਦ ਦਾਨਵ ਕੋਈ ਜਵਾਬ ਦਿੰਦਾ ਉਸ ਤੋਂ ਪਹਿਲਾਂ ਹੀ ਗੁਫ਼ਾ ਵਿੱਚ ਇੱਕ ਆਵਾਜ਼ ਸੁਣਾਈ ਦੇਣ ਲੱਗੀ।

ਬੋਲ ਸਨ:

"ਇਹ **ਤ੍ਰਿਦੇਵ** ਦੀ ਭਵਿੱਖਬਾਣੀ ਹੈ,

ਜਦੋਂ ਵੀ ਨੇਕੀ ਉੱਤੇ ਬਦੀ ਭਾਰੂ ਹੋਵੇਗੀ,

ਜਾਂ

ਅਸੁਰ ਬੁੱਧੀ ਵਾਲੇ ਲੋਕਕਿਸੇ ਚੰਗੇ ਇਨਸਾਨ ਨੂੰ ਕੁਚਲਣ ਦੀ ਕੋਸ਼ਿਸ਼ ਕਰਨਗੇ,

ਝੂਠ ਦਾ ਬੋਲ-ਬਾਲਾ ਹੋਵੇਗਾ,

ਜਦੋਂ ਸੱਚ ਅਤੇ ਹੱਕ ਦੇ ਰਾਹ ਉੱਤੇ ਚੱਲਣ ਵਾਲੇ ਲੋਕਾਂ ਨੂੰ ਮੱਕਾਰੀ ਹੱਥੋਂ ਜੁਲਮ ਸਹਿਣਾ ਪਵੇਗਾ,

ਉਸ ਸਮੇਂ ਇੱਕ ਅਜਿਹੀ ਸ਼ਕਤੀ ਇਸ ਧਰਤੀ ਉੱਤੇ ਆ ਜਾਵੇਗੀ ਜੋ ਸਾਰੇ ਜਾਲਮਾਂ ਨੂੰ ਉਹਨਾ ਦੇ ਅੰਜਾਮ ਤੱਕ ਪਹੁੰਚਾ ਸਕਦੀ ਹੋਵੇ।"

**(ਆਵਾਜ ਸੁਣਾਈ ਦਿੱਤੀ)**

ਜਿਹੜੇ ਦੇਵਤਿਆਂ ਨੇ ਜਾਣੇ-ਅਣਜਾਣੇ,

ਇਹਨਾ ਅਸੁਰਾਂ ਦੇ ਮਕਸਦ ਨੂੰ ਜਾਣੇ ਬਿਨਾ,

ਸਿਰਫ਼ ਇਹਨਾ ਦੀ ਹੱਠ-ਭਗਤੀ ਵੱਲ ਦੇਖ ਕੇ ਹੀ ਵਰ ਦੇ ਦਿੱਤਾ,

ਉਹ ਦੇਵਤੇ ਵੀ ਸਜਾ ਦੇ ਹੱਕਦਾਰ ਹੋਣਗੇ!

ਅਜਿਹੇ ਲੋਕ,

ਜੋ ਆਪਣੇ ਹਉਮੈ ਦੇ ਤਹਿਤ,

ਕਿਰਤ ਦੀ ਜਿੰਦਗੀ ਜੀਣ ਵਾਲੇ ਲੋਕਾਂ ਉੱਤੇ ਜੁਲਮ ਕਰਦੇ ਹਨ,

ਉਹ ਵੀ ਸਜਾ ਦੇ ਹੱਕਦਾਰ ਹੋਣਗੇ!

ਉਹ ਦੇਵਤੇ ਵੀ ਸਜਾ ਦੇ ਭਾਗੀਦਾਰ ਹੋਣਗੇ,

ਜਿਹਨਾ ਨੇ ਅਜਿਹੇ ਜੁਲਮੀ ਅਸੁਰਾਂ ਨੂੰ,

ਲੰਮੀ ਉਮਰ ਦਾ ਵਰ ਦੇ ਕੇ,

ਇਸ ਧਰਤੀ ਉੱਤੇ ਵਿਚਰਣ ਦੀ ਆਗਿਆ ਦਿੱਤੀ ਹੈ!"

ਰਹੱਸਮਈ ਆਵਾਜ਼ ਦੀ ਇਸ ਭਵਿੱਖਬਾਣੀ ਤੋਂ ਬਾਅਦ ਸਾਰੇ ਹੀ ਹੈਰਾਨੀ ਨਾਲ ਇੱਕ-ਦੂਜੇ ਵੱਲ ਦੇਖਣ ਲੱਗੇ।

ਬੌਣੇ ਨੇ ਭੇੜੀਏ ਨੂੰ ਕਿਹਾ: "ਹੈਰਾਨ ਹੋਣਾ ਛੱਡ! ਆਪਣੀਆਂ ਤਾਕਤਾਂ ਦੀ ਵਰਤੋਂ ਕਰਕੇ ਬੱਚੇ ਨੂੰ ਬਚਾਉਣ ਦੀ ਕੋਸ਼ਿਸ਼ ਕਰ। ਇਹ ਨਾ ਹੋਵੇ ਕਿ ਤੂੰ ਇਸ ਪ੍ਰੀਖਿਆ ਵਿੱਚੋਂ ਫੇਲ ਹੋ ਜਾਵੇਂ। ਤੇਰੇ ਅਤੇ ਲੂੰਬੜ ਲਈ ਇਹ ਫ਼ੈਸਲੇ ਦੀ ਘੜੀ ਹੈ। ਅਸਫ਼ਲ ਹੋਣ ਦੀ ਸੂਰਤ ਵਿੱਚ ਤੁਹਾਡੇ ਨਾਲ ਕੀ ਵਾਪਰ ਸਕਦਾ ਹੈ ਇਸ ਬਾਰੇ ਤੁਹਾਨੂੰ ਬਹੁਤ ਚੰਗੀ ਤਰ੍ਹਾਂ ਪਤਾ ਹੈ। ਅਕਲ ਨੂੰ ਹੱਥ ਮਾਰੋ ਜਰਾ।"

ਬੌਣੇ ਦੀ ਗੱਲ ਸੁਣਨ ਤੋਂ ਬਾਅਦ ਲੂੰਬੜ ਨੇ ਭੇੜੀਏ ਅਤੇ ਬੌਣੇ ਨੂੰ ਕਿਹਾ: "ਮੇਰੀ ਗੱਲ ਮੰਨੋ! ਪਹਿਲਾਂ ਇਸ ਪੱਥਰ ਨੂੰ ਪਿੱਛੇ ਕਰੋ। ਜਰੂਰ ਇਸ ਪੱਥਰ ਦੇ ਪਿੱਛੇ ਉਹ ਫ਼ਕੀਰ ਜਾਂ ਕੋਈ ਹੋਰ ਵੱਡੀ ਤਾਕਤ ਕੈਦ ਹੈ। ਇਹ ਗੱਲ ਤਾ ਦਾਨਵ ਵੀ ਮੰਨ ਰਿਹਾ ਹੈ ਕਿ ਇਸ ਪੱਥਰ ਦੇ ਪਿੱਛੇ ਕੋਈ ਵੱਡੀ ਤਾਕਤ ਕੈਦ ਹੈ।"

ਬੌਣੇ ਨੇ ਲੂੰਬੜ ਨੂੰ ਜਵਾਬ ਦਿੱਤਾ: "ਨਹੀਂ! ਅਜੇ ਨਹੀਂ! ਪਹਿਲਾਂ ਇਸ ਬੱਚੇ ਨੂੰ ਗੁਫ਼ਾ ਤੋਂ ਬਾਹਰ ਕੱਢਣਾ ਜਰੂਰੀ ਹੈ।"

ਸਿਰਜੂ ਦੇ ਸ਼ਰੀਰ ਵਿੱਚੋਂ ਕਾਫੀ ਖੂਨ ਨਿੱਕਲ ਚੁੱਕਾ ਸੀ।ਹੁਣ ਉਸ ਕੋਲੋਂ ਖਲੋਤਾ ਨਹੀਂ ਸੀ ਜਾ ਰਿਹਾ।ਸਿਰਜੂ ਨੇ ਬੌਣੇ ਨੂੰ ਕਿਹਾ: "ਮੇਰੀ ਮੌਤ ਕਰੀਬ ਆ ਰਹੀ ਹੈ।ਮੈਨੂੰ ਮੌਤ ਤੋਂ ਡਰ ਨਹੀਂ ਲੱਗ ਰਿਹਾ ਬਸ ਦੁੱਖ ਇਸ ਗੱਲ ਦਾ ਹੈ ਕਿ ਮੈਂ ਬੱਚੇ ਨੂੰ ਬਚਾਉਣ ਲਈ ਕੁੱਝ ਨਾ ਕਰ ਸਕਿਆ।ਤੁਹਾਡੇ ਦਿੱਤੇ ਹੋਏ ਕੰਮ ਵਿੱਚ ਮੈਂ ਫੇਲ ਹੋ ਗਿਆ।ਮੈਨੂੰ ਮਾਫ਼ ਕਰ ਦੇਣਾ।"

ਸਿਰਜੂ ਦੀ ਹਾਲਤ ਦੇਖ ਕੇ ਬੌਣੇ ਨੇ ਮੰਤਰ ਪੜ੍ਹਿਆ ਅਤੇ ਫਿਰ ਆਪਣੇ ਹੱਥ ਨੂੰ ਸਿਰਜੂ ਦੇ ਸ਼ਰੀਰ ਉੱਤੇ ਫ਼ੇਰਿਆ।ਓਸ ਮੰਤਰ ਦੇ ਅਸਰ ਨਾਲ ਸਿਰਜੂ ਦੇ ਸਾਰੇ ਸ਼ਰੀਰਕ ਜ਼ਖਮ ਠੀਕ ਹੋ ਗਏ।ਜਦੋਂ ਅਸੁਰਾਂ ਨੇ ਦੇਖਿਆ ਕਿ ਸਿਰਜੂ ਠੀਕ ਹੋ ਚੁੱਕਾ ਹੈ ਤਾਂ ਉਹਨਾ ਨੇ ਇੱਕ ਵਾਰ ਫਿਰ ਸਿਰਜੂ ਨੂੰ ਆਪਣੇ ਨਿਸ਼ਾਨੇ ਉੱਤੇ ਲੈ ਲਿਆ।ਵੱਖੋ-ਵੱਖ ਰੰਗਾਂ ਦੀਆਂ ਰੇਖਾਵਾਂ ਨੇ ਸਿਰਜੂ ਦੁਆਲੇ ਘੇਰਾ ਪਾਉਣਾ ਸ਼ੁਰੂ ਕੀਤਾ।

ਬੌਣੇ ਦੇ ਕਹਿਣ ਤੇ ਭੇੜੀਆ ਹੁਣ ਆਪਣੀਆਂ ਤਾਕਤਾਂ ਨੂੰ ਜੋਰ-ਸ਼ੋਰ ਨਾਲ ਵਰਤ ਰਿਹਾ ਸੀ।ਸਿਰਜੂ ਦੇ ਪੈਰਾਂ ਨੂੰ ਆਜ਼ਾਦ ਕਰਵਾ ਕੇ ਭੇੜੀਏ ਨੇ ਉਸਨੂੰ ਕਿਹਾ: "ਤੂੰ ਬੱਚੇ ਨੂੰ ਗੋਦ ਵਿੱਚ ਲੈ ਕੇ ਗੁਫ਼ਾ ਤੋਂ ਬਾਹਰ ਨਿੱਕਲ।ਅਸੀਂ ਇਹਨਾ ਅਸੁਰਾਂ ਦਾ ਖ਼ਾਤਮਾ ਕਰਕੇ ਆਉਂਦੇ ਹਾਂ।"

ਸਿਰਜੂ ਦੀ ਬਜਾਏ ਲੂੰਬੜ ਨੇ ਭੇੜੀਏ ਨੂੰ ਜਵਾਬ ਦਿੱਤਾ: "ਮੇਰੇ ਦਾਦਾ ਜੀ ਦੀ ਕਹਾਣੀ ਅਨੁਸਾਰ ਸਿਰਜੂ ਨੂੰ ਇਸ ਸ਼ੇਰਨੀ ਕੋਲੋਂ ਦੂਰ ਨਹੀਂ ਜਾਣਾ ਚਾਹੀਦਾ।ਸਾਨੂੰ ਪੱਥਰ ਹਟਾ ਕੇ ਉਸ ਫ਼ਕੀਰ ਨੂੰ ਆਜ਼ਾਦੀ ਦੇਣੀ ਚਾਹੀਦੀ ਹੈ ਜਿਸ ਫਕੀਰ ਨੂੰ ਇਹਨਾ ਅਸੁਰਾਂ ਨੇ ਸਦੀਆਂ ਤੋਂ ਇਸ ਪੱਥਰ ਪਿੱਛੇ ਕੈਦ ਕੀਤਾ ਹੋਇਆ ਹੈ।ਮੈਨੂੰ ਤਾਂ ਇੰਜ ਲੱਗਦਾ ਹੈ ਕਿ ਇਸ ਬੱਚੇ ਦੇ ਮਾਂ-ਬਾਪ ਜਰੂਰ ਉਸ ਫ਼ਕੀਰ ਜਾਂ ਕਿਸੇ ਦੂਜੀ ਸ਼ਕਤੀ ਨੂੰ ਲੱਭਦੇ ਹੋਏ ਹੀ ਇਸ ਗੁਫ਼ਾ ਵਿੱਚ ਆਏ ਹੋਣਗੇ।"

ਲੂੰਬੜ ਨੇ ਭੇੜੀਏ ਅਤੇ ਬੌਣੇ ਨੂੰ ਦੱਸਿਆ: "ਦਾਦਾ ਜੀ ਦੀ ਕਹਾਣੀ ਮੁਤਾਬਕ ਗੁਫ਼ਾ ਵਿਚਲੇ ਅਸੁਰ ਅਤੇ ਦਾਨਵ ਇਕੱਠੇ ਹੋ ਕੇ ਰੱਬ ਦੇ ਰਸਤੇ ਉੱਤੇ ਚੱਲ ਰਹੇ ਲੋਕਾਂ ਦੀ ਤਲਾਸ਼ ਕਰਦੇ ਸਨ। ਫਿਰ ਉਹਨਾ ਨੂੰ ਇਸ ਗੁਫ਼ਾ ਵਿੱਚ ਕੈਦ ਕਰਕੇ ਖ਼ਤਮ ਕਰ ਦਿੰਦੇ ਸਨ ਤਾਂ ਜੋ ਇੱਕ ਦਿਨ ਧਰਤੀ ਉੱਤੇ ਅਸੁਰਾਂ ਦਾ ਰਾਜ ਕਾਇਮ ਹੋ ਜਾਵੇ। ਅਸੁਰ, ਦਾਨਵ ਅਤੇ ਮੱਕਾਰ ਲੋਕ **ਤ੍ਰਿਲੋਕੀ ਜੀ** ਦੇ ਅਘੌਰੀ ਰੂਪ ਦਾ ਫ਼ਾਇਦਾ ਚੁੱਕ ਕੇ ਮਾਨਵਤਾ ਦਾ ਨੁਕਸਾਨ ਕਰਦੇ ਸਨ।"

ਲੂੰਬੜ ਨੇ ਦੱਸਿਆ: "ਇਹਨਾ ਨੁਕਸਾਨਦੇਹ ਆਤਮਾਵਾਂ ਨੇ ਅਘੌਰੀ ਦੀ ਤਪੱਸਿਆ ਕਰਕੇ ਉਹਨਾ ਕੋਲੋਂ ਬਹੁਤ ਵਰ ਪ੍ਰਾਪਤ ਕੀਤੇ ਹੋਏ ਸਨ। ਇਸ ਲਈ ਧਰਤੀ ਅਤੇ ਪਤਾਲ ਲੋਕ ਵਿੱਚ ਅਸੁਰਾਂ ਦੇ ਮੁਕਾਬਲੇ ਅਸਲੀ ਦੇਵਤਿਆਂ ਦੀ ਗਿਣਤੀ ਕਾਫੀ ਘੱਟ ਗਈ ਸੀ। **ਤ੍ਰਿਲੋਕੀ ਜੀ** ਤੋਂ ਵਰ ਲੈ ਕੇ ਇਹ ਲੋਭੀ ਵੱਡੀਆਂ ਤਾਕਤਾਂ ਦੇ ਰੂਪ ਵਿੱਚ ਉਭਰੇ ਅਤੇ ਰੱਬ ਦੀ ਬਣਾਈ ਇਸ ਕਾਇਨਾਤ ਨੂੰ ਤਹਿਸ-ਨਹਿਸ ਕਰਨ ਵਿੱਚ ਜੁੱਟ ਗਏ।"

ਲੂੰਬੜ ਨੇ ਕਹਾਣੀ ਅਨੁਸਾਰ ਭੇੜੀਏ ਅਤੇ ਬੌਣੇ ਨੂੰ ਦੱਸਿਆ: "**ਤ੍ਰਿਲੋਕੀ ਜੀ** ਕੋਲੋਂ ਵਰ ਪ੍ਰਾਪਤ ਕਰਨ ਤੋਂ ਬਾਅਦ ਇਹਨਾ ਅਸੁਰਾਂ ਨੇ ਖ਼ੁਦ ਨੂੰ ਰੱਬ ਸਮਝਣਾ ਸ਼ੁਰੂ ਕਰ ਦਿੱਤਾ। ਸੱਚਾਈ ਅਤੇ ਰੱਬ ਦੇ ਰਾਹ ਉੱਤੇ ਚੱਲਣ ਵਾਲੇ ਲੋਕਾਂ ਨੂੰ ਭਰਮ ਦੇ ਜਾਲ ਵਿੱਚ ਫਸਾ ਕੇ ਇਹ ਲੋਕਾਂ ਨੂੰ ਰੱਬ ਦੇ ਰਸਤੇ ਤੋਂ ਦੂਰ ਕਰ ਦਿੰਦੇ ਸਨ। ਸੱਚਾਈ ਉੱਤੇ ਪਹਿਰਾ ਦੇਣ ਵਾਲੇ ਲੋਕ ਇਹਨਾ ਦੇ ਜਾਲ ਵਿੱਚ ਫਸ ਵੀ ਜਾਂਦੇ ਸਨ ਕਿਉਂਕਿ ਉਹਨਾ ਲੋਕਾਂ ਦੇ ਦਿਲਾਂ ਵਿੱਚ ਫ਼ਰੇਬ ਨਹੀਂ ਸੀ ਹੁੰਦਾ। ਜੇ ਕੋਈ ਇਨਸਾਨ ਆਪਣੀ ਤੀਖਣ ਬੁੱਧੀ ਨਾਲ ਇਹਨਾ ਦੇ ਬਣਾਏ ਜਾਲ ਵਿੱਚੋਂ ਨਿੱਕਲ ਜਾਂਦਾ ਤਾਂ ਇਹ ਅਸੁਰ ਉਸ ਇਨਸਾਨ ਦੀ ਜ਼ਿੰਦਗੀ ਵਿੱਚ ਐਂਨੀਆਂ ਮੁਸ਼ਕਲਾਂ ਖੜ੍ਹੀਆਂ ਕਰ ਦਿੰਦੇ ਕਿ ਉਹ ਇਨਸਾਨ ਟੁੱਟ ਜਾਂਦਾ ਸੀ!"

ਇਹ ਗੱਲ ਦੱਸਣ ਤੋਂ ਬਾਅਦ ਲੂੰਬੜ ਚੁੱਪ ਕਰ ਗਿਆ।ਲੂੰਬੜ ਦੀ ਗੱਲ ਸੁਣ ਕੇ ਦਾਨਵ ਅਤੇ ਅਸੁਰ ਹੈਰਾਨ ਹੋ ਗਏ।ਉਹ ਸੋਚਣ ਲੱਗੇ: "ਇਸ ਰਹੱਸਮਈ ਜੰਗਲ ਦੇ ਐਂਨੇ ਰਾਜ਼ ਕੌਣ ਜਾਣਦਾ ਹੈ?"

ਦਾਨਵ ਨੇ ਲੂੰਬੜ ਨੂੰ ਪੁੱਛਿਆ: "ਮੈਨੂੰ ਜਲਦੀ ਉਸ ਇਨਸਾਨ ਦਾ ਨਾਮ ਦੱਸ ਜਿਸ ਕੋਲੋਂ ਤੂੰ ਇਹ ਕਹਾਣੀ ਸੁਣੀ ਹੈ ਵਰਨਾ ਮੈਂ ਤੇਰੀ ਜਾਨ ਲੈ ਲਵਾਂਗਾ?!"

ਲੂੰਬੜ ਨੇ ਦਾਨਵ ਨੂੰ ਜਵਾਬ ਦਿੱਤਾ: "ਉਸ ਇਨਸਾਨ ਦਾ ਨਾਮ ਮੈਂ ਤਾਂ ਹੀ ਦੱਸਾਂਗਾ ਜੇ ਤੂੰ ਇਸ ਬੱਚੇ ਨੂੰ ਬਚਾਉਣ ਵਿੱਚ ਸਾਡੀ ਮੱਦਦ ਕਰੇਂਗਾ।"

ਲੂੰਬੜ ਦੀ ਗੱਲ ਸੁਣ ਕੇ ਦਾਨਵ ਨੂੰ ਗੁੱਸਾ ਆ ਗਿਆ।ਉਸਨੇ ਬਹੁਤ ਹੀ ਰੋਹ ਭਰੀ ਅਵਾਜ ਵਿੱਚ ਕਿਹਾ: 'ਇਸ ਪੱਥਰ ਦੇ ਪਿੱਛੇ ਜੋ ਸ਼ਕਤੀ ਕੈਦ ਹੈ ਮੈਂ ਉਸ ਨੂੰ ਬਚਾਉਣ ਦੇ ਹੱਕ ਵਿੱਚ ਨਹੀਂ ਹਾਂ! ਮੈਨੂੰ ਤਾਂ ਅਸੁਰਾਂ ਦੀ ਗੱਲ ਠੀਕ ਲੱਗਦੀ ਏ! ਪਹਿਲਾਂ ਤੁਹਾਡਾ ਖ਼ਾਤਮਾ ਕਰ ਦਈਏ! ਆਪਣੀ ਲੜਾਈ ਤਾ ਅਸੀਂ ਲੜਦੇ ਹੀ ਰਹਾਂਗੇ।"

ਦਾਨਵ ਦੀ ਗੱਲ ਸੁਣ ਕੇ ਭੇੜੀਏ ਨੇ ਦਾਨਵ ਨੂੰ ਜਵਾਬ ਦਿੱਤਾ: "ਫਿਰ ਦੇਰ ਕਿਸ ਗੱਲ ਦੀ ਹੈ? ਆਜਾ ਮੈਦਾਨ ਵਿੱਚ! ਕਰ ਦੇ ਸਾਨੂੰ ਖ਼ਤਮ ਤਾਂ ਜੋ ਉਸ ਔਰਤ ਦੀ ਭਗਤੀ ਖ਼ਤਮ ਹੋ ਜਾਵੇ ਅਤੇ ਨਾਲ ਹੀ ਇਸ ਧਰਤੀ ਤੋਂ ਤੇਰੀ ਹੋਂਦ ਵੀ ਖ਼ਤਮ ਹੋ ਜਾਵੇ।ਯਾਦ ਕਰ ਉਹ ਦਿਨ! ਜਿਸ ਦਿਨ ਇਹ ਅਸੁਰ ਆਜ਼ਾਦ ਹੋਣ ਲਈ ਤੇਰੀ ਬਲੀ ਦੇਣ ਲੱਗੇ ਸੀ।ਮੰਦਰ ਵਿੱਚ ਤੂੰ ਇਹਨਾ ਅਸੁਰਾਂ ਦੇ ਇੱਕ ਸਾਥੀ ਦੀ ਕੈਦ ਵਿੱਚ ਸੀ।ਉਸ ਸਮੇਂ ਇਸ ਬੱਚੇ ਵਾਂਗ ਤੂੰ ਵੀ ਬੇਬਸ ਸੀ।ਤੂੰ ਵੀ ਮੌਤ ਦੇ ਦਰ ਉੱਤੇ ਖੜ੍ਹਾ ਸੀ!!!"

ਲੂੰਬੜ ਨੇ ਬਹੁਤ ਗੁੱਸੇ ਨਾਲ ਦਾਨਵ ਨੂੰ ਕਿਹਾ: "ਤੈਨੂੰ ਪਤਾ ਹੈ ਕਿ ਤੇਰੀ ਜਾਨ ਬਚਾਉਣ ਵਾਲੀ ਉਹ ਔਰਤ ਕੌਣ ਸੀ!! ਉਸਨੇ ਅੱਠ ਸਾਲ ਤੈਨੂੰ ਆਪਣੇ ਸਾਏ ਵਿੱਚ ਰੱਖਿਆ।ਤੇਰੀ ਪਰਿਵਰਸ਼ ਕੀਤੀ!! ਉਸ ਔਰਤ ਨੇ ਆਪਣੀ ਭਗਤੀ ਦਾ ਫ਼ਲ ਤੇਰੇ ਵਜੂਦ ਨੂੰ ਬਚਾਉਣ ਲਈ ਖ਼ਤਮ ਕਰ ਦਿੱਤਾ!! ਤੈਨੂੰ ਆਮ ਤੋਂ ਖਾਸ ਬਣਾ ਦਿੱਤਾ ਕਿਉਂਕਿ ਇਹਨਾ ਅਸੁਰਾਂ ਨੂੰ ਖ਼ਤਮ ਕਰਨ ਲਈ ਅਜਿਹੇ ਸ਼ਰੀਰ ਦੀ ਲੋੜ ਸੀ ਜਿਸ ਵਿੱਚ ਅਸੁਰ ਬੁੱਧੀ ਨਾ ਹੋਵੇ!!!"

ਭੇੜੀਏ ਨੇ ਦਾਨਵ ਨੂੰ ਕਿਹਾ: "ਬਹੁਤ ਅਫ਼ਸੋਸ ਹੋ ਰਿਹਾ ਹੈ ਤੈਨੂੰ ਮਿਲ ਕੇ।ਤਾਕਤ ਦਾ ਐਂਨਾ ਲੋਭ ਕਿਸ ਕੰਮ ਦਾ।ਕੀ ਫ਼ਾਇਦਾ ਉਸ ਤਾਕਤ ਦਾ ਜੋ ਇਨਸਾਨ ਨੂੰ ਇਨਸਾਨ ਨਾ ਰਹਿਣ ਦੇਵੇ।"

ਦਾਨਵ ਨੂੰ ਆਪਣੀ ਗੱਲ ਕਹਿਣ ਤੋਂ ਬਾਅਦ ਭੇੜੀਏ ਨੇ ਬੌਣੇ ਨੂੰ ਕਿਹਾ: "ਸਿਰਜੂ ਅਤੇ ਬੱਚੇ ਦੀ ਰੱਖਿਆ ਕਰਨ ਦਾ ਕੰਮ ਮੈਂ ਕਰਦਾ ਹਾਂ।ਤੁਹਾਡੇ ਕੋਲ ਜਿਆਦਾ ਤਾਕਤ ਹੈ।ਇਸ ਲਈ ਪੱਥਰ ਹਟਾਉਣ ਦਾ ਕੰਮ ਤੁਹਾਨੂੰ ਕਰਨਾ ਚਾਹੀਦਾ ਹੈ।"

ਲੂੰਬੜ ਨੇ ਬੌਣੇ ਅਤੇ ਭੇੜੀਏ ਨੂੰ ਕਿਹਾ: "ਮੈਨੂੰ ਹਵਾ ਵਿੱਚੋਂ ਆਉਣ ਵਾਲੀ ਸੁਗੰਧ ਤੋਂ ਇੰਜ ਮਹਿਸੂਸ ਹੋ ਰਿਹਾ ਹੈ ਜਿਵੇਂ ਤੱਪ ਕਰਨ ਵਾਲਾ ਅਤੇ ਚਲਾਕ ਅਸੁਰ ਵੀ ਇਸੇ ਗੁਫ਼ਾ ਵੱਲ ਆ ਰਹੇ ਹੋਣ।"

ਲੂੰਬੜ ਦੀ ਗੱਲ ਸੁਣ ਕੇ ਦਾਨਵ ਸਕਪਕਾ ਗਿਆ।ਬੌਣੇ ਨੇ ਲੂੰਬੜ ਨੂੰ ਕਿਹਾ: "ਚੰਗੀ ਗੱਲ ਹੈ! ਮੈਂ ਉਹਨਾ ਦੋਵਾਂ ਦੇ ਆਉਣ ਦੀ ਹੀ ਉਡੀਕ ਕਰ ਰਿਹਾ ਸਾਂ ਤਾਂ ਜੋ ਇਹਨਾ ਸਾਰੇ ਅਸੁਰਾਂ ਦਾ ਖ਼ਾਤਮਾ ਇੱਕ ਵਾਰ ਹੀ ਕਰ ਦੇਵਾਂ।"

ਲੂੰਬੜ ਨੇ ਬੌਣੇ ਅਤੇ ਭੇੜੀਏ ਨੂੰ ਕਿਹਾ: "ਮੈਨੂੰ ਬਹੁਤ ਡਰ ਲੱਗ ਰਿਹਾ ਏ।ਕਰੋ ਕਿਸੇ ਮੰਤਰ ਦਾ ਉਪਯੋਗ।ਮੈਨੂੰ ਇਸ ਪੱਥਰ ਦੇ ਓਹਲੇ ਕਰ ਦੇਵੋ।"

ਬੌਣੇ ਨੇ ਲੂੰਬੜ ਨੂੰ ਜਵਾਬ ਦਿੱਤਾ: "ਹੌਂਸਲਾ ਰੱਖ! ਕੁੱਝ ਨਹੀਂ ਹੁੰਦਾ!! ਬਚਾ ਲਵਾਂਗਾ ਤੈਨੂੰ!"

ਬੌਣੇ ਦੀ ਗੱਲ ਸੁਣ ਕੇ ਅਸੁਰਾਂ ਨੇ ਦਾਨਵ ਨੂੰ ਕਿਹਾ: "ਲੱਗਦਾ ਹੈ ਭੇੜੀਆ ਅਤੇ ਬੌਣਾ ਸਾਡੇ ਅਸੁਰ ਸਾਥੀਆਂ ਤੋਂ ਜਿਆਦਾ ਤਾਕਤਵਰ ਹਨ।ਇੱਕ ਦੂਜੇ ਨਾਲ ਆਪਾਂ ਬਾਅਦ ਵਿੱਚ ਨਿਪਟਦੇ ਰਹਾਂਗੇ।ਇਸ ਸਮੇਂ ਤੂੰ ਸਾਡੀ ਮੱਦਦ ਕਰ।ਆਜ਼ਾਦ ਹੋ ਕੇ ਇਹ ਗੁਫ਼ਾ ਵੀ ਤੇਰੇ ਹਵਾਲੇ ਕਰ ਦੇਵਾਂਗੇ।ਜਲਦੀ ਨਾਲ ਬੱਚੇ ਅਤੇ ਸਿਰਜੂ ਨੂੰ ਖ਼ਤਮ ਕਰ ਦੇ।ਬੱਚੇ ਦੇ ਮਾਂ-ਬਾਪ ਦੀਆਂ ਲਾਸ਼ਾਂ ਨੂੰ ਸਾਡੇ ਨੇੜੇ ਕਰ ਤਾਂ ਜੋ ਇਹਨਾ ਦਾ ਮਾਸ ਖਾ ਕੇ ਸਾਡੇ ਸ਼ਰੀਰਾਂ ਵਿੱਚ ਕੁੱਝ ਜਾਨ ਆਵੇ।"

ਅਸੁਰਾਂ ਨੇ ਦਾਨਵ ਨੂੰ ਸਮਝਾਉਣ ਵਾਲੇ ਲਹਿਜੇ ਵਿੱਚ ਕਿਹਾ: "ਲੂੰਬੜ ਨੂੰ ਖ਼ਤਮ ਕਰਨਾ ਬਹੁਤ ਜਰੂਰੀ ਹੈ ਕਿਉਂਕਿ ਇਸ ਨੂੰ ਜੰਗਲ ਅਤੇ ਗੁਫ਼ਾ ਦੇ ਰਾਜ਼ ਪਤਾ ਹਨ।ਲੂੰਬੜ ਜਿਊਂਦਾ ਰਿਹਾ ਤਾਂ ਭਵਿੱਖ ਵਿੱਚ ਸਾਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।"

ਅਚਾਨਕ ਗੁਫ਼ਾ ਦੇ ਬਾਹਰੋਂ ਭਿਆਨਕ ਦਹਾੜਾਂ ਦੀਆਂ ਆਵਾਜਾਂ ਆਉਣੀਆਂ ਸ਼ੁਰੂ ਹੋ ਗਈਆਂ।ਤੱਪ ਕਰਨ ਵਾਲਾ ਅਤੇ ਚਲਾਕ ਅਸੁਰ ਦੋਵੇਂ ਹੀ ਗੁਫ਼ਾ ਵੱਲ ਆ ਰਹੇ ਸਨ।

ਅਸੁਰਾਂ ਦੀਆਂ ਦਹਾੜਾਂ ਸੁਣਨ ਤੋਂ ਬਾਅਦ ਬੌਣੇ ਨੇ ਸਿਰਜੂ ਨੂੰ ਕਿਹਾ: "ਤੈਨੂੰ ਡਰਨ ਦੀ ਲੋੜ ਨਹੀਂ।ਮੈਂ ਤੁਹਾਨੂੰ ਅਦ੍ਰਿਸ਼ ਕਰਨ ਲੱਗਾ ਹਾਂ ਤਾਂ ਜੋ ਅਸੁਰ ਦੇਖ ਹੀ ਨਾ

ਸਕਣ। ਉਹਨਾ ਦਾ ਮੁਕਾਬਲਾ ਮੈਂ ਅਤੇ ਭੇੜੀਆ ਰਲ ਕੇ ਕਰਾਂਗੇ। ਬਸ ਤੂੰ ਬੱਚੇ ਨੂੰ ਰੋਣ ਨਾ ਦੇਵੀਂ।"

ਗੱਲ ਖ਼ਤਮ ਹੋਣ ਤੋਂ ਬਾਅਦ ਬੌਣੇ ਨੇ ਮੰਤਰ ਦਾ ਉਚਾਰਣ ਕੀਤਾ ਅਤੇ ਆਪਣੇ ਹੱਥ ਨੂੰ ਸਿਰਜੂ, ਲੂੰਬੜ ਅਤੇ ਬੱਚੇ ਵੱਲ ਘੁਮਾਂ ਦਿੱਤਾ। ਹੱਥ ਘੁੰਮਣ ਦੇ ਨਾਲ ਹੀ ਬੱਚਾ, ਸਿਰਜੂ ਅਤੇ ਲੂੰਬੜ ਅਦ੍ਰਿਸ਼ ਹੋ ਗਏ। ਹੁਣ ਗੁਫ਼ਾ ਵਿੱਚ ਭੇੜੀਏ ਅਤੇ ਬੌਣੇ ਤੋਂ ਇਲਾਵਾ ਸਿਰਫ਼ ਸ਼ੇਰਨੀ ਦਿਖਾਈ ਦੇ ਰਹੀ ਸੀ।

ਭੇੜੀਏ ਨੇ ਬੌਣੇ ਨੂੰ ਕਿਹਾ: "ਮੇਰਾ ਵਿਚਾਰ ਹੈ ਕਿ ਕੁੱਝ ਦੇਰ ਲਈ ਸਾਨੂੰ ਵੀ ਅਦ੍ਰਿਸ਼ ਹੋ ਜਾਣਾ ਚਾਹੀਦਾ ਹੈ। ਦੇਖੀਏ ਤਾਂ ਸਹੀ ਕਿ ਆਖ਼ਿਰ ਆਉਣ ਵਾਲੇ ਅਸੁਰ ਕਰਦੇ ਕੀ ਹਨ। ਇਸ ਨੀਤੀ ਨੂੰ ਅਪਨਾ ਕੇ ਲੜਣਾ ਸੌਖਾ ਹੋ ਜਾਵੇਗਾ।"

ਬੌਣੇ ਨੇ ਭੇੜੀਏ ਨੂੰ ਜਵਾਬ ਦਿੱਤਾ: "ਗੱਲ ਤਾਂ ਤੇਰੀ ਠੀਕ ਹੈ!"

ਬੌਣੇ ਨੇ ਮੰਤਰ ਪੜ੍ਹਿਆ ਅਤੇ ਭੇੜੀਏ ਸਮੇਤ ਅਦ੍ਰਿਸ਼ ਹੋ ਗਿਆ। ਉਹਨਾ ਦੇ ਅਦ੍ਰਿਸ਼ ਹੋਣ ਨਾਲ ਦਾਨਵ ਅਤੇ ਅਸੁਰ ਬੇਚੈਨ ਹੋ ਗਏ ਕਿਉਂਕਿ ਉਹਨਾ ਨੂੰ ਸ਼ੇਰਨੀ ਤੋਂ ਇਲਾਵਾ ਹੋਰ ਕੋਈ ਵੀ ਦਿਖਾਈ ਨਹੀਂ ਸੀ ਦੇ ਰਿਹਾ। ਦਾਨਵ ਆਪਣੀਆਂ ਬਾਹਵਾਂ ਨੂੰ ਆਲੇ-ਦੁਆਲੇ ਘੁਮਾ ਕੇ ਸਿਰਜੂ ਅਤੇ ਬੱਚੇ ਨੂੰ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸੀ॥"

# ਅਧਿਆਏ

# 16

# ਸ਼ਰਾਪ

# 16. ਸ਼ਰਾਪ

ਥੋੜ੍ਹੀ ਦੇਰ ਬਾਅਦ ਦੋਵੇਂ ਅਸੁਰ (ਚਲਾਕ ਅਸੁਰ ਅਤੇ ਸਮਾਧੀ ਵਾਲਾ ਅਸੁਰ) ਗੁਫ਼ਾ ਵਿੱਚ ਪਹੁੰਚ ਗਏ।ਗੁਫ਼ਾ ਵਿੱਚ ਪਹੁੰਚ ਕੇ ਉਹਨਾ ਨੇ ਦੇਖਿਆ: "ਦਾਨਵ ਥੜ੍ਹੇ ਉੱਤੇ ਔਰਤ ਦੀ ਲਾਸ਼ ਕੋਲ ਖੜ੍ਹੋ ਕੇ ਆਪਣੀਆਂ ਬਾਹਵਾਂ ਨੂੰ ਹਵਾ ਵਿੱਚ ਲਹਿਰਾ ਰਿਹਾ ਸੀ।ਕੈਦ ਅਸੁਰ ਰੰਗੀਨ ਰੇਖਾਵਾਂ ਦਾ ਜਾਲ ਬੁਣ ਰਹੇ ਸਨ।ਸ਼ੇਰਨੀ ਲੰਮੀ ਪਈ ਸੀ।ਪਹਿਲੀ ਨਜਰ ਵਿੱਚ ਅਸੁਰਾਂ ਨੂੰ ਇਸ ਤਰ੍ਹਾਂ ਲੱਗਾ ਜਿਵੇਂ ਦਾਨਵ ਅਤੇ ਕੈਦ ਅਸੁਰਾਂ ਦੇ ਵਿਚਕਾਰ ਲੜਾਈ ਚੱਲ ਰਹੀ ਹੋਵੇ।

ਦਾਨਵ ਨੂੰ ਗੁਫ਼ਾ ਵਿੱਚ ਦੇਖ ਕੇ ਅਸੁਰ ਖੁਸ਼ ਹੋ ਗਏ।ਉਹਨਾ ਨੂੰ ਪਤਾ ਸੀ ਕਿ ਦਾਨਵ ਓਹੀ ਬੱਚਾ ਹੈ ਜਿਸ ਬੱਚੇ ਦੀ ਬਲੀ ਦੇਣ ਵਿੱਚ ਉਹ ਅਸਫ਼ਲ ਹੋ ਗਏ ਸਨ।ਉਸ ਸਮੇਂ ਮੰਦਰ ਵਿੱਚ ਔਰਤ ਨੇ ਬੱਚੇ ਨੂੰ ਬਚਾ ਲਿਆ ਸੀ।

ਦਾਨਵ ਵੱਲ ਦੇਖ ਕੇ ਚਲਾਕ ਅਸੁਰ ਨੂੰ ਤਾਂ ਜਿਵੇਂ ਚਾਅ ਹੀ ਚੜ ਗਿਆ। ਉਸਨੇ ਦਾਨਵ ਨੂੰ ਕਿਹਾ: "ਆਖ਼ਿਰਕਾਰ! ਤੂੰ ਸਾਡੇ ਕਾਬੂ ਆ ਹੀ ਗਿਆ! ਅੱਜ ਕੌਣ ਬਚਾਵੇਗਾ ਤੈਨੂੰ!! ਇਸ ਸਮੇਂ ਤਾ ਉਹ ਔਰਤ ਵੀ ਤੇਰੇ ਨਾਲ ਨਹੀਂ।ਬੱਚੂ ਹੁਣ ਮਜਾ ਆਵੇਗਾ। ਗੁਫ਼ਾ ਵਿੱਚ ਕੈਦ ਕਰਕੇ ਤੇਰੇ ਕੋਲੋਂ ਸਾਰੇ ਬਦਲੇ ਲਵਾਂਗੇ ।"

ਦਾਨਵ ਨੇ ਅਸੁਰ ਨੂੰ ਜਵਾਬ ਦਿੱਤਾ: "ਮੂਰਖ਼ ਅਸੁਰ! ਉਸ ਔਰਤ ਦੀ ਦੈਵੀ ਸ਼ਕਤੀ ਅਜੇ ਵੀ ਮੇਰੀ ਰੱਖਿਆ ਕਰਦੀ ਹੈ।ਸਦੀਆਂ ਗੁਜਰ ਗਈਆਂ ਮੈਨੂੰ ਇਸ ਗੁਫ਼ਾ ਦੇ ਚੱਕਰ ਕੱਟਦਿਆਂ।ਮੈਂ ਵੀ ਤੁਹਾਨੂੰ ਹੀ ਲੱਭ ਰਿਹਾ ਸੀ।ਤੁਹਾਡੇ ਨਾਲ ਲੜਾਈ ਕਰਨ ਦਾ ਬਹੁਤ ਮਜਾ ਆਵੇਗਾ।ਆਓ ਮੈਦਾਨ ਵਿੱਚ।ਦੇਖੀਏ ਤਾਂ ਸਹੀ ਕਿਸ ਵਿੱਚ ਕਿੰਨਾ-ਕੁ-ਦਮ ਹੈ।"

ਦਾਨਵ ਦੀ ਗੱਲ ਸੁਣ ਕੇ ਅਸੁਰ ਹੱਸ ਪਏ ਅਤੇ ਵਿਅੰਗਆਤਮਕ ਰੂਪ ਵਿੱਚ ਕਹਿਣ ਲੱਗੇ:

"ਹੂੰਮਮਮ...

ਦੈਵੀ ਸ਼ਕਤੀ ਰੱਖਿਆ ਕਰੇਗੀ ਤੇਰੀ!!

ਉਹ ਵੀ ਇਸ ਗੁਫ਼ਾ ਵਿੱਚ!!

ਬਹੁਤ ਹਸੀਨ ਸੁਪਨਾ ਲੈ ਲਿਆ ਤੂੰ!!

ਸਾਨੂੰ ਲੱਭ ਰਿਹਾ ਸੀ!!

ਵਾਹ!!!

ਵਾਹ!!!!"

ਗੁਫ਼ਾ ਦੀਆਂ ਦੀਵਾਰਾਂ ਨਾਲ ਬੱਝੇ ਹੋਏ ਅਸੁਰ ਰੌਲਾ ਪਾ ਰਹੇ ਸਨ। ਉਹਨਾ ਨੇ ਆਪਣੇ ਸਾਥੀ ਅਸੁਰਾਂ ਨੂੰ ਕਿਹਾ: "ਗੁਫ਼ਾ ਵਿੱਚ ਦਾਨਵ ਇੱਕਲਾ ਨਹੀਂ ਹੈ। ਬੌਣਾ, ਭੇੜੀਆ, ਲੂੰਬੜ, ਸਿਰਜੂ ਅਤੇ ਬੱਚਾ ਵੀ ਗੁਫ਼ਾ ਵਿੱਚ ਮੌਜੂਦ ਹਨ। ਇਹ ਸ਼ੇਰਨੀ ਬੌਣੇ ਦੇ ਮੰਤਰ ਨਾਲ ਇਸ ਗੁਫ਼ਾ ਵਿੱਚ ਆਈ ਹੈ। ਬੱਚਾ ਸਿਰਜੂ ਦੀ ਗੋਦ ਵਿੱਚ ਹੈ ਅਤੇ ਸਿਰਜੂ ਇੱਕ ਸਾਧਾਰਣ ਇਨਸਾਨ ਹੈ। ਬੌਣੇ ਨੇ ਸਾਰਿਆਂ ਨੂੰ ਅਦ੍ਰਿਸ਼ ਕੀਤਾ ਹੋਇਆ ਹੈ ਇਸ ਲਈ ਇਹ ਸਮਾਂ ਆਪਸ ਵਿੱਚ ਲੜਣ ਦਾ ਨਹੀਂ ਬਲਕਿ ਇਕੱਠੇ ਹੋ ਕੇ ਉਹਨਾ ਸਾਰਿਆਂ ਨੂੰ ਖ਼ਤਮ ਕਰਨ ਦਾ ਹੈ।

ਚਲਾਕ ਅਸੁਰ ਅਤੇ ਤੱਪ ਵਾਲੇ ਅਸੁਰ ਨੇ ਇੱਕਠੇ ਹੋ ਕੇ ਦਾਨਵ ਨੂੰ ਗੁਫ਼ਾ ਵਿੱਚ ਕੈਦ ਕਰਨ ਲਈ ਸ਼ਕਤੀ ਦਾ ਪ੍ਰਯੋਗ ਕੀਤਾ। ਜਦੋਂ ਦਾਨਵ ਦੇ ਸ਼ਰੀਰ ਨਾਲ ਅਸੁਰਾਂ ਦੀ ਸ਼ਕਤੀ ਟਕਰਾਈ ਤਾਂ ਉਸਦੀਆਂ ਅੱਖਾਂ ਅੱਗੇ ਮੰਦਰ ਵਾਲਾ ਦ੍ਰਿਸ਼ ਘੁੰਮਣ ਲੱਗਾ। ਕੰਨਾਂ

ਵਿੱਚ ਉਸ ਔਰਤ ਦੀ ਅਵਾਜ਼ ਗੂੰਜਣ ਲੱਗੀ ਜਿਸਨੇ ਬਚਪਨ ਵਿੱਚ ਉਸਦੀ ਰੱਖਿਆ ਕੀਤੀ ਸੀ।ਬਲੀ ਚੜ੍ਹਣ ਤੋਂ ਬਚਾਇਆ ਸੀ।

ਦਾਨਵ ਦੇ ਕੰਨਾਂ ਵਿੱਚ ਲਗਾਤਾਰ ਉਸ ਔਰਤ ਦੇ ਇਹ ਸ਼ਬਦ ਗੂੰਜ ਰਹੇ ਸਨ: "ਬੱਚੇ! ਵੱਡਾ ਹੋ ਕੇ ਸਿਰਫ਼ ਰੱਬ ਦੇ ਰਸਤੇ ਉੱਪਰ ਚੱਲਣਾ।ਮੈਂ ਤੈਨੂੰ ਆਪਣੀ ਸ਼ਕਤੀ ਦੇ ਰਹੀਂ ਹਾਂ।ਇਹਨਾਂ ਅਸੁਰਾਂ ਦਾ ਖਾਤਮਾ ਜਰੂਰੀ ਹੈ ਤਾਂ ਜੋ ਦੁਨੀਆਂ ਵਿੱਚੋਂ ਬੁਰਾਈ ਖਤਮ ਹੋ ਸਕੇ।ਮੈਨੂੰ ਉਮੀਦ ਹੈ ਕਿ ਤੂੰ ਭਵਿੱਖ ਵਿੱਚ ਇਹਨਾ ਅਸੁਰਾਂ ਨੂੰ ਖ਼ਤਮ ਕਰਕੇ ਰੱਬ ਦੇ ਰਾਹ ਅਤੇ ਸੱਚਾਈ ਦੇ ਰਸਤੇ ਉੱਤੇ ਚੱਲਣ ਵਾਲੇ ਲੋਕਾਂ ਦੀ ਰੱਖਿਆ ਕਰੇਂਗਾ।"

ਕੰਨਾਂ ਵਿੱਚ ਗੂੰਜਣ ਵਾਲੇ ਇਹਨਾ ਸ਼ਬਦਾਂ ਨਾਲ ਮੰਤਰ-ਮੁਗਧ ਹੋ ਕੇ ਦਾਨਵ ਥੜ੍ਹੇ ਤੋਂ ਨੀਚੇ ਉੱਤਰਿਆ।ਉਹ ਬਿਨਾਂ ਕਿਸੇ ਹਿਚਕਚਾਹਟ ਤੋਂ ਅਸੁਰਾਂ ਦੇ ਕੋਲ ਪਹੁੰਚ ਕੇ ਕਹਿਣ ਲੱਗਾ: "ਅੱਜ ਤੁਹਾਡਾ ਅਤੇ ਮੇਰਾ ਆਖ਼ਿਰੀ ਵਕਤ ਆ ਪਹੁੰਚਾ ਹੈ।ਤੁਹਨੂੰ ਖ਼ਤਮ ਕਰਨ ਲਈ ਮੈਂ ਆਪਣੀ ਜ਼ਿੰਦਗੀ ਦੀ ਪਰਵਾਹ ਨਹੀਂ ਕਰਾਂਗਾ।"

ਜਦੋਂ ਦਾਨਵ ਉਹਨਾ ਅਸੁਰਾਂ ਨਾਲ ਲੜਾਈ ਕਰਨ ਲੱਗਾ ਤਾਂ ਕੈਦ ਅਸੁਰਾਂ ਨੇ ਦਾਨਵ ਨੂੰ ਆਪਣੇ ਨਿਸ਼ਾਨੇ ਤੇ ਲੈ ਲਿਆ।ਲੂੰਬੜ ਨੂੰ ਇਹ ਟਕਰਾਅ ਦੇਖ ਕੇ ਆਪਣੇ ਦਾਦਾ ਜੀ ਦੀ ਕਹਾਣੀ ਦਾ ਉਹ ਪਾਤਰ ਯਾਦ ਆ ਗਿਆ ਜੋ ਆਪਣੇ ਖ਼ੂਨ ਦੀਆਂ ਬੂੰਦਾਂ ਨਾਲ ਇਹਨਾ ਅਸੁਰਾਂ ਨੂੰ ਕੁੱਝ ਦੇਰ ਲਈ ਲਕਵਾ-ਗ੍ਰਸਤ ਕਰ ਦਿੰਦਾ ਸੀ।

ਲੂੰਬੜ ਨੇ ਉੱਚੀ ਆਵਾਜ਼ ਵਿੱਚ ਬੌਣੇ ਨੂੰ ਕਿਹਾ: "ਗੁਫ਼ਾ ਵਿੱਚ ਪੱਥਰ ਦੇ ਪਿੱਛੇ ਇਹਨਾ ਅਸੁਰਾਂ ਨੇ ਇੱਕ ਕੁਬੜੇ ਇਨਸਾਨ ਨੂੰ ਕੈਦ ਕੀਤਾ ਹੋਇਆ ਹੈ।ਕਹਾਣੀ ਅਨੁਸਾਰ ਜਦੋਂ ਦਾਨਵ ਅਤੇ ਅਸੁਰ ਇਕੱਠੇ ਹੋ ਕੇ ਇਨਸਾਨਾਂ ਨੂੰ ਖ਼ਤਮ ਕਰਨ ਲਈ ਭੱਜੇ ਫਿਰਦੇ ਸਨ ਓਸ ਸਮੇਂ ਇੱਕ ਦਿਨ ਅਸੁਰਾਂ ਦਾ ਸਾਹਮਣਾ ਕੁਬੜੇ ਨਾਲ ਹੋ

ਗਿਆ। ਲੜਾਈ ਵਿੱਚ ਅਸੁਰ ਕੁਬੜੇ ਨੂੰ ਖ਼ਤਮ ਨਾ ਕਰ ਸਕੇ ਕਿਉਂਕਿ ਉਸ ਕੋਲ ਇਹਨਾ ਦੇ ਵਰਾਂ ਦੀ ਕਾਟ ਸੀ।"

(ਲੂੰਬੜ ਨੇ ਕਹਾਣੀ ਨੂੰ ਅੱਗੇ ਤੋਰਿਆ) ਕੈਦ ਹੋਇਆ ਕੁਬੜਾ **ਵਿਸ਼ਨੂੰ ਜੀ** ਦਾ ਭਗਤ ਹੈ। ਕੁਬੜੇ ਨੇ **ਵਿਸ਼ਨੂੰ ਜੀ** ਦੀ ਭਗਤੀ ਕਰਕੇ ਇਹਨਾ ਅਸੁਰਾਂ ਤੋਂ ਬਚਣ ਦਾ ਵਰ ਮੰਗਿਆ ਸੀ। **ਵਿਸ਼ਨੂੰ ਜੀ** ਨੇ ਕੁਬੜੇ ਨੂੰ ਜਵਾਬ ਵਿੱਚ ਕਿਹਾ ਸੀ:

"ਮੈਂ **ਤ੍ਰਿਲੋਕੀ** ਦੇ ਵਰ ਨੂੰ ਖ਼ਤਮ ਨਹੀਂ ਕਰ ਸਕਦਾ ਲੇਕਿਨ ਤੈਨੂੰ ਅਸੁਰਾਂ ਤੋਂ ਬਚਣ ਦਾ ਰਸਤਾ ਦੱਸ ਦਿੰਦਾ ਹਾਂ!

ਜਦੋਂ ਵੀ ਇਹ ਅਸੁਰ ਤੈਨੂੰ ਮਾਰਨ ਦੀ ਜਾਂ ਜਖਮੀ ਕਰਨ ਦੀ ਕੋਸ਼ਿਸ਼ ਕਰਨਗੇ ਉਸ ਸਮੇਂ ਤੂੰ ਅਪਣੇ ਖ਼ੂਨ ਦੀਆਂ ਬੂੰਦਾਂ ਇਹਨਾ ਅਸੁਰਾਂ ਦੇ ਉੱਤੇ ਛਿੜਕ ਦੇਵੀਂ!

ਤੇਰੇ ਖ਼ੂਨ ਦੀਆਂ ਬੂੰਦਾਂ ਨਾਲ ਇਹ ਅਸੁਰ ਕੁੱਝ ਦੇਰ ਲਈ ਲਕਵਾ-ਗ੍ਰਸਤ ਹੋ ਜਾਣਗੇ!

ਜੇ ਤੂੰ ਇਕੱਤੀ ਵਾਰ ਇਹਨਾ ਅਸੁਰਾਂ ਨੂੰ ਲਕਵਾ-ਗ੍ਰਸਤ ਕਰਨ ਵਿੱਚ ਕਾਮਯਾਬ ਹੋ ਗਿਆ ਤਾਂ ਫਿਰ ਇਹਨਾ ਦੀਆਂ ਸ਼ਕਤੀਆਂ ਦੀ ਕਾਟ ਆਪਣੇ ਆਪ ਹੀ ਹੋ ਜਾਵੇਗੀ!!"

ਲੂੰਬੜ ਨੇ ਕਹਾਣੀ ਅਨੁਸਾਰ ਅੱਗੇ ਦੱਸਿਆ: "ਕੁਬੜੇ ਕੋਲ ਇੱਕ ਤਾਕਤ ਹੋਰ ਵੀ ਹੈ। ਅਸੁਰਾਂ ਦੀਆਂ ਰੇਖਾਵਾਂ ਦੇ ਜਾਲ ਦਾ ਕੁਬੜੇ ਉੱਤੇ ਕੋਈ ਅਸਰ ਨਹੀਂ ਹੁੰਦਾ। ਇਸ ਲਈ ਕੁਬੜਾ ਵਾਰ-ਵਾਰ ਇਹਨਾ ਅਸੁਰਾਂ ਦੇ ਸਾਹਮਣੇ ਆਉਂਦਾ ਅਤੇ ਲੜਾਈ ਕਰਦਾ। ਉਹ ਇੱਕਤੀ ਵਾਰ ਇਹਨਾ ਅਸੁਰਾਂ ਨੂੰ ਲਕਵਾ-ਗ੍ਰਸਤ ਕਰਕੇ ਇਹਨਾ ਦੀਆਂ ਸ਼ਕਤੀਆਂ ਨੂੰ ਖ਼ਤਮ ਕਰਨਾ ਚਾਹੁੰਦਾ ਸੀ ਤਾਂ ਜੋ ਲੋਕਾਂ ਨੂੰ ਅਸੁਰਾਂ ਕੋਲੋਂ ਛੁਟਕਾਰਾ ਮਿਲ ਜਾਵੇ। ਗੁਫ਼ਾ ਵਿਚਲੇ ਇਸ ਪੱਥਰ ਦੀ ਸ਼ਕਤੀ ਹੀ ਕੁਬੜੇ ਨੂੰ ਰੋਕ ਸਕਦੀ ਸੀ। ਕੁਬੜੇ ਨੂੰ ਕੈਦ ਕਰਨ ਵਿੱਚ ਇਹ ਦਨਾਵ ਵੀ ਸ਼ਾਮਲ ਸੀ। ਇਸ ਲਈ ਪੱਥਰ ਨੂੰ ਹਟਾਉਣਾ ਬਹੁਤ ਜਰੂਰੀ ਹੈ। ਮੈਨੂੰ ਵਿਸ਼ਵਾਸ ਹੈ ਕਿ ਕੁਬੜਾ ਸਾਡੀ ਮੱਦਦ ਕਰੇਗਾ।"

ਲੂੰਬੜ ਦੀ ਆਵਾਜ਼ ਸੁਣ ਕੇ ਦੋਵੇਂ ਅਸੁਰ ਹੈਰਾਨ ਰਹਿ ਗਏ।ਉਹਨਾ ਨੇ ਕੈਦ ਅਸੁਰਾਂ ਨੂੰ ਕਿਹਾ: "ਬੌਣੇ ਦੀਆਂ ਸ਼ਕਤੀਆਂ ਦੀ ਕਾਟ ਕਰੋ ਤਾਂ ਜੋ ਗੁਫ਼ਾ ਵਿਚਲੇ ਸਾਰੇ ਲੋਕ ਸਾਨੂੰ ਦਿਖਾਈ ਦੇਣ।ਬੱਚਾ ਕਿਸੇ ਵੀ ਹਾਲਤ ਵਿੱਚ ਗੁਫ਼ਾ ਤੋਂ ਬਾਹਰ ਨਹੀਂ ਨਿੱਕਲਣਾ ਚਾਹੀਦਾ ਅਤੇ ਨਾ ਹੀ ਕੁਬੜਾ ਆਜ਼ਾਦ ਹੋਣਾ ਚਾਹੀਦਾ ਹੈ।ਤੁਸੀ ਬੌਣੇ ਨੂੰ ਸੰਭਾਲੋ।ਅਸੀਂ ਦਾਨਵ ਦਾ ਕੰਮ-ਤਮਾਮ ਕਰਦੇ ਹਾਂ। "

ਜਦੋਂ ਅਸੁਰ ਦਾਨਵ ਦੇ ਸ਼ਰੀਰ ਉੱਤੇ ਕਿਸੇ ਸ਼ਕਤੀ ਨਾਲ ਪ੍ਰਹਾਰ ਕਰਦੇ ਤਾਂ ਦਾਨਵ ਦੀਆਂ ਅੱਖਾਂ ਅੱਗੇ ਮੰਦਰ ਦਾ ਉਹ ਦ੍ਰਿਸ਼ ਘੁੰਮਣ ਲੱਗ ਜਾਂਦਾ ਜਦੋਂ ਅਸੁਰ ਉਸ ਦੀ ਬਲੀ ਦੇਣ ਲੱਗੇ ਸਨ।ਕੰਨਾਂ ਵਿੱਚ ਉਸ ਔਰਤ ਦੀ ਆਵਾਜ਼ ਸੁਣਾਈ ਦੇਣ ਲੱਗਦੀ ਜਿਸਨੇ ਉਸਨੂੰ ਬਚਾਇਆ ਸੀ ਅਤੇ ਕਿਹਾ ਸੀ: "ਭਵਿੱਖ ਵਿੱਚ ਰੱਬ ਅਤੇ ਸੱਚਾਈ ਦੇ ਰਾਹ ਉੱਤੇ ਚੱਲਣ ਵਾਲੇ ਲੋਕਾਂ ਦੀ ਰੱਖਿਆ ਕਰਨਾ। "

ਔਰਤ ਦੀ ਆਵਾਜ਼ ਦਾਨਵ ਦੀ ਨਕਾਰਤਮਕਤਾ ਨੂੰ ਖ਼ਤਮ ਕਰ ਦਿੰਦੀ।ਦਾਨਵ ਉਸ ਆਵਾਜ਼ ਦੇ ਪ੍ਰਭਾਵ ਵਿੱਚ ਅਸੁਰਾਂ ਉੱਤੇ ਹਮਲਾ ਕਰ ਦਿੰਦਾ ਤਾਂ ਜੋ ਬੱਚੇ ਨੂੰ ਬਚਾ ਲਵੇ।

ਦਾਨਵ ਨੇ ਆਪਣੀ ਤਾਕਤ ਦੀ ਵਰਤੋਂ ਨਾਲ ਦੋ ਅਸੁਰਾਂ ਨੂੰ ਖ਼ਤਮ ਕਰ ਦਿੱਤਾ।ਅਸੁਰ ਜਦੋਂ ਧਰਤੀ ਉੱਤੇ ਡਿੱਗੇ ਤਾਂ ਗੁਫ਼ਾ ਵਿੱਚ ਖ਼ਤਰਨਾਕ ਕਿਸਮ ਦੀ ਹਲਚਲ ਹੋਈ।ਇੰਜ ਮਹਿਸੂਸ ਹੋਇਆ ਜਿਵੇਂ ਗੁਫ਼ਾ ਵਿੱਚ ਭੁਚਾਲ ਆ ਗਿਆ ਹੋਵੇ।

ਕੁੱਝ ਦੇਰ ਬਾਅਦ ਗੁਫ਼ਾ ਵਿੱਚ ਇੱਕ ਆਵਾਜ਼ ਸੁਣਾਈ ਦਿੱਤੀ।ਆਵਾਜ਼ ਨੂੰ ਸੁਣ ਕੇ ਇੰਜ ਮਹਿਸੂਸ ਹੁੰਦਾ ਸੀ ਜਿਵੇਂ ਉਹ ਕਿਸੇ ਬਜ਼ੁਰਗ ਦੀ ਆਵਾਜ਼ ਹੋਵੇ।

ਆਵਾਜ਼ ਦਾਨਵ ਨੂੰ ਸੰਬੋਧਿਤ ਕਰਦੇ ਹੋਏ ਕਹਿ ਰਹੀ ਸੀ :

"ਹੇ ਦਾਨਵ! ਇਹਨਾ ਅਸੁਰਾਂ ਨੂੰ ਖ਼ਤਮ ਕਰਨ ਵਾਲਾ ਤੂੰ ਨਹੀਂ ਹੈਂ! ਇਹ ਅਸੁਰ ਮੇਰੀ ਤਾਕਤ ਨਾਲ ਖ਼ਤਮ ਹੋਏ ਹਨ। ਔਰਤ ਵੱਲੋਂ ਦਿੱਤੀ ਗਈ ਭਗਤੀ ਅਤੇ ਵਰਦਾਨ ਦੇ ਕਾਰਨ ਮੈਂ ਹਮੇਸ਼ਾ ਤੇਰੇ ਨਾਲ ਰਹਿੰਦਾ ਹਾਂ, ਹਾਲਾਂਕਿ ਤੇਰੇ ਨਾਲ ਰਹਿਣਾ ਮੇਰੇ ਲਈ ਬਹੁਤ ਤਕਲੀਫ਼ਦੇਹ ਹੈ। ਅਜੇ ਤੱਕ ਤੂੰ ਕੋਈ ਵੀ ਅਜਿਹਾ ਕੰਮ ਨਹੀਂ ਕਰ ਸਕਿਆ ਜਿਸ ਕੰਮ ਨੂੰ ਦੇਖ ਕੇ ਮੈਨੂੰ ਖੁਸ਼ੀ ਮਿਲੇ।"

ਆਵਾਜ਼ ਨੇ ਦਾਨਵ ਨੂੰ ਕਿਹਾ:

"ਜਦੋਂ ਵੀ ਮੈਂ ਤੇਰੀ ਜਾਨ ਬਚਾਉਂਦਾ ਹਾਂ ਤਾਂ ਬਦਲੇ ਵਿੱਚ ਔਰਤ ਦੀ ਦਿੱਤੀ ਹੋਈ ਭਗਤੀ ਦਾ ਫ਼ਲ ਘੱਟ ਜਾਂਦਾ ਹੈ। ਇਹਨਾ ਅਸੁਰਾਂ ਦੇ ਖ਼ਤਮ ਹੋਣ ਤੋਂ ਬਾਅਦ ਭਗਤੀ ਦਾ ਫ਼ਲ ਐਂਨਾ ਘੱਟ ਗਿਆ ਹੈ ਕਿ ਮੈਂ ਹੁਣ ਤੈਨੂੰ ਛੱਡ ਕੇ ਜਾ ਸਕਦਾ ਹਾਂ। ਜੇ ਤੂੰ ਰੱਬ ਦੇ ਰਾਹ ਉੱਤੇ ਚੱਲਦਾ ਤਾਂ ਭਗਤੀ ਦਾ ਫ਼ਲ ਘਟਣ ਦੀ ਬਜਾਏ ਵਧਣਾ ਸੀ। ਅੱਜ ਤੇਰੇ ਕੋਲ ਬਹੁਤ ਵਧੀਆ ਮੌਕਾ ਹੈ। ਸੰਭਾਲ ਲੈ ਆਪਣੇ ਆਪ ਨੂੰ। ਤੇਰੇ ਸਾਹਮਣੇ ਇੱਕ ਬੱਚਾ ਮੌਤ ਦੇ ਦਰ ਉੱਤੇ ਖੜ੍ਹਾ ਹੈ।"

ਅਗਿਆਤ ਆਵਾਜ਼ ਨੇ ਦਾਨਵ ਨੂੰ ਸਮਝਾਉਂਦੇ ਹੋਏ ਕਿਹਾ:

"ਅਸੁਰਾਂ ਦੀਆਂ ਆਤਮਾਵਾਂ ਨੂੰ ਮੈਂ ਉਹਨਾ ਦੇ ਸ਼ਰੀਰ ਵਿੱਚ ਹੀ ਕੈਦ ਕਰ ਚੁੱਕਾ ਹਾਂ। ਰੂਹਾਂ ਨੂੰ ਸ਼ਰੀਰ ਵਿੱਚ ਕੈਦ ਕਰਨ ਦਾ ਰਾਜ ਮੈਂ ਦੱਸਣਾ ਨਹੀਂ ਚਾਹੁੰਦਾ। ਹੇ ਦਾਨਵ! ਆਪਣੀ ਅੰਤਰ ਆਤਮਾ ਨੂੰ ਚੰਗੀ ਤਰ੍ਹਾਂ ਟਟੋਲ। ਸਮਝਣ ਦੀ ਕੋਸ਼ਿਸ਼ ਕਰ ਕਿ ਉਸ ਔਰਤ ਨੇ ਤੈਨੂੰ ਅਪਣੀ ਸ਼ਕਤੀ ਦੇ ਕੇ ਸਦੀਆਂ ਤੱਕ ਜੀਣ ਦਾ ਵਰ ਕਿਉਂ ਦਿੱਤਾ ਸੀ। ਜੇ ਤੂੰ ਹੁਣ ਵੀ ਕੋਈ ਠੋਸ ਫ਼ੈਸਲਾ ਨਾ ਲੈ ਸਕਿਆ ਫਿਰ ਤੇਰਾ ਅੰਤ ਬਹੁਤ ਕਰੀਬ ਹੈ।"

ਇਹ ਗੱਲ ਕਹਿਣ ਤੋਂ ਬਾਅਦ ਆਵਾਜ਼ ਆਉਣੀ ਬੰਦ ਹੋ ਗਈ। ਤੇਜ ਆਵਾਜ਼ ਦੇ ਕਾਰਨ ਬੱਚੇ ਦੀ ਨੀਂਦ ਟੁੱਟ ਗਈ ਅਤੇ ਉਸ ਨੇ ਉੱਚੀ-ਉੱਚੀ ਰੋਣਾ ਸ਼ੁਰੂ ਕਰ

ਦਿੱਤਾ।ਅਸੁਰ ਬੱਚੇ ਦੀ ਆਵਾਜ਼ ਤੋਂ ਉਸ ਦੀ ਉਪਸਿੱਥਤੀ ਦਾ ਅੰਦਾਜ਼ਾ ਲਗਾ ਕੇ ਬੱਚੇ ਨੂੰ ਮਾਰਨ ਦੀ ਕੋਸ਼ਿਸ਼ ਕਰਨ ਲੱਗੇ।

ਬੌਣੇ ਨੇ ਮੰਤਰ ਪੜ ਕੇ ਸ਼ੇਰਨੀ ਨੂੰ ਵੀ ਅਦ੍ਰਿਸ਼ ਕਰ ਦਿੱਤਾ।ਸਿਰਜੂ ਨੇ ਜਲਦੀ ਨਾਲ ਬੱਚੇ ਨੂੰ ਸ਼ੇਰਨੀ ਦੇ ਉੱਤੇ ਲਿਟਾ ਦਿੱਤਾ ਅਤੇ ਆਪ ਵੀ ਸ਼ੇਰਨੀ ਦੇ ਕੋਲ ਹੀ ਬੈਠ ਗਿਆ।

ਲੂੰਬੜ ਨੇ ਭੇੜੀਏ ਅਤੇ ਬੌਣੇ ਨੂੰ ਕਿਹਾ: "ਜੋ ਕਰਨਾ ਹੈ! ਜਲਦੀ ਕਰ ਲਵੋ ਕਿਉਂਕਿ ਮੇਰੇ ਦਾਦਾ ਜੀ ਦੀ ਕਹਾਣੀ ਦੇ ਅਨੁਸਾਰ ਕੁੱਝ ਸਮਾਂ ਬੀਤਣ ਤੋਂ ਬਾਅਦ ਡਿੱਗੇ ਹੋਏ ਅਸੁਰਾਂ ਦੀਆਂ ਆਤਮਾਵਾਂ ਆਪਣਾ ਕੰਮ ਸ਼ੁਰੂ ਕਰ ਦੇਣਗੀਆਂ।ਸਾਡੇ ਵਿੱਚ ਕੋਈ ਵੀ ਅਘੋਰੀ ਨਹੀਂ ਹੈ ਅਤੇ ਨਾ ਹੀ ਕਿਸੇ ਕੋਲ **ਤ੍ਰਿਲੋਕੀ ਜੀ** ਦੇ ਅਘੋਰੀ ਦਾ ਰੂਪ ਦਾ ਕੋਈ ਵਰਦਾਨ ਹੈ।ਅਸੁਰਾਂ ਦੀਆਂ ਰੂਹਾਂ ਦੀ ਨਕਰਤਮਕਤਾ ਬਹੁਤ ਹੀ ਭਿਆਨਕ ਹੋਵੇਗੀ ਅਤੇ ਇਸ ਬੱਚੇ ਲਈ ਘਾਤਕ ਸਾਬਤ ਹੋਵੇਗੀ।"

ਲੂੰਬੜ ਨੇ ਬੌਣੇ ਨੂੰ ਦੱਸਿਆ: "ਮੇਰੀ ਮੰਨੋ ਤਾਂ ਇਸ ਪੱਥਰ ਨੂੰ ਹਟਾ ਕੇ ਕੁਬੜੇ ਨੂੰ ਆਜ਼ਾਦ ਕਰਵਾ ਲਵੋ ਕਿਉਂਕਿ ਜੇ ਅਸੁਰਾਂ ਦੀਆਂ ਆਤਮਾਵਾਂ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਤਾਂ ਫਿਰ ਗੁਫ਼ਾ ਵਿੱਚੋਂ ਨਿੱਕਲਣਾ ਬਹੁਤ ਔਖਾ ਹੋ ਜਾਵੇਗਾ।

ਲੂੰਬੜ ਨੇ ਕਿਹਾ: "ਕਹਾਣੀ ਦੇ ਅਨੁਸਾਰ ਪਹਿਲਾਂ ਵੀ ਕਿਸੇ ਰਾਜਕੁਮਾਰ ਨੇ ਭਗਤੀ ਦੇ ਜੋਰ ਨਾਲ ਤਿੰਨ ਅਸੁਰਾਂ ਨੂੰ ਖ਼ਤਮ ਕਰ ਦਿੱਤਾ ਸੀ।ਅਸੁਰਾਂ ਦੇ ਸਾਥੀਆਂ ਕੋਲ **ਤ੍ਰਿਲੋਕੀ ਜੀ** ਦੇ ਵਰਦਾਨ ਸਨ।ਵਰਦਾਨਾਂ ਦੇ ਸਦਕੇ ਉਹਨਾ ਨੇ ਖ਼ਤਮ ਹੋਏ ਅਸੁਰਾਂ ਦੀਆਂ ਰੂਹਾਂ ਨੂੰ ਉਹਨਾ ਦੇ ਸ਼ਰੀਰਾਂ ਵਿੱਚ ਪ੍ਰਵੇਸ਼ ਕਰਾ ਦਿੱਤਾ।"

ਲੂੰਬੜ ਨੇ ਦੱਸਿਆ: "ਅਸੁਰਾਂ ਦੀਆਂ ਰੂਹਾਂ ਨੇ ਫਿਰ ਜੰਗਲ ਵਿੱਚ ਓਹ ਕੌਹਰਾਮ ਮਚਾਇਆ ਕਿ ਜੰਗਲ ਤਾਂ ਛੱਡੋ ਜੰਗਲ ਦੇ ਆਲੇ-ਦੁਆਲੇ ਵੀ ਪੰਛੀਆਂ ਅਤੇ ਇਨਸਾਨਾਂ ਦੀ ਹੋਂਦ ਖ਼ਤਮ ਹੋਣੀ ਸ਼ੁਰੂ ਹੋ ਗਈ ਸੀ।"

ਲੂੰਬੜ ਨੇ ਅੱਗੇ ਦੱਸਿਆ: "**ਤ੍ਰਿਲੋਕੀ ਜੀ** ਵੱਲੋਂ ਅਸੁਰਾਂ ਨੂੰ ਦਿੱਤੇ ਹੋਰੇ ਵਰਦਾਨਾਂ ਬਾਰੇ ਸਵਰਗ ਦੇਵਤਾ ਨੂੰ ਪੂਰਾ ਗਿਆਨ ਸੀ। ਇਸ ਲਈ ਉਹਨਾ ਨੇ **ਨਾਰਦ ਜੀ** ਨੂੰ ਸਵਰਗ ਵਿੱਚ ਆਉਣ ਦਾ ਸੱਦਾ ਦਿੱਤਾ ਤਾਂ ਜੋ ਇਸ ਸਮੱਸਿਆ ਦਾ ਹੱਲ ਹੋ ਸਕੇ। **ਨਾਰਦ ਮੁਨੀ ਜੀ** ਅਜਿਹੇ ਦੂਤ ਸਨ ਜਿਹੜੇ ਹਰ ਲੋਕ ਦੀ ਸਮੱਸਿਆ ਨੂੰ ਗੱਲ-ਬਾਤ ਰਾਹੀਂ ਹੱਲ ਕਰਵਾ ਦਿੰਦੇ ਸਨ। ਸਵਰਗ ਦੇਵਤਾ ਨੇ **ਨਾਰਦ ਮੁਨੀ ਜੀ** ਨਾਲ ਅਸੁਰਾਂ ਦੇ ਇਸ ਬਰਤਾਵ ਦੀ ਚਰਚਾ ਕਰਦਿਆਂ ਚਿੰਤਾਂ ਜਾਹਰ ਕੀਤੀ।"

(ਲੂੰਬੜ ਦੀ ਕਹਾਣੀ ਅਨੁਸਾਰ) ਸਵਰਗ ਦੇਵਤਾ ਨੇ **ਨਾਰਦ ਮੁਨੀ ਜੀ** ਨੂੰ ਕਿਹਾ: "**ਤ੍ਰਿਲੋਕੀ ਜੀ** ਦੇ ਵਰਦਾਨ ਕਾਰਨ ਅਸੁਰ ਧਰਤੀ ਨੂੰ ਬਹੁਤ ਨੁਕਸਾਨ ਪਹੁੰਚਾ ਰਹੇ ਹਨ। ਜੇ ਰੱਬ ਦੇ ਭਗਤਾਂ ਅਤੇ ਪ੍ਰਕਿਰਤੀ ਦਾ ਨਾਸ਼ ਇਸੇ ਹਿਸਾਬ ਨਾਲ ਚੱਲਦਾ ਰਿਹਾ ਫਿਰ ਭਵਿੱਖ ਵਿੱਚ ਅਸੁਰਾਂ ਅਤੇ ਦੇਵਤਿਆਂ ਵਿਚਕਾਰ ਯੁੱਧ ਹੋਣਾ ਤਹਿ ਹੈ। ਮੈਂ ਚਾਹੁੰਦਾ ਹਾਂ ਤੁਸੀਂ ਪਾਤਾਲ ਲੋਕ ਜਾਵੋ ਅਤੇ **ਵਿਸ਼ਨੂੰ ਜੀ** ਨੂੰ ਇਹਨਾ ਅਸੁਰਾਂ ਦੇ ਕਾਰਨਾਮਿਆਂ ਤੋਂ ਜਾਣੂ ਕਰਵਾ ਦੇਵੋ। ਤਾਂ ਜੋ ਇਸ ਯੁੱਧ ਨੂੰ ਟਾਲਿਆ ਜਾ ਸਕੇ। ਪਤਾਲ ਦੇਵਤਾ ਨੂੰ ਵੀ ਵਾਪਰ ਰਹੀਆਂ ਘਟਨਾਵਾਂ ਦੀ ਜਾਣਕਾਰੀ ਜਰੂਰ ਦੇ ਦੇਣਾ।"

ਲੂੰਬੜ ਨੇ ਦੱਸਿਆ: "ਪੁਰਾਣਿਕ ਕਥਾਵਾਂ ਵਿੱਚ ਇਹ ਗੱਲ ਪ੍ਰਚਿੱਲਤ ਸੀ ਕਿ ਸਿਰਫ਼ **ਨਾਰਦ ਮੁਨੀ ਜੀ** ਹੀ ਇੱਕ ਅਜਿਹੇ ਸੰਦੇਸ਼ ਵਾਹਕ ਸਨ ਜੋ ਤਿੰਨਾਂ ਲੋਕਾਂ ਵਿੱਚ ਬਿਨਾਂ ਕਿਸੇ ਡਰ ਤੋਂ ਵਿਚਰ ਸਕਦੇ ਸਨ। **ਨਾਰਦ ਮੁਨੀ ਜੀ** ਆਪਣੀ ਹਾਜ਼ਰ-ਜਵਾਬੀ ਕਾਰਨ ਦੇਵੀ-ਦੇਵਤਿਆਂ ਵਿਚ ਬਹੁਤ ਪ੍ਰਸਿੱਧ ਸਨ। ਜਿਹੜੇ ਅਸੁਰ **ਤ੍ਰਿਲੋਕੀ ਜੀ** ਤੋਂ ਵਰ ਲੈ ਕੇ ਇਸ ਮਾਤ ਲੋਕ ਉੱਤੇ ਰਾਜ ਕਰਨਾ ਚਹੁੰਦੇ ਸਨ ਉਹ ਵੀ **ਨਾਰਦ ਮੁਨੀ ਜੀ** ਨੂੰ ਕੁੱਝ ਨਹੀਂ ਸਨ ਕਹਿੰਦੇ।"

(ਲੂੰਬੜ ਦੇ ਦਾਦਾ ਜੀ ਦੀ ਕਹਾਣੀ ਦੇ ਅਨੁਸਾਰ) **ਨਾਰਦ ਮੁਨੀ, ਵਿਸਨੂੰ ਜੀ** ਦੇ ਬਹੁਤ ਹੀ ਪਿਆਰੇ ਭਗਤ ਸਨ। ਇਸ ਲਈ ਜਦੋਂ ਵੀ ਕਿਸੇ ਲੋਕ ਵਿੱਚ ਸੰਕਟ ਪੈਦਾ ਹੁੰਦਾ ਤਾਂ **ਨਾਰਦ ਮੁਨੀ ਜੀ** ਨੂੰ ਸਭ ਤੋਂ ਪਹਿਲਾਂ ਯਾਦ ਕੀਤਾ ਜਾਂਦਾ ਸੀ। **ਨਾਰਦ ਮੁਨੀ ਜੀ** ਬਹੁਤ ਹੀ ਹੁਸ਼ਿਆਰੀ ਨਾਲ ਅਸੁਰਾਂ ਅਤੇ ਦੇਵਤਿਆ ਦੇ ਯੁੱਧ ਨੂੰ ਟਾਲ ਦਿੰਦੇ ਸਨ।

ਸਵਰਗ ਦੇਵਤਾ ਦੀ ਗੱਲ ਸੁਣ ਕੇ **ਨਾਰਦ ਮੁਨੀ ਜੀ** ਨੇ ਤਥਾ ਅਸਤੂ ਕਿਹਾ ਅਤੇ ਇਸ ਮਾਤ ਲੋਕ ਵਿੱਚ ਪਹੁੰਚ ਗਏ। ਉਹ ਅਸੁਰਾਂ ਦੇ ਜੁਲਮਾਂ ਨੂੰ ਖੁਦ ਦੇਖਣਾ ਚਹੁੰਦੇ ਸਨ ਤਾਂ ਜੋ **ਵਿਸ਼ਨੂੰ ਜੀ** ਨੂੰ ਅੱਖੀਂ ਡਿੱਠਾ ਹਾਲ ਸੁਣਾ ਸਕਣ।

ਅਸੁਰਾਂ ਦੇ ਤੌਰ-ਤਰੀਕੇ ਦੇਖਣ ਲਈ **ਨਾਰਦ ਮੁਨੀ ਜੀ** ਨੇ ਸੰਨਿਆਸੀ ਦਾ ਰੂਪ ਲਿਆ ਅਤੇ ਇਸ ਜੰਗਲ ਵਿੱਚ ਵਿਚਰਣਾ ਸ਼ੁਰੂ ਕਰ ਦਿੱਤਾ। ਘੁੰਮਦਿਆਂ-ਘੁੰਮਦਿਆਂ **ਨਾਰਦ ਮੁਨੀ ਜੀ** ਦਾ ਟਾਕਰਾ ਅਸੁਰਾਂ ਨਾਲ ਹੋ ਗਿਆ। ਸੰਨਿਆਸੀ ਨੂੰ ਦੇਖ ਕੇ ਅਸੁਰ ਉਸ ਦੇ ਦੁਆਲੇ ਹੋ ਗਏ। ਉਹਨਾ ਨੂੰ ਕੀ ਪਤਾ ਸੀ ਕਿ ਉਹਨਾ ਦਾ ਟਾਕਰਾ **ਨਾਰਦ ਮੁਨੀ ਜੀ** ਨਾਲ ਹੋ ਜਾਵੇਗਾ। ਅਸੁਰ **ਨਾਰਦ ਮੁਨੀ ਜੀ** ਦੇ ਚਾਰੇ ਪਾਸੇ ਖੜ੍ਹੇ ਹੋ ਗਏ।

(ਲੂੰਬੜ ਨੇ ਦੱਸਿਆ) ਅਸੁਰਾਂ ਨੇ **ਨਾਰਦ ਮੁਨੀ ਜੀ** (ਸੰਨਿਆਸੀ) ਨੂੰ ਕਿਹਾ: "ਦੱਸ ਫ਼ਕੀਰਾ ਤੂੰ ਕੌਣ ਹੈਂ ਅਤੇ ਇਸ ਜੰਗਲ ਵਿੱਚ ਕੀ ਕਰਨ ਅਇਆ ਹੈਂ? ਜੰਗਲ ਵਿਚਲੀ ਬਨਸਪਤੀ, ਪਹਾੜ, ਨਦੀਆਂ, ਪਾਣੀ ਦੇ ਝਰਨੇ ਅਤੇ ਇਸ ਵਿੱਚੋਂ ਲੰਘਦੇ ਰਸਤੇ ਸਾਡੀ ਮਲਕੀਅਤ ਹਨ। ਇਸ ਜੰਗਲ ਵਿੱਚ ਸਿਰਫ਼ ਸਾਡਾ ਹੁਕਮ ਚੱਲਦਾ ਹੈ। ਇਸ ਜੰਗਲ ਉੱਤੇ ਰਾਜ ਕਰਨ ਲਈ ਸਾਨੂੰ ਬਹੁਤ ਕਠਿਨ ਤਪ ਕਰਨਾ ਪਿਆ। ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਤੂੰ ਇਸ ਜੰਗਲ ਵਿੱਚੋਂ ਗੁਜਰ ਕੇ ਕਿੱਥੇ ਜਾਣਾ ਚਹੁੰਦਾ ਹੈਂ?"

(ਲੂੰਬੜ ਦੀ ਕਹਾਣੀ ਅਨੁਸਾਰ) **ਨਾਰਦ ਮੁਨੀ ਜੀ** (ਸੰਨਿਆਸੀ) ਨੇ ਅਸੁਰਾਂ ਨੂੰ ਜਵਾਬ ਦਿੱਤਾ: "ਮੈਂ ਸੰਨਿਆਸੀ ਹਾਂ ਅਤੇ ਰੱਬ ਦੀ ਭਗਤੀ ਕਰਨ ਲਈ ਆਇਆ

ਹਾਂ।ਪਹਾੜੀ ਗੁਫ਼ਾ ਦੀ ਤਲਾਸ਼ ਕਰਦਾ-ਕਰਦਾ ਜੰਗਲ ਦੇ ਇਸ ਕੋਨੇ ਵਿੱਚ ਪਹੁੰਚ ਗਿਆ।ਜੰਗਲੀ ਜਾਨਵਰਾਂ ਕੋਲੋਂ ਸੁੱਰਿਖਅਤ ਰਹਿਣ ਲਈ ਲੁਕਵੀਂ ਜਗ੍ਹਾ ਦੀ ਤਲਾਸ਼ ਹੈ।ਇਸ ਤੋਂ ਇਲਾਵਾ ਕਿਸੇ ਸਾਧੂ ਨੇ ਜੰਗਲ ਵਿੱਚ ਆ ਕੇ ਹੋਰ ਕੀ ਲੱਭਣਾ ਹੈ! ਤੁਸੀਂ ਬਹੁਤ ਜਪੀ ਤਪੀ ਹੋ।ਮੈਂਨੂੰ ਪੂਰੀ ਉਮੀਦ ਹੈ ਕਿ ਤੁਸੀਂ ਰੱਬ ਦਾ ਨਾਮ ਲੈਣ ਵਿੱਚ ਮੇਰੀ ਮੱਦਦ ਕਰੋਗੇ।ਅਗਰ ਜੰਗਲ ਵਿੱਚ ਤੁਹਾਡਾ ਰਾਜ ਹੈ ਤਾਂ ਰਾਜ ਕਰਦੇ ਰਹੋ।ਮੈਨੂੰ ਤਾਂ ਬੱਸ ਇਕਾਂਤ ਦੀ ਲੋੜ ਹੈ।"

ਇਹ ਕਹਿਕੇ **ਨਾਰਦ ਮੁਨੀ ਜੀ** (ਸੰਨਿਆਸੀ) ਚੁੱਪ ਕਰ ਗਏ।

(ਲੂੰਬੜ ਨੇ ਦੱਸਿਆ) **ਨਾਰਦ ਮੁਨੀ ਜੀ** ਦੀ ਗੱਲ ਸੁਣ ਕੇ ਅਸੁਰ ਉੱਚੀ-ਉੱਚੀ ਹੱਸਣ ਲੱਗੇ।ਉਹ ਕਹਿਣ ਲੱਗੇ: "ਸੰਨਿਆਸੀ ਮਹਾਰਾਜ! ਜੰਗਲ ਤਾਂ ਬਸ ਇਸੇ ਜਗ੍ਹਾ ਤੱਕ ਹੀ ਸੀਮਤ ਹੈ ਜਿੱਥੇ ਅਸੀਂ ਖੜ੍ਹੇ ਹਾਂ।ਅੱਗੇ ਕਿਹੜੇ ਜੰਗਲ ਵਿੱਚ ਜਾਣਾ ਏ ਤੁਸੀਂ?"

**ਨਾਰਦ ਮੁਨੀ ਜੀ** ਨੇ ਅਸੁਰਾਂ ਨੂੰ ਜਵਾਬ ਦਿੱਤਾ: "ਲੱਗਦਾ ਹੈ ਤੁਹਾਡੀ ਨਜਰ ਕੰਮਜੋਰ ਹੈ ਜੋ ਤੁਹਾਨੂੰ ਐਂਨਾ ਵੱਡਾ ਜੰਗਲ ਦਿਖਾਈ ਨਹੀਂ ਦਿੰਦਾ।ਧਿਆਨ ਨਾਲ ਦੇਖੋ ਕਿਉਂਕਿ ਮੈਨੂੰ ਤਾਂ ਚਾਰ-ਚੁਫ਼ੇਰੇ ਜੰਗਲ ਹੀ ਜੰਗਲ ਨਜਰ ਆ ਰਿਹਾ ਹੈ।"

ਲੂੰਬੜ ਨੇ ਦੱਸਿਆ: "ਫ਼ਕੀਰਾਂ ਨੂੰ ਗੱਲਾਂ ਨਾਲ ਉਕਸਾਉਣਾ ਅਸੁਰਾਂ ਦੀ ਰਣਨੀਤੀ ਦਾ ਹਿੱਸਾ ਸੀ।ਜੰਗਲ ਵਿੱਚ ਆਉਣ ਵਾਲੇ ਸੰਨਿਆਸੀ, ਫ਼ਕੀਰ, ਸਾਧੂ, ਸੰਤਾਂ ਅਤੇ ਇਨਸਾਨਾਂ ਨਾਲ ਅਸੁਰ ਅਜਿਹੀਆਂ ਗੱਲਾਂ ਕਰਦੇ ਜਿਸ ਨਾਲ ਸਾਹਮਣੇ ਵਾਲੇ ਨੂੰ ਗੁੱਸਾ ਆ ਜਾਵੇ।ਜਦੋਂ ਸਾਹਮਣੇ ਵਾਲਾ ਕੁੱਝ ਕਹਿ ਦਿੰਦਾ ਤਾਂ ਅਸੁਰ ਉਸ ਨਾਲ ਲੜਾਈ ਸ਼ੁਰੂ ਕਰ ਦਿੰਦੇ ਅਤੇ ਉਸ ਨੂੰ ਖ਼ਤਮ ਕਰ ਕੇ ਹੀ ਸਾਹ ਲੈਂਦੇ।ਜਦੋਂ **ਨਾਰਦ ਮੁਨੀ ਜੀ** ਨੇ ਅਸੁਰਾਂ ਨੂੰ ਨਜਰ ਕੰਮਜੋਰ ਵਾਲੀ ਗੱਲ ਕਹੀ ਤਾਂ ਅਸੁਰਾਂ ਨੇ ਲੜਾਈ ਸ਼ੁਰੂ ਕਰ ਦਿੱਤੀ।"

(ਲੂੰਬੜ ਨੇ ਦੱਸਿਆ) ਜਦੋਂ **ਨਾਰਦ ਮੁਨੀ ਜੀ** ਜਿਆਦਾ ਹੀ ਪਰੇਸ਼ਾਨ ਹੋ ਗਏ ਤਾਂ ਉਹਨਾ ਨੇ ਅਸੁਰਾਂ ਨੂੰ ਕਿਹਾ: "ਠੀਕ ਹੈ! ਜੇ ਤੁਸੀਂ ਕਹਿੰਦੇ ਹੋ ਕਿ ਅੱਗੇ ਜੰਗਲ ਨਹੀਂ ਹੈ! ਤਾਂ ਫਿਰ ਅੱਜ ਤੋਂ ਬਾਅਦ ਤੁਹਾਡੇ ਲਈ ਅੱਗੇ ਜੰਗਲ ਖ਼ਤਮ ਹੋ ਜਾਂਦਾ ਹੈ।"

ਅਸੁਰਾਂ ਨੂੰ ਇਹ ਗੱਲ ਕਹਿਣ ਤੋਂ ਬਾਅਦ **ਨਾਰਦ ਮੁਨੀ ਜੀ** ਆਲੋਪ ਹੋ ਗਏ। **ਨਾਰਦ ਜੀ** ਦੇ ਆਲੋਪ ਹੋਣ ਨਾਲ ਅਸੁਰ ਹੈਰਾਨ-ਪਰੇਸ਼ਾਨ ਹੋ ਗਏ।

ਅਸੁਰ ਹੁਣ ਅਜੀਬ ਸਥਿੱਤੀ ਵਿੱਚ ਫ਼ਸ ਗਏ ਸਨ। ਜੰਗਲ ਦਾ ਅਗਲਾ ਹਿੱਸਾ ਉਹਨਾ ਨੂੰ ਦਿਖਾਈ ਤਾਂ ਦੇ ਰਿਹਾ ਸੀ ਪਰ ਜਦੋਂ ਉਹ ਅੱਗੇ ਜਾਣ ਦੀ ਕੋਸ਼ਿਸ਼ ਕਰਦੇ ਤਾਂ ਉਹਨਾ ਦੀਆਂ ਅੱਖਾਂ ਅੱਗੇ ਹਨੇਰਾ ਛਾ ਜਾਂਦਾ। ਇਸ ਤਰ੍ਹਾਂ ਅਸੁਰ ਦੋ-ਹਿੱਸਿਆ ਵਿੱਚ ਵੰਡੇ ਗਏ। ਕੁੱਝ ਅਸੁਰ ਘਣੇ ਜੰਗਲ ਵਿੱਚ ਰਹਿ ਗਏ ਅਤੇ ਕੁੱਝ **ਨਾਰਦ ਮੁਨੀ ਜੀ** ਦੇ ਸ਼ਰਾਪ ਕਾਰਨ ਜੰਗਲ ਦੇ ਸ਼ੁਰੂਆਤੀ ਹਿੱਸੇ ਵਿੱਚ ਹੀ ਫਸ ਗਏ॥



# ਅਧਿਆਏ

# 17

## ਵੱਖਰਾ ਸਥਾਨ

# 17. ਵੱਖਰਾ ਸਥਾਨ

ਲੂੰਬੜ ਨੇ ਦੱਸਿਆ: "ਮੇਰੇ ਦਾਦਾ ਜੀ ਦੀ ਕਹਾਣੀ ਅਨੁਸਾਰ ਇੱਕ ਰਾਜਕੁਮਾਰ ਇਸ ਜੰਗਲ ਵੱਲ ਆ ਰਿਹਾ ਸੀ। ਜੰਗਲ ਵਿੱਚ ਉਸ ਦੀ ਟੱਕਰ ਉਹਨਾ ਅਸੁਰਾਂ ਨਾਲ ਹੋ ਗਈ ਜੋ **ਨਾਰਦ ਮੁਨੀ ਜੀ** ਦੇ ਸ਼ਰਾਪ ਕਾਰਨ ਜੰਗਲ ਦੇ ਸ਼ੁਰੂਆਤੀ ਹਿੱਸੇ ਵਿੱਚ ਹੀ ਫਸ ਗਏ ਸਨ। ਰਾਜ ਕੁਮਾਰ **ਸ਼ਿਵ ਜੀ** ਦਾ ਭਗਤ ਸੀ। ਉਸਨੇ ਆਪਣੀ ਭਗਤੀ ਨਾਲ ਤਿੰਨ ਅਸੁਰਾਂ ਨੂੰ ਖ਼ਤਮ ਕਰ ਦਿੱਤਾ। ਰਾਜਕੁਮਾਰ ਅਸੁਰਾਂ ਨੂੰ ਖ਼ਤਮ ਕਰਕੇ ਖੁਸ਼ ਹੁੰਦਾ ਉਸ ਤੋਂ ਪਹਿਲਾਂ ਹੀ ਦੂਜੇ ਅਸੁਰਾਂ ਨੇ **ਤ੍ਰਿਲੋਕੀ ਜੀ** ਦੇ ਵਰਦਾਨਾਂ ਦੀ ਬਦੌਲਤ ਮਰੇ ਹੋਏ ਅਸੁਰਾਂ ਦੀਆਂ ਰੂਹਾਂ ਨੂੰ ਉਹਨਾ ਦੇ ਸ਼ਰੀਰਾਂ ਵਿੱਚ ਦੁਬਾਰਾ ਪ੍ਰਵੇਸ਼ ਕਰਵਾ ਦਿੱਤਾ। "

ਲੂੰਬੜ ਨੇ ਅੱਗੇ ਦੱਸਿਆ: "ਕੁੱਝ ਸਮੇਂ ਬਾਅਦ ਓਹਨਾ ਅਸੁਰਾਂ ਦੀਆਂ ਰੂਹਾਂ ਨੇ ਇਸ ਜੰਗਲ ਵਿੱਚੋਂ ਗੁਜਰਣ ਵਾਲੇ ਲੋਕਾਂ ਉੱਤੇ ਹਮਲਾ ਕਰਨਾ ਸ਼ੁਰੂ ਕਰ ਦਿੱਤਾ। "

(ਲੂੰਬੜ ਨੇ ਕਿਹਾ) ਇਹ ਕਹਾਣੀ ਮੈਂ ਇਸ ਲਈ ਸੁਣਾ ਰਿਹਾ ਹਾਂ ਕਿ ਤੁਸੀਂ ਸਾਰੇ ਰਲ ਕੇ ਕੁੱਝ ਕਰੋ! ਜੇ ਅਸੁਰਾਂ ਦੀਆਂ ਰੂਹਾਂ ਹਰਕਤ ਵਿੱਚ ਆ ਗਈਆਂ ਫਿਰ ਬੱਚੇ ਨੂੰ ਲੈ ਕੇ ਗੁਫ਼ਾ ਵਿੱਚੋਂ ਨਿਕਲਣਾ ਮੁਸ਼ਕਲ ਹੋ ਜਾਵੇਗਾ। ਬਾਕੀ ਤੁਸੀਂ ਮੇਰੇ ਨਾਲੋਂ ਤਾਕਤਵਰ ਵੀ ਹੋ ਅਤੇ ਗਿਆਨੀ ਵੀ, ਜੋ ਤੁਹਾਨੂੰ ਠੀਕ ਲੱਗਦਾ ਹੈ ਤੁਸੀਂ ਓਹ ਕੰਮ ਕਰੋ। ਮੈਂ ਸਿਰਫ਼ ਉਹ ਗੱਲ ਹੀ ਦੱਸਦਾ ਹਾਂ ਜੋ ਮੈਨੂੰ ਦਾਦਾ ਜੀ ਦੀ ਕਹਾਣੀ ਵਿੱਚੋਂ ਯਾਦ ਆ ਜਾਂਦੀ ਹੈ!"

ਇਹਨਾ ਸ਼ਬਦਾਂ ਤੋਂ ਬਾਅਦ ਲੂੰਬੜ ਚੁੱਪ ਹੋ ਗਿਆ। ਲੂੰਬੜ ਦੀਆਂ ਇਹ ਗੱਲਾਂ ਸੁਣ ਕੇ ਅਸੁਰ ਹੈਰਾਨ ਰਹਿ ਗਏ ਕਿਉਂਕਿ ਲੂੰਬੜ ਨੇ ਜੋ ਗੱਲਾਂ ਦੱਸੀਆਂ ਸਨ, ਉਹ ਸਾਰੀਆਂ ਗੱਲਾਂ ਸੱਚ ਸਨ।

ਕੈਦੀ ਅਸੁਰਾਂ ਨੇ ਅਪਣੇ ਸਾਥੀਆਂ ਨੂੰ ਕਿਹਾ: “ਲੂੰਬੜ ਗੁਫ਼ਾ ਵਿੱਚੋਂ ਬਚ ਕੇ ਨਹੀਂ ਨਿਕਲਣਾ ਚਾਹੀਦਾ। ਇਸ ਦੇ ਦਾਦਾ ਜੀ ਦਾ ਨਾਮ ਪੁੱਛਣਾ ਬਹੁਤ ਜਰੂਰੀ ਹੈ ਕਿਉਂਕਿ ਇਹ ਜੰਗਲ ਅਤੇ ਗੁਫ਼ਾ ਵਿਚਲੇ ਰਾਜਾਂ ਤੋਂ ਜਾਣੂ ਹੈ। ਅਗਰ ਇਹ ਬਚ ਗਿਆ ਤਾਂ ਭਵਿੱਖ ਵਿੱਚ ਸਾਨੂੰ ਬਹੁਤ ਤੰਗ ਕਰੇਗਾ।”

ਅਸੁਰਾਂ ਦੀ ਗੱਲ ਸੁਣ ਕੇ ਬੌਣੇ ਨੇ ਦਾਨਵ ਨੂੰ ਕਿਹਾ: “ਹੇ ਦਾਨਵ! ਫ਼ੈਸਲੇ ਦੀ ਘੜੀ ਆ ਪਹੁੰਚੀ ਹੈ। ਤੈਨੂੰ ਬੁਰਾਈ ਅਤੇ ਨੇਕੀ ਵਿੱਚੋਂ ਇੱਕ ਨੂੰ ਚੁਣਨਾ ਪਵੇਗਾ। ਅਸੁਰਾਂ ਦਾ ਸਾਥ ਦੇਣਾ ਹੈ ਤਾਂ ਸਾਡੇ ਵਿਰੁੱਧ ਜੰਗ ਦੇ ਮੈਦਾਨ ਵਿੱਚ ਆਜਾ। ਜੇ ਨੇਕੀ ਦਾ ਸਾਥ ਦੇਣਾ ਹੈ ਤਾਂ ਫਿਰ ਬੱਚੇ ਅਤੇ ਸਿਰਜੂ ਨੂੰ ਨਾਲ ਲੈ ਕੇ ਜੰਗਲ ਦੇ ਓਸ ਹਿੱਸੇ ਵਿੱਚ ਪਹੁੰਚਣ ਦੀ ਕੋਸ਼ਿਸ਼ ਕਰ ਜਿੱਥੇ ਹਰ ਸਾਲ ਆਖ਼ਿਰੀ ਪੂਰਨਮਾਸ਼ੀ ਦੀ ਰਾਤ ਨੂੰ ਇੱਕ ਫ਼ਰਿਸ਼ਤਾ ਨੇਕ ਅਤੇ ਰੱਬ ਦੇ ਰਾਹ ਉੱਤੇ ਚੱਲਣ ਵਾਲੇ ਲੋਕਾਂ ਨੂੰ ਲੱਭਣ ਲਈ ਆਉਂਦਾ ਹੈ।”

ਬੌਣੇ ਨੇ ਦਾਨਵ ਨੂੰ ਅੱਗੇ ਕਿਹਾ: “ਇਸ ਸਮੇਂ ਤੇਰੇ ਕੋਲ ਓਸ ਔਰਤ ਦੀ ਭਗਤੀ ਦਾ ਬਹੁਤ ਥੋੜ੍ਹਾ-ਜਿਹਾ ਹਿੱਸਾ ਬਚਿਆ ਹੈ। ਜੇ ਤੂੰ ਇਸ ਹਿੱਸੇ ਨੂੰ ਨੇਕ ਕੰਮ ਵਿੱਚ ਖ਼ਰਚ ਕਰ ਦੇਵੇਂ ਤਾਂ ਆਵਾਜ਼ ਦੇ ਮੁਤਾਬਿਕ ਭਗਤੀ ਦਾ ਫ਼ਲ ਵੱਧ ਜਾਵੇਗਾ ਅਤੇ ਤੈਨੂੰ ਨੇਕੀ ਦੇ ਰਸਤੇ ਉੱਤੇ ਚੱਲਣ ਲਈ ਸਮਾਂ ਮਿਲ ਜਾਵੇਗਾ। ਬਾਕੀ ਤੇਰੀ ਆਪਣੀ ਮਰਜੀ ਹੈ। ਕੋਈ ਜੋਰ ਜਬਰਦਸਤੀ ਨਹੀਂ ਹੈ ਤੇਰੇ ਨਾਲ। ਇਹ ਗੱਲ ਇਸ ਲਈ ਕਰ ਰਿਹਾ ਤਾਂ ਜੋ ਉਸ ਔਰਤ ਦੀ ਭਗਤੀ ਵਿਅਰਥ ਨਾ ਜਾਵੇ।”

ਬੌਣੇ ਦੀ ਗੱਲ ਸੁਣਨ ਤੋਂ ਬਾਅਦ ਅਸੁਰਾਂ ਨੇ ਦਾਨਵ ਦੇ ਦਿਲ ਵਿੱਚ ਭਰਮ ਪੈਦਾ ਕਰਨ ਲਈ ਕਿਹਾ:

“ਦਾਨਵ ਅਕਲ ਤੋਂ ਕੰਮ ਲੈ!

ਨੇਕੀ ਜਾਂ ਬਦੀ ਨਾਮ ਦੀ ਕੋਈ ਵੀ ਚੀਜ ਇਸ ਦੁਨੀਆਂ ਵਿੱਚ ਨਹੀਂ ਹੁੰਦੀ!!

ਇਹ ਸਿਰਫ਼ ਫਕੀਰ ਅਤੇ ਕੁਬੜੇ ਵਰਗੇ ਇਨਸਾਨਾਂ ਦੇ ਸ਼ਬਦ ਹਨ!

ਨੇਕੀ ਅਤੇ ਬਦੀ ਦੀਆਂ ਦਲੀਲਾਂ ਨਾਲ ਅਜਿਹੇ ਲੋਕ ਸਾਡੇ ਵਰਗੀਆਂ ਤਾਕਤਵਰ ਰੂਹਾਂ ਨੂੰ ਡਰਾਉਣ ਦਾ ਕੰਮ ਕਰਦੇ ਹਨ!

ਤੂੰ ਹੀ ਸੋਚ!

ਜੇ ਬੌਣੇ ਦੀ ਗੱਲ ਸੱਚ ਹੁੰਦੀ,

ਤਾਂ ਕੀ **ਤ੍ਰਿਲੋਕੀ ਜੀ** ਸਾਨੂੰ ਕੋਈ ਵਰਦਾਨ ਦਿੰਦਾ!

**ਤ੍ਰਿਲੋਕੀ ਜੀ** ਵੱਲੋਂ ਵਰਦਾਨਾਂ ਦੇ ਮਿਲ ਜਾਣ ਦਾ ਮਤਲਬ ਹੀ ਇਹ ਨਿੱਕਲਦਾ ਹੈ ਕਿ ਸੱਚ, ਝੂਠ, ਨੇਕੀ ਅਤੇ ਰੱਬ ਦੇ ਰਾਹ ਉੱਤੇ ਚੱਲਣ ਵਰਗੀਆਂ ਗੱਲਾਂ ਸਿਰਫ਼ ਕੁਬੜਾ ਅਤੇ ਫ਼ਕੀਰ ਵਰਗੇ ਕਮਜੋਰ ਲੋਕ ਹੀ ਕਰਦੇ ਹਨ!

ਜੇ ਅਸੀਂ ਕਾਲੇ ਦਿਲਾਂ ਦੇ ਮਾਲਕ ਹੁੰਦੇ ਫਿਰ ਸਾਡੇ ਵਰਗਿਆਂ ਨੂੰ ਤਾਕਤ ਕਿਉਂ ਮਿਲਦੀ?!!"

ਅਸੁਰਾਂ ਦੀ ਸੱਚਾਈ ਪ੍ਰਤੀ ਇਹ ਪ੍ਰੀਭਾਸ਼ਾ ਸੁਣ ਕੇ ਲੂੰਬੜ ਨੂੰ ਫਿਰ ਦਾਦਾ ਜੀ ਦੀ ਕਹਾਣੀ ਵਿਚਲੇ ਪਾਤਰਾਂ ਦੀ ਯਾਦ ਆ ਗਈ।

ਲੂੰਬੜ ਕਹਿਣ ਲੱਗਾ: "ਮੇਰੇ ਦਾਦਾ ਜੀ ਦੀ ਕਹਾਣੀ ਅਨੁਸਾਰ ਜਦੋਂ **ਵਿਸ਼ਨੂੰ ਜੀ**, **ਬ੍ਰਹਮਾਂ ਜੀ** ਅਤੇ **ਮਹੇਸ਼ ਜੀ** ਇਸ ਪ੍ਰਿਥਵੀ ਦੀ ਰਚਨਾ ਕਰ ਰਹੇ ਸਨ ਤਾਂ ਰਚਨਾ ਦੇ ਦੌਰਾਨ **ਮਹੇਸ਼ ਜੀ** ਦੇ ਦਿਮਾਗ ਵਿੱਚ ਵਿਚਾਰ ਆਇਆ।

**ਮਹੇਸ਼ ਜੀ** ਨੇ ਸੋਚਿਆ:

"ਮੈਨੂੰ ਇਸ ਗੱਲ ਦਾ ਪਤਾ ਕਿਵੇਂ ਲੱਗੇਗਾ ਕਿ ਕੋਈ ਇਨਸਾਨ ਰੱਬ ਦੀ ਭਗਤੀ ਕਰ ਰਿਹਾ ਹੈ?!"

(ਲੂੰਬੜ ਨੇ ਦੱਸਿਆ) **ਮਹੇਸ਼ ਜੀ** ਨੇ ਆਪਣਾ ਇਹ ਵਿਚਾਰ **ਵਿਸ਼ਨੂੰ ਜੀ** ਅੱਗੇ ਰੱਖਿਆ। **ਮਹੇਸ਼ ਜੀ** ਦੀ ਗੱਲ ਸੁਣ ਕੇ **ਵਿਸ਼ਨੂੰ ਜੀ** ਕਾਫੀ ਦੇਰ ਸੋਚ-ਵਿਚਾਰ ਕਰਦੇ ਰਹੇ। ਫਿਰ **ਵਿਸ਼ਨੂੰ ਜੀ** ਨੇ ਸਵਰਗ ਅਤੇ ਧਰਤੀ ਦੇ ਵਿਚਕਾਰ ਇੱਕ ਵੱਖਰਾ ਸਥਾਨ ਬਣਾਇਆ ਅਤੇ **ਮਹੇਸ਼ ਜੀ** ਨੂੰ ਕਿਹਾ:

**"ਜਦੋਂ ਵੀ ਧਰਤੀ ਉੱਤੇ ਕੋਈ ਇਨਸਾਨ ਰੱਬ ਦੀ ਭਗਤੀ ਨੂੰ ਲਗਾਤਾਰ ਕਰੇਗਾ ਤਾਂ ਉਸ ਇਨਸਾਨ ਦੇ ਨਾਮ ਦੀ ਗੂੰਜ ਤੈਨੂੰ ਇਸ ਸਥਾਨ ਉੱਤੇ ਸੁਣਾਈ ਦੇਵੇਗੀ।"**

(ਲੂੰਬੜ ਨੇ ਕਹਾਣੀ ਅਨੁਸਾਰ ਬੌਣੇ ਨੂੰ ਅਗਲੀ ਗੱਲ ਸੁਣਾਈ) ਧਰਤੀ ਦੀ ਸਿਰਜਣਾ ਦਾ ਕੰਮ ਪੂਰਾ ਹੋਣ ਤੋਂ ਬਾਅਦ **ਵਿਸ਼ਨੂੰ ਜੀ, ਬ੍ਰਹਮਾਂ ਜੀ** ਅਤੇ **ਮਹੇਸ਼ ਜੀ** ਆਪੋ-ਆਪਣੇ ਸਥਾਨਾਂ ਉੱਤੇ ਚਲੇ ਗਏ। ਸਿਲਸਿਲਾ ਅੱਗੇ ਵਧਿਆ। ਜਦੋਂ ਧਰਤੀ ਉੱਤੇ ਕੋਈ ਇਨਸਾਨ ਰੱਬ ਦਾ ਨਾਮ ਲੈਂਦਾ ਓਸੇ ਵੇਲੇ **ਵਿਸ਼ਨੂੰ ਜੀ** ਦੁਆਰਾ ਬਣਾਏ ਗਏ ਸਥਾਨ ਉੱਤੇ ਉਸ ਇਨਸਾਨ ਦੇ ਨਾਮ ਦੀ ਗੂੰਜ ਸੁਣਾਈ ਦੇਣ ਲੱਗਦੀ। ਉਸ ਅਵਾਜ ਤੋਂ **ਮਹੇਸ਼ ਜੀ** ਨੂੰ ਪਤਾ ਲੱਗ ਜਾਂਦਾ ਕਿ ਧਰਤੀ ਦੇ ਕਿਸ ਕੋਨੇ ਵਿੱਚ ਬੈਠ ਕੇ ਕੋਈ ਇਨਸਾਨ ਰੱਬ ਦਾ ਨਾਮ ਜੱਪ ਰਿਹਾ ਹੈ।

(ਲੂੰਬੜ ਨੇ ਅੱਗੇ ਦੱਸਿਆ) ਇਹ ਸਿਲਸਿਲਾ ਇਸੇ ਤਰ੍ਹਾਂ ਚੱਲਦਾ ਰਿਹਾ। ਇੱਕ ਸਮਾਂ ਅਜਿਹਾ ਆਇਆ ਜਦੋਂ **ਵਿਸ਼ਨੂੰ ਜੀ** ਦੇ ਬਣਾਏ ਹੋਏ ਸਥਾਨ ਉੱਤੇ ਬਹੁਤ ਸਾਰੇ ਨਾਮਾਂ ਦੀ ਗੂੰਜ ਸੁਣਾਈ ਦੇਣ ਲੱਗੀ। ਐਂਨੇ ਨਾਮ ਸੁਣ ਕੇ ਸਵਰਗ ਦੇਵਤਾ ਹੈਰਾਨ ਹੋ ਗਿਆ। ਉਤਸੁਕਤਾ ਨੂੰ ਸ਼ਾਂਤ ਕਰਨ ਲਈ ਜਦੋਂ ਉਸਨੇ ਧਰਤੀ ਉੱਤੇ ਦੇਖਿਆ ਤਾਂ ਹੈਰਾਨ ਰਹਿ ਗਿਆ। **ਵਿਸ਼ਨੂੰ ਜੀ** ਦੇ ਬਣਾਏ ਸਥਾਨ ਉੱਤੇ ਗੂੰਜਣ ਵਾਲੇ ਨਾਮਾਂ ਵਿੱਚੋਂ ਜਿਆਦਾਤਰ ਨਾਮ ਅਜਿਹੇ ਇਨਸਾਨਾਂ ਦੇ ਸਨ ਜੋ ਸਵਰਗ ਦੇਵਤਾ ਦੀ ਕਸੌਟੀ ਉੱਤੇ ਪੂਰਾ ਨਹੀਂ ਸਨ ਉੱਤਰਦੇ। ਸਵਰਗ ਦੇਵਤਾ ਨੇ ਇਸ ਵਿਸ਼ੇ ਤੇ **ਮਹੇਸ਼ ਜੀ** ਨਾਲ ਚਰਚਾ ਕੀਤੀ।"

ਸਭ ਦਾ ਧਿਆਨ ਲੂੰਬੜ ਦੀ ਕਹਾਣੀ ਵਿੱਚ ਸੀ।ਅਚਾਨਕ ਗੁਫ਼ਾ ਇਸ ਤਰ੍ਹਾਂ ਥਰਥਰਾਉਣ ਲੱਗੀ ਜਿਵੇਂ ਕੋਈ ਜਬਰਦਸਤ ਭੁਚਾਲ ਆ ਗਿਆ ਹੋਵੇ।ਫ਼ਿਜ਼ਾ ਵਿੱਚੋਂ ਅਜੀਬੋ-ਗਰੀਬ ਆਵਾਜ਼ਾਂ ਸੁਣਾਈ ਦੇਣ ਲੱਗੀਆਂ।ਬੱਚਾ ਆਵਾਜ਼ਾਂ ਸੁਣ ਕੇ ਡਰ ਗਿਆ ਅਤੇ ਉੱਚੀ-ਉੱਚੀ ਰੋਣ ਲੱਗਾ।

ਬੌਣੇ ਨੇ ਦਾਨਵ ਨੂੰ ਕਿਹਾ: "ਆਪਣਾ ਫ਼ੈਸਲਾ ਜਲਦੀ ਦੱਸ! ਇਸ ਬੱਚੇ ਨੂੰ ਬਚਾਉਣ ਵਿੱਚ ਤੂੰ ਸਾਡਾ ਸਾਥ ਦੇਵੇਂਗਾ ਜਾਂ ਨਹੀਂ? ਸਾਡੇ ਕੋਲ ਜਿਆਦਾ ਵਕਤ ਨਹੀਂ ਹੈ।"

ਦਾਨਵ ਨੂੰ ਦੁਚਿੱਤੀ ਵਿੱਚ ਦੇਖ ਕੇ ਅਸੁਰਾਂ ਨੇ ਉਸ ਉੱਤੇ ਹਮਲਾ ਕਰ ਦਿੱਤਾ।ਬੌਣੇ ਨੇ ਭੇੜੀਏ ਨੂੰ ਕਿਹਾ: "ਲੱਗਦਾ ਹੈ! ਅਸੁਰਾਂ ਦੀਆਂ ਆਤਮਾਵਾਂ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ।ਇਸ ਲਈ ਜਰੂਰੀ ਹੈ ਕਿ ਬੱਚੇ ਨੂੰ ਗੁਫ਼ਾ ਤੋਂ ਬਾਹਰ ਕੱਢਿਆ ਜਾਵੇ॥"



# ਅਧਿਆਏ

# 18

# ਮੰਜ਼ਲ ਵੱਲ ਪਹਿਲਾ ਕਦਮ

# 18. ਮੰਜ਼ਲ ਵੱਲ ਪਹਿਲਾ ਕਦਮ

ਅਸੁਰ ਲਗਾਤਾਰ ਦਾਨਵ ਨੂੰ ਆਪਣਾ ਨਿਸ਼ਾਨਾ ਬਣਾ ਰਹੇ ਸਨ।ਦਾਨਵ ਕਾਫੀ ਜ਼ਖਮੀ ਹੋ ਚੁੱਕਾ ਸੀ।ਜਦੋਂ ਉਹ ਧਰਤੀ ਉੱਤੇ ਡਿੱਗਣ ਲੱਗਾ ਤਾਂ ਉਸਨੂੰ ਗੁਫ਼ਾ ਦੇ ਦਰਵਾਜੇ ਵਿੱਚ ਔਰਤ ਦਾ ਸਾਇਆ ਦਿਖਾਈ ਦਿੱਤਾ।ਔਰਤ ਦਾ ਸਾਇਆ ਉਸਨੂੰ ਮੁਖ਼ਾਤਿਬ ਹੋ ਰਿਹਾ ਸੀ: "ਇਸ ਬੱਚੇ ਨੂੰ ਬਚਾਉਣਾ ਤੇਰਾ ਫ਼ਰਜ਼ ਹੈ! ਜੇ ਤੂੰ ਬੱਚੇ ਦੀ ਰੱਖਿਆ ਕਰਨ ਵਿੱਚ ਅਸਫ਼ਲ ਰਿਹਾ ਤਾਂ ਅੱਜ ਤੇਰੀ ਮੌਤ ਨਿਸ਼ਚਿਤ ਹੈ!!"

ਔਰਤ ਦੀ ਆਵਾਜ਼ ਸੁਣਨ ਤੋਂ ਬਾਅਦ ਦਾਨਵ ਨੇ ਬੌਣੇ ਨੂੰ ਕਿਹਾ: "ਬੱਚੇ ਦੀ ਰੱਖਿਆ ਕਰਨ ਵਿੱਚ ਮੈਂ ਤੁਹਾਡਾ ਸਾਥ ਦੇਣ ਲਈ ਤਿਆਰ ਹਾਂ।ਮੇਰੇ ਉੱਤੇ ਯਕੀਨ ਕਰਕੇ ਤੁਸੀਂ ਬੱਚੇ ਨੂੰ ਮੇਰੇ ਨਾਲ ਭੇਜ ਸਕਦੇ ਹੋ। "

ਦਾਨਵ ਦੇ ਫ਼ੈਸਲੇ ਤੋਂ ਬਾਅਦ ਬੌਣੇ ਨੇ ਸਿਰਜੂ ਨੂੰ ਕਿਹਾ: "ਬੱਚੇ ਨੂੰ ਗੋਦ ਵਿੱਚ ਲੈ ਅਤੇ ਗੁਫ਼ਾ ਵਿੱਚੋਂ ਬਾਹਰ ਨਿੱਕਲ।ਦਾਨਵ, ਲੂੰਬੜ ਅਤੇ ਸ਼ੇਰਨੀ ਵੀ ਤੇਰੇ ਨਾਲ ਜਾਣਗੇ।ਤੁਸੀਂ  ਆਪਣਾ ਸਫ਼ਰ ਜੰਗਲ ਦੇ ਓਸ ਹਿੱਸੇ ਵੱਲ ਸ਼ੁਰੂ ਕਰੋਗੇ ਜਿਸ ਹਿੱਸੇ ਵਿੱਚ ਆਖ਼ਰੀ ਪੂਰਨਮਾਸ਼ੀ ਨੂੰ ਫ਼ਰਿਸ਼ਤਾ ਪਹੁੰਚਦਾ ਹੈ।ਮੈਂ ਇੱਕ ਮੰਤਰ ਦੇ ਰਿਹਾ ਹਾਂ।ਜੇ ਤੈਨੂੰ ਰਸਤੇ ਵਿੱਚ ਕੋਈ ਦਿੱਕਤ ਆਈ ਤਾਂ ਇਸ ਮੰਤਰ ਦਾ ਉਚਾਰਣ ਕਰ ਲੈਣਾ।ਮੈਨੂੰ ਦਾਨਵ ਉੱਤੇ ਪੂਰਾ ਯਕੀਨ ਹੈ ਕਿ ਹੁਣ ਇਹ ਸੱਚਾਈ ਦਾ ਰਸਤਾ ਨਹੀਂ ਛੱਡੇਗਾ। "

ਬੌਣੇ ਨੇ ਸਿਰਜੂ ਨੂੰ ਹੌਂਸਲਾ ਦਿੰਦੇ ਹੋਏ ਕਿਹਾ: "ਬੱਚੇ ਨੂੰ ਸੁੱਰਿਖਅਤ ਰੱਖਣ ਵਿੱਚ ਦਾਨਵ ਤੁਹਾਡੀ ਮੱਦਦ ਕਰੇਗਾ।ਫਿਕਰ ਨਾ ਕਰਨਾ! ਹੁਣ ਦਾਨਵ ਉੱਤੇ ਯਕੀਨ ਕੀਤਾ ਜਾ ਸਕਦਾ ਹੈ।ਅਸੁਰਾਂ ਦੇ ਖ਼ਾਤਮੇ ਤੋਂ ਬਾਅਦ ਅਸੀਂ ਵੀ ਜੰਗਲ ਦੇ ਓਸੇ ਹਿੱਸੇ ਵਿੱਚ

ਪਹੁੰਚ ਜਾਵਾਂਗੇ।ਜੰਗਲ ਦੇ ਓਸ ਹਿੱਸੇ ਦਾ ਰਸਤਾ ਲੂੰਬੜ ਨੂੰ ਚੰਗੀ ਤਰ੍ਹਾਂ ਪਤਾ ਹੈ ਕਿਉਂਕਿ ਇਹ ਪਹਿਲਾਂ ਵੀ ਉਸ ਜਗ੍ਹਾ ਜਾ ਚੁੱਕਾ ਹੈ।"

ਬੌਣੇ ਦੀ ਗੱਲ ਸੁਣ ਕੇ ਅਸੁਰ ਗੁਫ਼ਾ ਦੇ ਦਰਵਾਜੇ ਅੱਗੇ ਖੜ੍ਹ ਗਏ।ਗੁਫ਼ਾ ਦੇ ਹਾਲਾਤ ਦੇਖ ਕੇ ਲੱਗਦਾ ਸੀ ਕਿ ਸਿਰਜੂ ਦਾ ਬੱਚੇ ਨੂੰ ਲੈ ਕੇ ਗੁਫ਼ਾ ਵਿੱਚੋਂ ਬਾਹਰ ਨਿੱਕਲਣਾ ਲੱਗਭੱਗ ਨਾਮੁਮਕਿਨ ਹੈ।

ਬੌਣੇ ਨੇ ਆਪਣੇ ਗਲੇ ਵਿੱਚੋਂ ਮਾਲਾ ਉਤਾਰ ਕੇ ਬੱਚੇ ਦੇ ਗਲ ਵਿੱਚ ਪਾ ਦਿੱਤੀ।ਫਿਰ ਉਹ ਔਰਤ ਦੀ ਲਾਸ਼ ਕੋਲ ਗਿਆ ਅਤੇ ਉਸਦੀ ਬਾਂਹ ਤੋਂ ਇੱਕ ਚੂੜੀ ਉਤਾਰੀ।ਚੂੜੀ ਵਿੱਚ ਇੱਕ ਛੋਟਾ-ਜਿਹਾ ਲਾੱਕੇਟ ਬਣਿਆ ਹੋਇਆ ਸੀ।ਬੌਣੇ ਨੇ ਉਹ ਲਾੱਕੇਟ ਖੋਲਿਆ ਅਤੇ ਜਾਂਚ-ਪੜਤਾਲ ਤੋਂ ਬਾਅਦ ਉਹ ਚੂੜੀ ਸਿਰਜੂ ਦੇ ਹਵਾਲੇ ਕਰ ਦਿੱਤੀ।

ਬੌਣੇ ਨੇ ਸਿਰਜੂ ਨੂੰ ਕਿਹਾ: "ਇਹ ਚੂੜੀ ਇਸ ਬੱਚੇ ਦੇ ਮਾਂ-ਬਾਪ ਦੀ ਨਿਸ਼ਾਨੀ ਹੈ।ਬੱਚੇ ਦੇ ਨਾਲ ਇਹ ਚੂੜੀ ਵੀ ਜੰਗਲ ਦੇ ਓਸ ਹਿੱਸੇ ਵਿੱਚ ਪਹੁੰਚਣੀ ਜਰੂਰੀ ਹੈ ਤਾਂ ਜੋ ਇਸ ਚੂੜੀ ਨੂੰ ਦੇਖ ਕੇ ਫ਼ਰਿਸ਼ਤੇ ਨੂੰ ਪਤਾ ਲੱਗ ਜਾਵੇ ਕਿ ਬੱਚੇ ਦੇ ਮਾਂ-ਬਾਪ ਫ਼ਰਿਸ਼ਤੇ ਵੱਲੋਂ ਸੌਂਪੇ ਗਏ ਕੰਮ ਨੂੰ ਕਾਮਯਾਬੀ ਨਾਲ ਪੂਰਾ ਕਰਨ ਤੋਂ ਬਾਅਦ ਖ਼ਤਮ ਹੋਏ ਹਨ।"

ਸਿਰਜੂ ਨੂੰ ਸਮਝਾਉਣ ਤੋਂ ਬਾਅਦ ਬੌਣੇ ਨੇ ਆਪਣੇ ਲਿਬਾਸ ਵਿੱਚੋਂ ਇੱਕ ਛੋਟੀ-ਜਿਹੀ ਬੋਤਲ ਕੱਢੀ।ਬੋਤਲ ਵਿੱਚੋਂ ਤਰਲ ਪਦਾਰਥ ਦੀਆਂ ਕੁੱਝ ਬੂੰਦਾਂ ਉਸ ਨੇ ਬੱਚੇ ਨੂੰ ਪਿਲਾ ਦਿੱਤੀਆਂ।ਬੂੰਦਾਂ ਪਿਆਉਣ ਤੋਂ ਬਾਅਦ ਬੌਣੇ ਨੇ ਉਹ ਬੋਤਲ ਦਾਨਵ ਨੂੰ ਫੜ੍ਹਾ ਦਿੱਤੀ ਅਤੇ ਕਿਹਾ: "ਇਸ ਬੋਤਲ ਨੂੰ ਫੜ੍ਹਣ ਲਈ ਭਗਤੀ ਦਾ ਹੋਣਾ ਬਹੁਤ ਜਰੂਰੀ ਹੈ ਜੋ ਕਿ ਅਜੇ ਸਿਰਜੂ ਕੋਲ ਨਹੀਂ ਹੈ।ਮੈਂ ਬਹੁਤ ਯਕੀਨ ਨਾਲ ਇਹ ਬੋਤਲ ਤੇਰੇ ਹਵਾਲੇ ਕਰ ਰਿਹਾਂ ਹਾਂ ਕਿਉਂਕਿ ਤੇਰੇ ਕੋਲ ਉਸ ਔਰਤ ਦੀ ਭਗਤੀ ਹੈ।ਬੋਤਲ ਵਿਚਲੇ ਇਸ

ਤਰਲ ਪਦਾਰਥ ਦੀ ਖਾਸੀਅਤ ਇਹ ਹੈ ਕਿ ਇਸ ਨੂੰ ਪੀਣ ਨਾਲ ਇਨਸਾਨ ਕੁੱਝ ਦੇਰ ਲਈ ਕਾਲ ਮੁਕਤ ਹੋ ਜਾਂਦਾ ਹੈ!!!"

ਬੌਣੇ ਨੇ ਦਾਨਵ ਨੂੰ ਸਮਝਾਉਂਦੇ ਹੋਏ ਕਿਹਾ: "ਜੇ ਰਸਤੇ ਵਿੱਚ ਬੱਚੇ ਲਈ ਕੋਈ ਖ਼ਤਰਾ ਮਹਿਸੂਸ ਹੋਇਆ ਤਾਂ ਇਹ ਤਰਲ ਪਦਾਰਥ ਬੱਚੇ ਨੂੰ ਪਿਲਾ ਦੇਣਾ। ਬੱਚੇ ਦੀ ਜਾਨ ਨਹੀਂ ਜਾਵੇਗੀ। ਸ਼ੇਰਨੀ ਪਹਿਲਾਂ ਹੀ ਮੰਤਰ-ਮੁਗਧ ਹੈ। ਇਹ ਬੱਚੇ ਨੂੰ ਦੁੱਧ ਪਿਲਾਉਣ ਲਈ ਤੁਹਾਡੇ ਪਿੱਛੇ-ਪਿੱਛੇ ਰਹੇਗੀ।"

ਸਿਰਜੂ ਨੇ ਬੱਚੇ ਨੂੰ ਗੋਦ ਵਿੱਚ ਸੰਭਾਲਿਆ ਅਤੇ ਗੁਫ਼ਾ ਤੋਂ ਬਾਹਰ ਜਾਣ ਲਈ ਤਿਆਰ ਹੋ ਗਿਆ। ਗੁਫ਼ਾ ਦੇ ਦਰਵਾਜੇ ਅੱਗੇ ਅਸੁਰ ਖੜ੍ਹੇ ਸਨ। ਸਿਰਜੂ ਨੇ ਅੱਖਾਂ ਦੇ ਇਸ਼ਾਰੇ ਨਾਲ ਬੌਣੇ ਦਾ ਧਿਆਨ ਅਸੁਰਾਂ ਵੱਲ ਕੀਤਾ।"

ਬੌਣੇ ਨੇ ਦਾਨਵ ਨੂੰ ਕਿਹਾ: "ਹੇ ਦਾਨਵ! ਸਿਰਜੂ ਦਾ ਮਾਰਗ ਦਰਸ਼ਕ ਬਣ ਅਤੇ ਇਸ ਦੇ ਰਸਤੇ ਵਿੱਚ ਆਉਣ ਵਾਲੀਆਂ ਸਾਰੀਆਂ ਰੁਕਾਵਟਾਂ ਨੂੰ ਦੂਰ ਕਰ। ਅਗਰ ਤੂੰ ਸਾਡੇ ਨਾਲ ਨੇਕੀ ਦੇ ਰਸਤੇ ਉੱਤੇ ਅੱਗੇ ਵੱਧਣਾ ਚਾਹੁਦਾ ਹੈਂ ਤਾਂ ਇਹ ਤੇਰਾ ਪਹਿਲਾ ਫ਼ਰਜ਼ ਹੈ। ਆਪਣੇ ਇਸ ਫ਼ਰਜ਼ ਨੂੰ ਪੂਰਾ ਕਰ ਅਤੇ ਅਸੁਰਾਂ ਨੂੰ ਦਰਵਾਜੇ ਤੋਂ ਪਿੱਛੇ ਕਰ ਦੇ।"

ਦਾਨਵ ਅੱਗੇ ਵਧਿਆ ਅਤੇ ਸਿਰਜੂ ਲਈ ਰਸਤਾ ਬਣਾਉਣ ਦੀ ਕੋਸ਼ਿਸ਼ ਵਿੱਚ ਲੱਗ ਗਿਆ। ਬੌਣੇ ਨੇ ਆਪਣੇ ਲਿਬਾਸ ਵਿੱਚੋਂ ਗੇਂਦ ਨੁਮਾ ਚੀਜ ਕੱਢ ਕੇ ਗੁਫ਼ਾ ਦੇ ਦਰਵਾਜੇ ਵੱਲ ਸੁੱਟ ਦਿੱਤੀ। ਗੇਂਦ ਡਿੱਗਣ ਨਾਲ ਗੁਫ਼ਾ ਵਿੱਚ ਅਜਿਹਾ ਮੌਸਮ ਬਣ ਗਿਆ ਜਿਵੇਂ ਗੁਫ਼ਾ ਦੇ ਅੰਦਰ ਧੁੰਦ-ਹੀ-ਧੁੰਦ ਹੋਵੇ। ਗੁਫ਼ਾ ਵਿਚਲੀ ਹਵਾ ਸੀਤ ਲਹਿਰ ਦਾ ਅਹਿਸਾਸ ਕਰਵਾ ਰਹੀ ਸੀ। ਕੁੱਝ ਦੇਰ ਪਿੱਛੋਂ ਧੁੰਦ ਛਟ ਗਈ।

ਧੁੰਦ ਖ਼ਤਮ ਹੋਣ ਤੋਂ ਬਾਅਦ ਅਸੁਰਾਂ ਨੇ ਦੇਖਿਆ: "ਲੂੰਬੜ, ਦਾਨਵ, ਸਿਰਜੂ ਅਤੇ ਸ਼ੇਰਨੀ ਬੱਚੇ ਸਮੇਤ ਗੁਫ਼ਾ ਵਿੱਚੋਂ ਜਾ ਚੁੱਕੇ ਸਨ।ਅਸੁਰ ਗੁੱਸੇ ਨਾਲ ਪਾਗਲ ਹੋ ਗਏ।ਚਾਲਾਕ ਅਸੁਰ ਅਤੇ ਤੱਪ ਵਾਲੇ ਅਸੁਰ ਦੀ ਹੁਣ ਇਹੋ ਕੋਸ਼ਿਸ਼ ਸੀ ਕਿ ਉਹ ਕੈਦ ਅਸੁਰਾਂ ਨੂੰ ਆਜ਼ਾਦ ਕਰਵਾ ਲੈਣ।

ਗੁਫ਼ਾ ਵਿੱਚੋਂ ਨਿੱਕਲ ਕੇ ਦਾਨਵ, ਸਿਰਜੂ ਅਤੇ ਭੇੜੀਏ ਨੇ ਜੰਗਲ ਦੇ ਓਸ ਹਿੱਸੇ ਵੱਲ ਦਾ ਸਫ਼ਰ ਸ਼ੁਰੂ ਕੀਤਾ ਜਿਸ ਹਿੱਸੇ ਵਿੱਚ ਆਖ਼ਿਰੀ ਪੂਰਨਮਾਸ਼ੀ ਵਾਲੀ ਰਾਤ ਇੱਕ ਫ਼ਰਿਸ਼ਤਾ ਚੰਨ ਵਿੱਚੋਂ ਉੱਤਰ ਕੇ ਇਸ ਧਰਤੀ ਉੱਤੇ ਆਉਂਦਾ ਸੀ।ਲੂੰਬੜ ਸਭ ਤੋਂ ਅੱਗੇ ਚੱਲ ਰਿਹਾ ਸੀ।ਉਸ ਦੇ ਪਿੱਛੇ ਸਿਰਜੂ ਬੱਚੇ ਨੂੰ ਗੋਦ ਵਿੱਚ ਲੈ ਕੇ ਤੁਰ ਰਿਹਾ ਸੀ।ਦਾਨਵ ਸਭ ਤੋਂ ਪਿੱਛੇ ਸੀ।

ਥੋੜ੍ਹੀ-ਜਿਹੀ ਦੂਰੀ ਤਹਿ ਕਰਨ ਤੋਂ ਬਾਅਦ ਲੂੰਬੜ ਨੇ ਇੱਕ ਖ਼ਾਸ ਕਿਸਮ ਦੀ ਗੰਧ ਨੂੰ ਮਹਿਸੂਸ ਕੀਤਾ।ਉਸ ਨੇ ਦਾਨਵ ਅਤੇ ਸਿਰਜੂ ਨੂੰ ਕਿਹਾ: "ਇਸ ਵੇਲੇ ਫ਼ਿਜ਼ਾ ਵਿੱਚ ਜੋ ਗੰਧ ਮਹਿਸੂਸ ਹੋ ਰਹੀ ਏ ਓਸ ਗੰਧ ਦੇ ਮੁਤਾਬਕ ਅਸੁਰਾਂ ਦੀਆਂ ਆਤਮਾਵਾਂ ਸਾਡਾ ਪਿੱਛਾ ਕਰ ਰਹੀਆਂ ਹਨ।ਦਾਦਾ ਜੀ ਦੀ ਕਹਾਣੀ ਅਨੁਸਾਰ ਥੋੜ੍ਹੀ-ਜਿਹੀ ਦੂਰੀ ਉੱਤੇ ਇੱਕ ਗੁਫ਼ਾ ਹੋਣੀ ਚਾਹੀਦੀ ਹੈ।ਸਾਨੂੰ ਉਹ ਗੁਫ਼ਾ ਲੱਭਣੀ ਚਾਹੀਦੀ ਹੈ।ਉਸ ਗੁਫ਼ਾ ਵਿੱਚ ਅਸੀਂ ਸੁਰੱਖਿਅਤ ਰਹਾਂਗੇ।"

ਲੂੰਬੜ ਨੇ ਸਿਰਜੂ ਅਤੇ ਦਾਨਵ ਨੂੰ ਦੱਸਿਆ: "ਉਸ ਗੁਫ਼ਾ ਵਿੱਚ ਵੀ ਬਹੁਤ ਰਹੱਸ ਛਿਪੇ ਹਨ।ਮੈਂ ਤੁਹਨੂੰ ਦਾਦਾ ਜੀ ਦੀ ਕਹਾਣੀ ਅਨਸਾਰ ਓਸ ਗੁਫ਼ਾ ਬਾਰੇ ਪ੍ਰਚੱਲਤ ਕਥਾ ਸੁਣਾਉਂਦਾ ਹਾਂ।ਕਥਾ ਅਨੁਸਾਰ ਅਸੁਰਾਂ ਦੀ ਤਾਕਤ ਬਹੁਤ ਹੀ ਜਿਆਦਾ ਵੱਧ ਗਈ ਸੀ।ਉਹ ਤਾਕਤ ਦੇ ਨਸ਼ੇ ਵਿੱਚ ਚੂਰ ਹੋ ਕੇ ਇਸ ਬਨਸਪਤੀ ਨੂੰ ਕੁਚਲਣ ਲੱਗੇ।ਜਦੋਂ ਅਸੁਰਾਂ ਨੇ ਇਨਸਾਨਾਂ ਦਾ ਜੀਣਾ ਦੁੱਭਰ ਕਰ ਦਿੱਤਾ ਤਾਂ **ਵਿਸ਼ਨੂੰ ਜੀ** ਨੂੰ ਦਖ਼ਲ ਦੇਣਾ ਪਿਆ।

(ਲੂੰਬੜ ਨੇ ਦੱਸਿਆ) **<u>ਵਿਸ਼ਨੂੰ ਜੀ</u>** ਨੇ **ਨਾਰਦ ਮੁਨੀ** ਅਤੇ **ਨੰਦੀ** ਨੂੰ ਪਾਤਾਲ ਦੀ ਮਿੱਟੀ ਦਿੱਤੀ ਅਤੇ ਕਿਹਾ: "ਅਸੁਰਾਂ ਦਾ ਕੁੱਝ ਕਰਨਾ ਪਵੇਗਾ। ਉਹਨਾ ਦੇ ਵਰਾਂ ਦੀ ਕਾਟ ਜਰੂਰੀ ਹੈ। ਤੁਸੀਂ ਇਸ ਮਿੱਟੀ ਨੂੰ ਲੈ ਕੇ ਮਾਤ ਲੋਕ ਦੇ ਓਸ ਜੰਗਲ ਵਿੱਚ ਜਾਵੋ ਜਿਸ ਜੰਗਲ ਵਿੱਚ ਅਸੁਰਾਂ ਨੇ ਲੋਕਾਂ ਦਾ ਜੀਣਾ ਮੁਹਾਲ ਕੀਤਾ ਹੋਇਆ ਹੈ। ਇਸ ਮਿੱਟੀ ਦੀ ਮਹਿਕ ਨਾਲ ਅਸੁਰਾਂ ਨੂੰ ਇਨਸਾਨੀ ਸ਼ਰੀਰਾਂ ਦੀ ਸੁਗੰਧ ਅਤੇ ਰੂਹਾਂ ਦੀ ਸੁਗੰਧ ਵਿੱਚ ਭੁਲੇਖ਼ਾ ਪੈ ਜਾਵੇਗਾ। ਇਸ ਤਰ੍ਹਾਂ ਅਸੁਰਾਂ ਨੂੰ ਹਰਾਉਣ ਵਿੱਚ ਮੱਦਦ ਮਿਲੇਗੀ।"

ਲੂੰਬੜ ਨੇ ਦੱਸਿਆ: "ਜਿਸ ਗੁਫ਼ਾ ਨੂੰ ਮੈਂ ਤਲਾਸ਼ ਕਰਨ ਲਈ ਕਹਿ ਰਿਹਾ ਹਾਂ। ਉਸ ਗੁਫ਼ਾ ਵਿੱਚ **ਨਾਰਦ ਮੁਨੀ ਜੀ** ਅਤੇ **ਨੰਦੀ** ਨੇ ਆਪਣੇ ਰਹਿਣ ਦਾ ਪ੍ਰਬੰਧ ਕੀਤਾ ਸੀ। ਉਸ ਗੁਫ਼ਾ ਵਿੱਚ ਰਹਿ ਕੇ ਹੀ ਉਹਨਾ ਨੇ ਅਸੁਰਾਂ ਨੂੰ ਹਰਾਇਆ ਸੀ।"

ਲੂੰਬੜ ਦੀ ਇਹ ਗੱਲ ਸੁਣ ਕੇ ਦਾਨਵ ਨੇ ਸਿਰਜੂ ਨੂੰ ਕਿਹਾ: "ਤੂੰ ਬੱਚੇ ਨੂੰ ਲੈ ਕੇ ਮੇਰੇ ਮੋਢਿਆਂ ਉੱਤੇ ਬੈਠ ਜਾ ਤਾਂ ਜੋ ਅਸੀਂ ਜਲਦੀ-ਤੋਂ-ਜਲਦੀ ਉਸ ਗੁਫ਼ਾ ਤੱਕ ਪਹੁੰਚ ਜਾਈਏ!"

ਦਾਨਵ ਦੀ ਗੱਲ ਮੰਨ ਕੇ ਸਿਰਜੂ ਉਸ ਦੇ ਮੋਢਿਆਂ ਉੱਤੇ ਬੈਠ ਗਿਆ। ਹੁਣ ਦਾਨਵ ਪੂਰੀ ਤੇਜੀ ਨਾਲ ਦੌੜਣ ਲੱਗਾ। ਸ਼ੇਰਨੀ ਅਤੇ ਲੂੰਬੜ ਕਾਫੀ ਪਿੱਛੇ ਰਹਿ ਗਏ। ਜਲਦੀ ਹੀ ਦਾਨਵ ਨੂੰ ਇੱਕ ਗੁਫ਼ਾ ਦਿਖਾਈ ਦਿੱਤੀ।

ਸਿਰਜੂ ਨੇ ਦਾਨਵ ਨੂੰ ਕਿਹਾ: "ਮੈਨੂੰ ਲੱਗਦਾ ਹੈ ਲੂੰਬੜ ਇਸੇ ਗੁਫ਼ਾ ਦੀ ਗੱਲ ਕਰ ਰਿਹਾ ਸੀ! ਜਲਦੀ ਬੈਠ ਤਾਂ ਜੋ ਮੈਂ ਬੱਚੇ ਨੂੰ ਗੁਫ਼ਾ ਦੇ ਅੰਦਰ ਲੈ ਜਾਵਾਂ!"

ਦਾਨਵ ਬੈਠ ਗਿਆ। ਸਿਰਜੂ ਦਾਨਵ ਦੇ ਮੋਢਿਆਂ ਤੋਂ ਉੱਤਰ ਕੇ ਜਲਦੀ ਨਾਲ ਬੱਚੇ ਨੂੰ ਉਸ ਗੁਫ਼ਾ ਦੇ ਅੰਦਰ ਲੈ ਗਿਆ। ਦਾਨਵ ਗੁਫ਼ਾ ਦੇ ਬਾਹਰ ਖੜ੍ਹੋ ਕੇ ਲੂੰਬੜ ਅਤੇ

ਸ਼ੇਰਨੀ ਦਾ ਇੰਤਜਾਰ ਕਰਨ ਲੱਗਾ। ਥੋੜ੍ਹੀ ਹੀ ਦੇਰ ਬਾਅਦ ਲੂੰਬੜ ਅਤੇ ਸ਼ੇਰਨੀ ਵੀ ਪਹੁੰਚ ਗਏ। ਸ਼ੇਰਨੀ ਗੁਫ਼ਾ ਦੇ ਅੰਦਰ ਚਲੀ ਗਈ ਅਤੇ ਬੱਚੇ ਦੇ ਕੋਲ ਜਾ ਕੇ ਲੇਟ ਗਈ। ਸਿਰਜੂ ਨੇ ਬੱਚੇ ਨੂੰ ਦੁੱਧ ਪੀਣ ਲਈ ਸ਼ੇਰਨੀ ਦੇ ਉੱਤੇ ਲਟਾ ਦਿੱਤਾ।

ਲੂੰਬੜ ਨੇ ਦਾਨਵ ਨੂੰ ਕਿਹਾ: "ਸਿਰਜੂ ਅਤੇ ਬੱਚਾ ਇਸ ਗੁਫ਼ਾ ਵਿੱਚ ਸੁੱਰਖਿਅਤ ਹਨ। ਹਵਾ ਵਿੱਚੋਂ ਅਜੇ ਵੀ ਅਸੁਰਾਂ ਦੀ ਗੰਧ ਆ ਰਹੀ ਹੈ। ਮੇਰੀ ਸਲਾਹ ਹੈ ਕਿ ਕੁੱਝ ਸਮੇਂ ਲਈ ਸਾਨੂੰ ਇਸ ਗੁਫ਼ਾ ਵਿੱਚ ਰੁੱਕ ਜਾਣਾ ਚਾਹੀਦਾ ਹੈ।"

ਦਾਨਵ ਨੇ ਲੂੰਬੜ ਨੂੰ ਜਵਾਬ ਦਿੱਤਾ: "ਫ਼ਿਕਰ ਨਾ ਕਰ! ਤੇਰੀ ਕਥਾ ਮੁਤਾਬਕ, ਅਸੁਰਾਂ ਦੀਆਂ ਰੂਹਾਂ ਸਿਰਜੂ ਅਤੇ ਬੱਚੇ ਦਾ ਪਿੱਛਾ ਕਰ ਰਹੀਆਂ ਹਨ। ਜਦੋਂ ਓਹਨਾ ਨੂੰ ਇਸ ਗੁਫ਼ਾ ਦੇ ਕਾਰਨ ਬੱਚੇ ਅਤੇ ਸਿਰਜੂ ਦੀ ਮਹਿਕ ਨਾ ਆਈ ਤੋਂ ਉਹ ਅੱਗੇ ਲੰਘ ਜਾਣਗੇ॥



# ਅਧਿਆਏ

# 19

# ਮਾਇਆਵੀ ਜਾਦੂਗਰ

# 19. ਮਾਇਆਵੀ ਜਾਦੂਗਰ

ਪਹਿਲੀ ਗੁਫ਼ਾ ਵਿੱਚ ਬੌਣੇ, ਭੇੜੀਏ ਅਤੇ ਅਸੁਰਾਂ ਵਿੱਚ ਤਾਬੜ ਤੋੜ ਲੜਾਈ ਜਾਰੀ ਸੀ।ਭੇੜੀਏ ਨੇ ਬੌਣੇ ਨੂੰ ਕਿਹਾ: "ਮੈਨੂੰ ਸਮਝ ਨਹੀਂ ਆ ਰਹੀ ਕਿ ਤੁਸੀਂ ਇਸ ਪੱਥਰ ਨੂੰ ਹਟਾ ਕੇ ਉਸ ਕੁਬੜੇ ਨੂੰ ਆਜ਼ਾਦ ਕਿਉਂ ਨਹੀਂ ਕਰਵਾਉਂਦੇ? ਆਪਣੇ ਕੋਲ ਐਂਨਾ ਸਮਾਂ ਨਹੀਂ ਹੈ ਕਿ ਗੁਫ਼ਾ ਵਿੱਚ ਇਹਨਾ ਅਸੁਰਾਂ ਨਾਲ ਲੜਦੇ ਰਹੀਏ।ਜਰਾ ਸੋਚੋ! ਜੇ ਦਾਨਵ ਨੇ ਨੇਕੀ ਦੇ ਰਸਤੇ ਉੱਤੇ ਚੱਲਣ ਦੇ ਇਰਾਦੇ ਨੂੰ ਬਦਲ ਲਿਆ ਫਿਰ ਸਿਰਜੂ, ਬੱਚੇ ਅਤੇ ਲੂੰਬੜ ਦਾ ਕੀ ਬਣੇਗਾ?"

ਭੇੜੀਆ ਫ਼ਿਕਰਮੰਦ ਲਹਿਜੇ ਵਿੱਚ ਕਹਿਣ ਲੱਗਾ: "ਲੂੰਬੜ ਅਤੇ ਸਿਰਜੂ ਕੋਲ ਤਾਂ ਕੋਈ ਤਾਕਤ ਵੀ ਨਹੀਂ ਹੈ!ਇੰਜ ਕਰਦੇ ਹਾਂ ਕਿ ਕੁਬੜੇ ਨੂੰ ਰਿਹਾ ਕਰਵਾ ਕੇ ਉਸਨੂੰ,ਸਿਰਜੂ ਅਤੇ ਲੂੰਬੜ ਦੇ ਪਿੱਛੇ ਭੇਜ ਦਿੰਦੇ ਹਾਂ।ਦੂਜਾ ਤਰੀਕਾ ਇਹ ਹੈ,ਕੁਬੜੇ ਨੂੰ ਗੁਫ਼ਾ ਵਿੱਚ ਛੱਡ ਕੇ ਅਸੀਂ ਸਿਰਜੂ ਅਤੇ ਬੱਚੇ ਦੇ ਪਿੱਛੇ ਚਲੇ ਜਾਂਦੇ ਹਾਂ! ਬੱਚੇ ਨੂੰ ਜੰਗਲ ਦੇ ਓਸ ਹਿੱਸੇ ਵਿੱਚ ਸੁਰਿੱਖਅਤ ਪਹੁੰਚਾਣ ਦੇ ਇਹੀ ਦੋ ਰਸਤੇ ਹਨ।"

**(ਬੌਣੇ ਨੇ ਭੇੜੀਏ ਨੂੰ ਜਵਾਬ ਦਿੱਤਾ)** ਫ਼ਿਕਰ ਨਾ ਕਰ! ਸਿਰਜੂ ਕੋਲ ਜੋ ਚੂੜੀ ਹੈ! ਓਸ ਚੂੜੀ ਵਿੱਚ ਬਹੁਤ ਸ਼ਕਤੀ ਹੈ! ਤੂੰ ਉਸ ਬੱਚੇ ਦੇ ਮਾਂ-ਬਾਪ ਨੂੰ ਨਹੀਂ ਜਾਣਦਾ।ਮੇਰੇ ਕੋਲ ਓਹਨਾਂ ਦੀ ਕਹਾਣੀ ਦੱਸਣ ਲਈ ਅਜੇ ਵਕਤ ਨਹੀਂ ਹੈ।ਬੱਚੇ ਦੇ ਮਾਂ-ਬਾਪ ਬਾਰੇ ਸੁਣ ਕੇ ਤੂੰ ਸੋਚਣ ਲਈ ਮਜਬੂਰ ਹੋ ਜਾਣਾ ਸੀ: "ਕੀ ਅਜਿਹੇ ਲੋਕ ਵੀ ਇਸ ਧਰਤੀ ਉੱਤੇ ਜਨਮ ਲੈ ਲੈਂਦੇ ਹਨ?"

ਬੌਣੇ ਨੇ ਕਿਹਾ: "ਜੋ ਮੰਤਰ ਸਿਰਜੂ ਨੂੰ ਦਿੱਤਾ ਹੈ ਉਸ ਮੰਤਰ ਦੇ ਉਚਾਰਣ ਨਾਲ ਉਸ ਚੂੜੀ ਦੀ ਸ਼ਕਤੀ ਆਪਣੇ-ਆਪ ਹੋਂਦ ਵਿੱਚ ਆ ਜਾਵੇਗੀ।ਬੱਚੇ ਅਤੇ ਸਿਰਜੂ ਦੀ ਰੱਖਿਆ ਲਈ ਚੂੜੀ ਦੀ ਤਾਕਤ ਹੀ ਕਾਫੀ ਹੈ।"

ਬੌਣੇ ਨੇ ਅੱਗੇ ਦੱਸਿਆ: "ਦੂਜਾ ਸਵਾਲ ਹੈ ਕੁਬੜੇ ਨੂੰ ਆਜ਼ਾਦ ਕਰਵਾਉਣ ਦਾ! ਵਕਤ ਦਾ ਇੰਤਜਾਰ ਕਰ! ਜਲਦੀ ਹੀ ਉਹ ਤੇਰੀਆਂ ਅੱਖਾਂ ਦੇ ਸਾਹਮਣੇ ਹੋਵੇਗਾ।ਦਾਨਵ ਲਈ ਅਪਣੇ ਦਿਲ ਨੂੰ ਸਾਫ਼ ਕਰ ਲੈ ਕਿਉਂਕਿ ਮੈਨੂੰ ਨਹੀਂ ਲੱਗਦਾ ਕਿ ਹੁਣ ਦਾਨਵ ਧੋਖਾ ਦੇ ਕੇ ਅਸੁਰਾਂ ਦਾ ਸਾਥ ਦੇਵੇਗਾ।ਬਚਿਆ ਲੂੰਬੜ! ਉਸ ਦੀ ਤਾਂ ਗੱਲ ਹੀ ਵੱਖਰੀ ਹੈ! ਉਸ ਦਾ ਫ਼ਿਕਰ ਵੈਸੇ ਹੀ ਨਹੀਂ ਕਰਨਾ ਚਾਹੀਦਾ ਕਿਉਂਕਿ ਉਸਦੇ ਦਾਦੇ ਦੀ ਕਹਾਣੀ ਦਾ ਕੋਈ-ਨਾ-ਕੋਈ ਪਾਤਰ ਉਸ ਨੂੰ ਜੰਗਲ ਪਾਰ ਕਰਵਾ ਹੀ ਦੇਵੇਗਾ।"

ਲੂੰਬੜ ਦੀਆਂ ਗੱਲਾਂ ਕਰਨ ਤੋਂ ਬਾਅਦ ਬੌਣਾ ਅਤੇ ਭੇੜੀਆ ਹੱਸਣ ਲੱਗੇ।ਇਸ ਸਮੇਂ ਬੌਣਾ ਅਤੇ ਭੇੜੀਆ ਅਦ੍ਰਿਸ਼ ਨਹੀਂ ਸਨ।ਉਹਨਾਂ ਨੂੰ ਹੱਸਦਾ ਦੇਖ ਕੇ ਅਸੁਰਾਂ ਨੂੰ ਵਿਆਕੁਲਤਾ ਹੋਣ ਲੱਗੀ।ਉਹ ਸੋਚ ਰਹੇ ਸਨ ਕਿ ਉਹਨਾ ਦੀ ਮੌਜੂਦਗੀ ਵਿੱਚ ਭੇੜੀਆ ਅਤੇ ਬੌਣਾ ਹੱਸ ਕਿਵੇਂ ਸਕਦੇ ਹਨ?

ਤੱਪ ਵਾਲੇ ਅਸੁਰ ਨੇ ਆਪਣੀ ਤਾਕਤ ਨਾਲ ਤੀਰ ਫੜ੍ਹਿਆ ਅਤੇ ਮੰਤਰ ਉਚਾਰਣ ਤੋਂ ਬਾਅਦ ਤੀਰ ਬੌਣੇ ਵੱਲ ਚਲਾ ਦਿੱਤਾ।ਬੌਣਾ ਧਰਤੀ ਉੱਤੇ ਬੈਠ ਗਿਆ।ਨਿਸ਼ਾਨਾ ਖੁੰਝਣ ਨਾਲ ਤੀਰ ਸਿੱਧਾ ਜਾ ਕੇ ਉਸ ਪੱਥਰ ਵਿੱਚ ਲੱਗਾ ਜਿਸ ਪੱਥਰ ਪਿੱਛੇ ਕੁਬੜਾ ਕੈਦ ਸੀ।ਪੱਥਰ ਵਿੱਚ ਇੱਕ ਵੱਡਾ ਸੁਰਾਖ਼ ਬਣ ਗਿਆ।ਭੇੜੀਏ ਨੇ ਉਸ ਸੁਰਾਖ਼ ਰਾਹੀਂ ਕੁਬੜੇ ਨੂੰ ਦੇਖਣ ਦੀ ਕੋਸ਼ਿਸ਼ ਕੀਤੀ।ਉਸਨੂੰ ਕੁਬੜਾ ਤਾਂ ਦਿਖਾਈ ਨਹੀ ਦਿੱਤਾ ਪਰ ਰੱਬ ਦੇ ਨਾਮ ਦੀ ਗੂੰਜ ਜਰੂਰ ਸੁਣਾਈ ਦਿੱਤੀ।

ਦੂਜੇ ਪਾਸੇ ਜੰਗਲ ਵਿੱਚ ਦਾਨਵ ਅਤੇ ਲੂੰਬੜ ਕੁੱਝ ਦੇਰ ਗੁਫ਼ਾ ਦੀ ਪਹਿਰੇਦਾਰੀ ਕਰਨ ਤੋਂ ਬਾਅਦ ਗੁਫ਼ਾ ਦੇ ਅੰਦਰ ਚਲੇ ਗਏ।ਦਾਨਵ ਨੇ ਸਿਰਜੂ ਅਤੇ ਲੂੰਬੜ ਨੂੰ ਕਿਹਾ: "ਸੂਰਜ ਢਲਣ ਵਿੱਚ ਥੋੜ੍ਹਾ ਹੀ ਸਮਾਂ ਬਾਕੀ ਹੈ।ਰਾਤ ਸਾਨੂੰ ਇਸੇ ਗੁਫ਼ਾ ਵਿੱਚ ਕੱਟ ਲੈਣੀ ਚਾਹੀਦੀ ਹੈ।ਕੱਲ ਸਵੇਰੇ ਹੀ ਅੱਗੇ ਦਾ ਸਫ਼ਰ ਸ਼ੁਰੂ ਕਰਾਂਗੇ।"

ਲੂੰਬੜ ਅਤੇ ਸਿਰਜੂ ਨੂੰ ਵੀ ਦਾਨਵ ਦੀ ਇਹ ਗੱਲ ਠੀਕ ਲੱਗੀ। ਉਹਨਾ ਨੇ ਦਾਨਵ ਦੀ ਗੱਲ ਮੰਨ ਲਈ ਅਤੇ ਰਾਤ ਓਸੇ ਗੁਫ਼ਾ ਵਿੱਚ ਰਹਿਣ ਦਾ ਫ਼ੈਸਲਾ ਕੀਤਾ। ਕੁੱਝ ਦੇਰ ਬਾਅਦ ਸਿਰਜੂ ਨੇ ਦਾਨਵ ਨੂੰ ਕਿਹਾ: "ਮੈਨੂੰ ਤਾਂ ਬਹੁਤ ਭੁੱਖ ਲੱਗੀ ਹੋਈ ਏ! ਕਿੰਨਾ ਚੰਗਾ ਹੋਵੇ ਜੇ ਤੂੰ ਮੈਨੂੰ ਜੰਗਲ ਵਿੱਚੋਂ ਕੁੱਝ ਫ਼ਲ ਖਾਣ ਲਈ ਲਿਆ ਦੇਵੇਂ।"

ਦਾਨਵ ਨੇ ਸਿਰਜੂ ਨੂੰ ਜਵਾਬ ਦਿੱਤਾ: "ਠੀਕ ਹੈ! ਮੈਂ ਤੇਰੇ ਲਈ ਫ਼ਲ ਲੈ ਆਉਂਦਾ ਹਾਂ।"

ਸਿਰਜੂ ਅਤੇ ਦਾਨਵ ਦੀ ਗੱਲ ਸੁਣ ਕੇ ਲੂੰਬੜ ਬੋਲਿਆ: "ਗੁਫ਼ਾ ਦੇ ਆਲੇ-ਦੁਆਲੇ ਹੀ ਫ਼ਲਾਂ ਦੀ ਭਾਲ ਕਰ ਲੈਂਦੇ ਹਾਂ ਜਿਆਦਾ ਦੂਰ ਜਾਣ ਦੀ ਕੀ ਲੋੜ ਹੈ? ਮੈਨੂੰ ਵੀ ਭੁੱਖ ਲੱਗੀ ਹੈ!"

ਲੂੰਬੜ ਅਤੇ ਦਾਨਵ ਗੁਫ਼ਾ ਵਿੱਚੋਂ ਬਾਹਰ ਆ ਗਏ ਅਤੇ ਗੁਫ਼ਾ ਦੇ ਆਲੇ-ਦੁਆਲੇ ਫ਼ਲਾਂ ਦੀ ਤਲਾਸ਼ ਕਰਨ ਲੱਗੇ। ਆਪਣੀ ਭੁੱਖ ਸ਼ਾਂਤ ਕਰਨ ਤੋਂ ਬਾਅਦ ਉਹ ਸਿਰਜੂ ਲਈ ਫ਼ਲ ਲੈ ਕੇ ਗੁਫ਼ਾ ਦੇ ਅੰਦਰ ਚਲੇ ਗਏ। ਗੁਫ਼ਾ ਦੇ ਅੰਦਰ ਜਾ ਕੇ ਉਹਨਾ ਨੇ ਦੇਖਿਆ ਕਿ ਬੱਚਾ ਸਿਰਜੂ ਦੀ ਗੋਦ ਵਿੱਚ ਲੇਟ ਕੇ ਹੱਸ ਰਿਹਾ ਸੀ ਅਤੇ ਉਸ ਦੀਆ ਗੱਲਾਂ ਸੁਣ ਕੇ ਹੁੰਗਾਰਾ ਦੇਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਸਮੇਂ ਬੱਚਾ ਬਿੱਲਕੁੱਲ ਤੰਦਰੁਸਤ ਸੀ।

ਬੱਚੇ ਨੂੰ ਚੜ੍ਹਦੀ ਕਲਾ ਵਿੱਚ ਦੇਖ ਕੇ ਲੂੰਬੜ ਨੇ ਸਿਰਜੂ ਨੂੰ ਕਿਹਾ:

"ਕੁਦਰਤ ਵੀ ਕਿੰਨੀ ਬੇਅੰਤ ਹੈ!

**ਇਨਸਾਨ ਚਾਹੇ ਜਿਹੜੇ ਮਰਜੀ ਹਾਲਾਤਾਂ ਵਿੱਚ ਹੋਵੇ ਸਮਾਂ ਅੱਗੇ ਲੰਘ ਹੀ ਜਾਂਦਾ ਹੈ ਅਤੇ ਆਪਣੇ ਪਿੱਛੇ ਗੁਜਰ ਜਾਣ ਦੀਆਂ ਪੈੜਾਂ ਵੀ ਛੱਡ ਜਾਂਦਾ ਹੈ!**

ਪਹਿਲੀ ਗੁਫ਼ਾ ਵਿੱਚ ਸਮੇਂ ਦੇ ਗੁਜਰਣ ਦਾ ਅਹਿਸਾਸ ਹੀ ਨਹੀਂ ਹੋਇਆ ਕਿਉਂਕਿ ਹਾਲਾਤ ਹੀ ਅਜਿਹੇ ਸਨ ਪਰ ਹੁਣ ਇਸ ਬੱਚੇ ਵੱਲ ਦੇਖ ਕੇ ਸਮੇਂ ਦੇ ਬੀਤਣ ਦਾ ਅਹਿਸਾਸ ਹੋ ਰਿਹਾ ਹੈ।"

ਸਿਰਜੂ ਨੇ ਲੂੰਬੜ ਨੂੰ ਜਵਾਬ ਦਿੱਤਾ: "ਬਿਲਕੁੱਲ ਸਹੀ ਗੱਲ ਹੈ! **ਸਮਾਂ ਕਦੋਂ ਅਤੇ ਕਿਵੇਂ ਗੁਜਰ ਜਾਂਦਾ ਹੈ ਪਤਾ ਹੀ ਨਹੀਂ ਲੱਗਦਾ ਬੱਸ ਸਮੇਂ ਦੇ ਗੁਜਰ ਜਾਣ ਦੀ ਛਾਪ ਹੀ ਦਿਖਾਈ ਦਿੰਦੀ ਹੈ।**"

ਲੂੰਬੜ ਅਤੇ ਸਿਰਜੂ ਦੀਆਂ ਗੱਲਾਂ ਸੁਣਨ ਤੋਂ ਬਾਅਦ ਦਾਨਵ ਨੇ ਉਹਨਾ ਨੂੰ ਕਿਹਾ: "ਤੁਸੀਂ ਗੁਫ਼ਾ ਦੇ ਅੰਦਰ ਹੀ ਬੈਠਣਾ! ਮੈਨੂੰ ਕੁੱਝ ਯਾਦ ਆ ਗਿਆ ਹੈ। ਮੈਂ ਕਿਸੇ ਕੰਮ ਜਾ ਰਿਹਾ ਹਾਂ! ਜਲਦੀ ਹੀ ਵਾਪਿਸ ਆ ਜਾਵਾਂਗਾ।"

ਸਿਰਜੂ ਨੇ ਦਾਨਵ ਨੂੰ ਪੁੱਛਿਆ: "ਪਹਿਲਾਂ ਸਾਨੂੰ ਇਹ ਦੱਸ ਕਿ ਤੂੰ ਕਿਸ ਕੰਮ ਲਈ ਜਾ ਰਿਹਾ ਹੈਂ? ਅਤੇ ਕਿੱਥੇ ਜਾ ਰਿਹਾ ਹੈਂ! ਬੌਣੇ ਦੀ ਦਿੱਤੀ ਹੋਈ ਬੋਤਲ ਤੇਰੇ ਕੋਲ ਹੈ! ਜੇ ਤੇਰੇ ਪਿੱਛੋਂ ਬੱਚੇ ਉੱਤੇ ਕੋਈ ਮੁਸੀਬਤ ਆ ਗਈ ਫਿਰ ਅਸੀਂ ਕੀ ਕਰਾਂਗੇ?"

ਦਾਨਵ ਨੇ ਸਿਰਜੂ ਨੂੰ ਜਵਾਬ ਦਿੱਤਾ: "ਮੈਂ ਜੰਗਲ ਨੇੜਲੇ ਕਿਸੇ ਪਿੰਡ ਵਿੱਚ ਜਾ ਰਿਹਾ ਹਾਂ।ਪਿੰਡ ਵਿੱਚੋਂ ਬੱਚੇ ਲਈ ਅਤੇ ਤੇਰੇ ਲਈ ਕੱਪੜੇ ਚੁੱਕ ਕੇ ਲੈ ਆਵਾਂਗਾ।ਮੈਂ ਬਹੁਤ ਤੇਜ ਦੌੜ ਸਕਦਾ ਹਾਂ ਇਸ ਲਈ ਜਿਆਦਾ ਦੇਰ ਨਹੀਂ ਲੱਗੇਗੀ।"

ਦਾਨਵ ਦਾ ਜਵਾਬ ਸੁਣ ਕੇ ਸਿਰਜੂ ਨੇ ਕਿਹਾ: "ਨਹੀਂ! ਕੋਈ ਜਰੂਰਤ ਨਹੀਂ ਕੱਪੜਿਆਂ ਦੀ! ਤੂੰ ਗੁਫ਼ਾ ਵਿੱਚ ਹੀ ਰੁਕ!"

ਸਿਰਜੂ ਦੀ ਗੱਲ ਸੁਣ ਕੇ ਦਾਨਵ ਨੇ ਜਵਾਬ ਦਿੱਤਾ: "ਠੀਕ ਹੈ! ਮੈਂ ਕਿਤੇ ਨਹੀਂ ਜਾਂਦਾ! ਗੁਫ਼ਾ ਦੇ ਬਾਹਰ ਬੈਠ ਕੇ ਪਹਿਰਾ ਦਿੰਦਾ ਹਾਂ।ਤੁਸੀਂ ਬੱਚੇ ਸਮੇਤ ਕੁੱਝ ਦੇਰ ਲਈ ਸੌਂ ਜਾਵੋ।ਤੁਹਾਡੇ ਸ਼ਰੀਰਾਂ ਨੂੰ ਕੁੱਝ ਆਰਾਮ ਮਿਲ ਜਾਵੇਗਾ।"

ਦਾਨਵ ਗੁਫ਼ਾ ਦੇ ਦਰਵਾਜੇ ਕੋਲ ਇਸ ਤਰ੍ਹਾਂ ਬੈਠ ਗਿਆ ਕਿ ਕੋਈ ਜਾਨਵਰ ਗੁਫ਼ਾ ਦੇ ਅੰਦਰ ਨਾ ਵੜ੍ਹ ਸਕੇ।ਸਿਰਜੂ ਬੱਚੇ ਨੂੰ ਗੋਦ ਵਿੱਚ ਲੈ ਕੇ ਗੁਫ਼ਾ ਦੀ ਦੀਵਾਰ ਨਾਲ ਢੋਹ ਲਾ ਕੇ ਬੈਠ ਗਿਆ ਅਤੇ ਸੌਣ ਦੀ ਕੋਸ਼ਿਸ਼ ਕਰਨ ਲੱਗਾ।ਲੂੰਬੜ ਵੀ ਨਿੱਸਲ ਹੋ ਕੇ ਬੈਠ ਗਿਆ।

ਦਾਨਵ ਗੁਫ਼ਾ ਦੇ ਬਾਹਰ ਬੈਠ ਕੇ ਸਸਤਾਉਣ ਲੱਗਾ।ਕੁੱਝ ਦੇਰ ਬਾਅਦ ਦਾਨਵ ਨੇ ਦੇਖਿਆ ਕਿ ਸਾਹਮਣੇ ਵਾਲੇ ਦਰੱਖ਼ਤਾਂ ਦੇ ਪਿੱਛੇ ਖੜ੍ਹੋ ਕੇ ਕੋਈ ਉਸ ਨੂੰ ਇਸ਼ਾਰੇ ਨਾਲ ਆਪਣੇ ਵੱਲ ਬੁਲਾ ਰਿਹਾ ਹੈ।

ਦਾਨਵ ਨੇ ਸਿਰਜੂ ਅਤੇ ਲੂੰਬੜ ਵੱਲ ਦੇਖਿਆ।ਉਹ ਦੋਵੇਂ ਗਹਿਰੀ ਨੀਂਦ ਸੌਂ ਰਹੇ ਸਨ।ਦਾਨਵ ਉੱਠ ਕੇ ਦਰੱਖ਼ਤਾਂ ਵੱਲ ਚਲਾ ਗਿਆ।ਦਰੱਖ਼ਤਾਂ ਦੇ ਪਿੱਛੇ ਇੱਕ ਬਜ਼ੁਰਗ ਇਨਸਾਨ ਖੜ੍ਹਾ ਸੀ।

ਉਸ ਇਨਸਾਨ ਨੇ ਦਾਨਵ ਨੂੰ ਕਿਹਾ: "ਮੇਰੇ ਕੋਲ ਬੇਅੰਤ ਸ਼ਕਤੀਆਂ ਹਨ।ਓਸ ਬੱਚੇ ਨੂੰ ਮੇਰੇ ਹਵਾਲੇ ਕਰਦੇ ਬਦਲੇ ਵਿੱਚ ਮੈਂ ਆਪਣੀਆਂ ਸਾਰੀਆਂ ਸ਼ਕਤੀਆਂ ਤੈਨੂੰ ਦੇ ਦੇਵਾਂਗਾ।**ਤ੍ਰਿਲੋਕੀ ਜੀ** ਦੀ ਤਪੱਸਿਆ ਦੇ ਕਾਰਨ ਮੇਰੇ ਕੋਲ ਅਜਿਹੇ ਵਰਦਾਨ ਹਨ ਜਿਹਨਾ ਨਾਲ ਤੂੰ ਇਸ ਜੰਗਲ ਵਿੱਚ ਅਸੁਰਾਂ ਉੱਤੇ ਰਾਜ ਕਰ ਸਕਦਾ ਹੈਂ।ਜੇ ਯਕੀਨ ਨਹੀਂ ਆਉਂਦਾ ਤਾਂ ਮੈਂ ਤੈਨੂੰ ਸਾਰਾ-ਕੁੱਝ ਦਿਖਾ ਸਕਦਾ ਹਾਂ।"

ਇਹ ਗੱਲ ਕਹਿਣ ਤੋਂ ਬਾਅਦ ਬਜ਼ੁਰਗ ਨੇ ਆਪਣੀ ਹਥੇਲੀ ਦਾਨਵ ਦੀਆਂ ਅੱਖਾਂ ਅੱਗੇ ਕਰ ਦਿੱਤੀ। ਦਾਨਵ ਬਜ਼ੁਰਗ ਦੇ ਹੱਥ ਵੱਲ ਦੇਖਦਾ ਉਸ ਤੋਂ ਪਹਿਲਾਂ ਹੀ ਲੂੰਬੜ ਉਹਨਾ ਦੇ ਕੋਲ ਪਹੁੰਚ ਚੁੱਕਾ ਸੀ।

ਲੂੰਬੜ ਨੇ ਦਾਨਵ ਨੂੰ ਕਿਹਾ: "ਜੇ ਬਚਣਾ ਹੈ ਤਾਂ ਇਸ ਦੇ ਹੱਥ ਵੱਲ ਬਿਲਕੁੱਲ ਨਾ ਦੇਖੀਂ। ਮੇਰੇ ਦਾਦਾ ਜੀ ਦੀ ਕਹਾਣੀ ਅਨੁਸਾਰ ਇਹ ਇੱਕ ਮਾਇਆਵੀ ਜਾਦੂਗਰ ਹੈ। ਇਹ ਆਪਣੇ ਜਾਦੂ ਨਾਲ ਇਨਸਾਨਾਂ ਅਤੇ ਜਾਨਵਰਾਂ ਦੇ ਦਿਲ ਦੀਆਂ ਇਛਾਵਾਂ ਨੂੰ ਪੜ੍ਹ ਸਕਦਾ ਹੈ। ਸਾਹਮਣੇ ਵਾਲੇ ਦੇ ਦਿਲ ਨੂੰ ਪੜ੍ਹਣ ਤੋਂ ਬਾਅਦ ਇਹ ਆਪਣੇ ਜਾਦੂ ਨਾਲ ਉਸ ਦੀਆਂ ਇਛਾਵਾਂ ਨੂੰ ਫਿਰ ਆਪਣੀ ਹਥੇਲੀ ਉੱਤੇ ਉਹਨਾ ਦੇ ਅੱਗੇ ਕਰ ਦਿੰਦਾ ਹੈ।"

ਲੂੰਬੜ ਨੇ ਦਾਨਵ ਨੂੰ ਦੱਸਿਆ: "ਪੁਰਾਤਨ ਯੁੱਗ ਵਿੱਚ ਜਦੋਂ **ਨਾਰਦ ਮੁਨੀ ਜੀ** ਅਤੇ **ਨੰਦੀ** ਇਸ ਗੁਫ਼ਾ ਵਿੱਚ ਰਹਿ ਕੇ ਅਸੁਰਾਂ ਨਾਲ ਲੜਾਈ ਕਰ ਰਹੇ ਸਨ ਤਾਂ ਇੱਕ ਸਮਾਂ ਅਜਿਹਾ ਆਇਆ ਜਦੋਂ ਉਹ ਦੋਵੇਂ ਬੁਰੀ ਤਰ੍ਹਾਂ ਥੱਕ ਗਏ। ਉਹਨਾ ਨੂੰ ਆਰਾਮ ਦੀ ਸਖ਼ਤ ਜਰੂਰਤ ਮਹਿਸੂਸ ਹੋਈ। ਉਹਨਾ ਨੇ ਮੱਦਦ ਲਈ ਪਤਾਲ ਲੋਕ ਵਿੱਚ ਸੁਨੇਹਾ ਭੇਜਿਆ। **ਨਾਰਦ ਜੀ** ਅਤੇ **ਨੰਦੀ** ਭੁੱਖ ਅਤੇ ਥਕਾਵਟ ਨੂੰ ਸ਼ਾਂਤ ਕਰਕੇ ਲੜਾਈ ਜਾਰੀ ਰੱਖਣਾ ਚਾਹੁੰਦੇ ਸਨ ਤਾਂ ਜੋ ਅਸੁਰਾਂ ਨੂੰ ਖ਼ਤਮ ਕਰਨ ਵਿੱਚ ਕਾਮਯਾਬ ਹੋ ਜਾਣ।"

ਲੂੰਬੜ ਨੇ ਆਪਣੇ ਦਾਦਾ ਜੀ ਦੀ ਕਹਾਣੀ ਅਨੁਸਾਰ ਦਾਨਵ ਨੂੰ ਦੱਸਿਆ: "ਓਸ ਸਮੇਂ ਜੰਗਲ ਵਿੱਚ ਇੱਕ ਪੰਡਿਤ **ਤ੍ਰਿਲੋਕੀ ਜੀ** ਦੇ ਅਘੋਰੀ ਰੂਪ ਦੀ ਅਰਾਧਨਾ ਕਰ ਰਿਹਾ ਸੀ। **ਨਾਰਦ ਜੀ** ਅਤੇ **ਨੰਦੀ** ਦੇ ਇਸ ਗੁਫ਼ਾ ਵਿੱਚ ਰਹਿਣ ਕਾਰਨ ਅਸੁਰ ਉਸ ਪੰਡਿਤ ਦੀ ਤਪੱਸਿਆ ਨੂੰ ਭੰਗ ਨਾ ਕਰ ਸਕੇ। ਪੰਡਿਤ ਤਪੱਸਿਆ ਨੂੰ ਪੂਰਾ ਕਰਨ ਵਿੱਚ ਕਾਮਯਾਬ ਹੋ ਗਿਆ।"

(ਲੂੰਬੜ ਦੇ ਦਾਦਾ ਜੀ ਦੀ ਕਹਾਣੀ ਅਨੁਸਾਰ) ਪੰਡਿਤ ਦੀ ਤਪੱਸਿਆ ਪੂਰੀ ਹੋਣ ਤੋਂ ਬਾਅਦ **ਤ੍ਰਿਲੋਕੀ ਜੀ** ਨੇ ਪੰਡਿਤ ਨੂੰ ਪੁੱਛਿਆ: "ਦੱਸ ਬੱਚਾ! ਤੇਰੀ ਕੀ ਮਨਸ਼ਾ ਹੈ? ਤੂੰ ਆਪਣੀ ਤਪੱਸਿਆ ਦੇ ਫ਼ਲਸਵਰੂਪ ਕੀ ਚਾਹੁੰਦਾ ਹੈਂ?"

(ਲੂੰਬੜ ਨੇ ਦੱਸਿਆ) ਓਸ ਪੰਡਿਤ ਨੇ **ਤ੍ਰਿਲੋਕੀ ਜੀ** ਨੂੰ ਜਵਾਬ ਦਿੱਤਾ: "ਮਹਾਰਾਜ! ਮੈਨੂੰ ਅਜਿਹਾ ਵਰਦਾਨ ਦਿਓ! ਜਿਸ ਨਾਲ ਮੈਂ ਹਰ ਉਸ ਇਨਸਾਨ ਜਾਂ ਜਾਨਵਰ ਦੇ ਦਿਲ ਦੀ ਇੱਛਾ ਨੂੰ ਜਾਣ ਸਕਾਂ ਜੋ ਮੇਰੇ ਸਾਹਮਣੇ ਹੋਵੇ!!"

ਲੂੰਬੜ ਨੇ ਦਾਨਵ ਨੂੰ ਅੱਗੇ ਦੱਸਿਆ: "**ਤ੍ਰਿਲੋਕੀ ਜੀ** ਦੇ ਅਘੋਰੀ ਰੂਪ ਤੋਂ ਇਹ ਜਾਦੂਮਈ ਵਰਦਾਨ ਪ੍ਰਾਪਤ ਕਰਨ ਤੋਂ ਬਾਅਦ ਪੰਡਿਤ ਆਪਣੇ ਸਾਹਮਣੇ ਆਉਣ ਵਾਲੇ ਦੀ ਇੱਛਾ ਨੂੰ ਪੜ੍ਹਦਾ ਅਤੇ ਉਸਦੇ ਲਾਲਚ ਨੂੰ ਆਪਣੇ ਫ਼ਾਇਦੇ ਵਿੱਚ ਬਦਲ ਲੈਂਦਾ।ਮੈਨੂੰ ਲੱਗਦਾ ਹੈ ਕਿ ਇਹ ਬਜ਼ੁਰਗ ਇਨਸਾਨ ਓਹੀ ਪੰਡਿਤ ਹੈ।ਇਸ ਦੀ ਉਮਰ ਕਿਵੇਂ ਵਧੀ ਅਤੇ ਇਸ ਕੋਲ ਹੋਰ ਕੀ ਕੀ ਵਰਦਾਨ ਹਨ ਉਹ ਕਹਾਣੀ ਮੈਂ ਤੈਨੂੰ ਬਾਅਦ ਵਿੱਚ ਦੱਸਾਂਗਾ।ਇਸ ਸਮੇਂ ਤੂੰ ਮੇਰੇ ਨਾਲ ਗੁਫ਼ਾ ਵਿੱਚ ਵਾਪਿਸ ਚੱਲ। "

ਲੂੰਬੜ ਵੱਲ ਦੇਖ ਕੇ ਉਸ ਬਜ਼ੁਰਗ ਇਨਸਾਨ ਨੂੰ ਝਟਕਾ ਜਿਹਾ ਲੱਗਾ ਕਿਉਂਕਿ ਉਹ ਲੂੰਬੜ ਦੇ ਦਿਲ ਦੀ ਇੱਛਾ ਨੂੰ ਪੜ੍ਹ ਨਹੀਂ ਸੀ ਸਕਿਆ।ਉਸਨੇ **ਵਿਸ਼ਨੂੰ ਜੀ** ਨੂੰ ਪੁਕਾਰਨਾ ਸ਼ੁਰੂ ਕਰ ਦਿੱਤਾ।ਚਾਰ-ਸੌ ਸਾਲ ਕਾਲ ਰਹਿਤ ਰਹਿਣ ਦਾ ਵਰਦਾਨ ਉਸ ਨੇ **ਵਿਸ਼ਨੂੰ ਜੀ** ਦੀ ਤਪੱਸਿਆ ਕਰ ਕੇ ਹੀ ਹਾਸਿਲ ਕੀਤਾ ਸੀ।ਜਲਦੀ ਹੀ ਉਸ ਦੇ ਕੰਨਾਂ ਵਿੱਚ **ਵਿਸ਼ਨੂੰ ਜੀ** ਦੀ ਆਵਾਜ਼ ਪਈ। "

ਬਜ਼ੁਰਗ ਇਨਸਾਨ ਨੇ **ਵਿਸ਼ਨੂੰ ਜੀ** ਨੂੰ ਕਿਹਾ: "ਹੇ ਸਵਾਮੀ! ਮੇਰੇ ਨਾਲ **ਤ੍ਰਿਲੋਕੀ ਜੀ** ਦੇ ਅਘੋਰੀ ਰੂਪ ਨੇ ਧੋਖਾ ਕੀਤਾ ਹੈ।ਮੈਨੂੰ ਅੱਜ ਇੱਕ ਲੂੰਬੜ ਦਿੱਸਿਆ ਪਰ ਮੈਂ ਉਸ ਦੇ ਦਿਲ ਦੀ ਇੱਛਾ ਨੂੰ ਪੜ੍ਹ ਨਾ ਸਕਿਆ!!"

ਵਿਸ਼ਨੂੰ ਜੀ ਨੇ ਬਜ਼ੁਰਗ ਇਨਸਾਨ ਨੂੰ ਜਵਾਬ ਦਿੱਤਾ: "ਤੇਰੇ ਕੋਲ ਵਰਦਾਨ ਸਿਰਫ਼ ਇਨਸਾਨਾਂ ਅਤੇ ਜਾਨਵਰਾਂ ਦੇ ਦਿਲ ਦੀਆਂ ਇਛਾਵਾਂ ਨੂੰ ਪੜ੍ਹਣ ਦਾ ਹੈ। ਇਸ ਸਮੇਂ ਲੂੰਬੜ ਨਾ ਇਨਸਾਨ ਹੈ ਅਤੇ ਨਾ ਹੀ ਜਾਨਵਰ। ਇਹ ਹੀ ਕਾਰਨ ਹੈ ਕਿ ਤੂੰ ਇਸ ਸਮੇਂ ਲੂੰਬੜ ਦੇ ਦਿਲ ਨੂੰ ਨਹੀਂ ਪੜ੍ਹ ਸਕਦਾ। **ਤ੍ਰਿਲੋਕੀ** ਦਾ ਇਸ ਗੱਲ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਯਾਦ ਰੱਖ ਇਹ ਦੂਜਾ ਮੌਕਾ ਹੈ, ਜਦੋਂ ਤੂੰ **ਤ੍ਰਿਲੋਕੀ** ਦੇ ਵਰਦਾਨਾਂ ਬਾਰੇ ਪੁੱਛਣ ਲਈ ਬੁਲਾਇਆ ਹੈ। ਤੀਜੀ ਵਾਰ ਇਹ ਗਲਤੀ ਨਹੀਂ ਹੋਣੀ ਚਾਹੀਦੀ ਵਰਨਾ ਅਘੋਰੀ ਦੇ ਵਰਦਾਨ ਦੀ ਕਾਟ ਹੋ ਜਾਵੇਗੀ।"

ਲੂੰਬੜ ਨੇ ਕਹਾਣੀ ਸੁਣਾ ਕੇ ਦਾਨਵ ਨੂੰ ਉਸ ਬਜੁਰਗ ਕੋਲੋਂ ਬਚਾ ਲਿਆ। ਗੁਫ਼ਾ ਵਿੱਚ ਪਹੁੰਚ ਕੇ ਲੂੰਬੜ ਨੇ ਦਾਨਵ ਨੂੰ ਕਿਹਾ: "ਜੇ ਤੈਨੂੰ ਕੁੱਝ ਹੋ ਜਾਂਦਾ ਫਿਰ ਇਸ ਬੱਚੇ ਦਾ ਕੀ ਬਣਦਾ? ਜੇ ਬੌਣੇ ਨੇ ਤੇਰੇ ਉੱਤੇ ਵਿਸ਼ਵਾਸ ਕਰ ਹੀ ਲਿਆ ਹੈ ਤਾਂ ਇਸ ਵਿਸ਼ਵਾਸ ਨੂੰ ਕਾਇਮ ਹੀ ਰਹਿਣ ਦੇ। ਇਸੇ ਵਿੱਚ ਤੇਰੀ ਭਲਾਈ ਹੈ। ਤੂੰ ਗੁਫ਼ਾ ਦੇ ਅੰਦਰ ਹੀ ਬੈਠ। ਗੁਫ਼ਾ ਦੇ ਬਾਹਰ ਮੈਂ ਬੈਠਦਾ ਹਾਂ ਮਤਾ ਤੇਰੇ ਦਰਸ਼ਣ ਹੀ ਨਾ ਹੋਣ॥"



# ਅਧਿਆਏ

# 20

## ਮੋਰ ਅਤੇ

## ਇੱਛਿਆਧਾਰੀ ਸੱਪ

# 20. ਮੋਰ ਅਤੇ ਇੱਛਿਆਧਾਰੀ ਸੱਪ

ਪਹਿਲੀ ਗੁਫ਼ਾ ਵਿੱਚ ਭੇੜੀਏ, ਬੌਣੇ ਅਤੇ ਅਸੁਰਾਂ ਵਿਚਕਾਰ ਘਮਾਸਾਨ ਯੁੱਧ ਜਾਰੀ ਸੀ।ਭੇੜੀਆ ਜਖਮੀ ਹੋ ਚੁੱਕਾ ਸੀ।ਉਸ ਨੂੰ ਜਮੀਨ ਉੱਤੇ ਡਿੱਗਾ ਦੇਖ ਕੇ ਇੰਜ ਲੱਗਦਾ ਸੀ ਜਿਵੇਂ ਭੇੜੀਏ ਦੀ ਮੌਤ ਨਜਦੀਕ ਆ ਚੁੱਕੀ ਹੋਵੇ।ਭੇੜੀਏ ਦੀ ਹਾਲਤ ਜਿਆਦਾ ਖ਼ਰਾਬ ਹੋ ਚੁੱਕੀ ਸੀ।

ਭੇੜੀਏ ਨੇ ਬੌਣੇ ਨੂੰ ਕਿਹਾ: "ਇੰਜ ਮਹਸੂਸ ਹੋ ਰਿਹਾ ਹੈ ਜਿਵੇਂ ਮੇਰਾ ਅੰਤਿਮ ਸਮਾਂ ਨਜਦੀਕ ਆ ਗਿਆ ਹੈ।ਮੈਂ ਗੁਫ਼ਾ ਵਿੱਚ ਅਸੁਰਾਂ ਨੂੰ ਰੋਕਣ ਦੀ ਕੋਸ਼ਿਸ਼ ਕਰਦਾ ਹਾਂ! ਤੂੰ ਸਿਰਜੂ ਅਤੇ ਬੱਚੇ ਦੇ ਪਿੱਛੇ ਚਲਾ ਜਾ।ਤੂੰ ਹੀ ਕਿਹਾ ਸੀ ਕਿ ਬੱਚੇ ਦਾ ਜੰਗਲ ਦੇ ਓਸ ਕੋਨੇ ਵਿੱਚ ਪਹੁੰਚਣਾ ਬਹੁਤ ਜਰੂਰੀ ਹੈ।ਮੈਂ ਆਪਣੇ ਆਖ਼ਿਰੀ ਸਾਹਾਂ ਤੱਕ ਇਹਨਾ ਅਸੁਰਾਂ ਨਾਲ ਲੜਦਾ ਰਹਾਂਗਾ।ਤੂੰ ਬੱਚੇ ਨੂੰ ਜੰਗਲ ਦੇ ਓਸ ਕੋਨੇ ਵਿੱਚ ਪਹੁੰਚਾ ਕੇ ਵਾਪਿਸ ਆ ਜਾਵੀਂ।ਜੇ ਮੈਂ ਜਿਊਂਦਾ ਰਿਹਾ ਤਾਂ ਠੀਕ ਹੈ! ਜੇ ਮਰ ਗਿਆ ਫਿਰ ਤਾਂ ਜੋ ਹੋਣਾ ਹੈ ਸੋ ਹੋਣਾ ਹੀ ਹੈ।"

ਬੌਣੇ ਨੇ ਭੇੜੀਏ ਨੂੰ ਜਵਾਬ ਦਿੱਤਾ: "ਬੱਸ ਥੋੜ੍ਹੀ-ਜਿਹੀ ਦੇਰ ਹੋਰ ਹਿੰਮਤ ਰੱਖ! ਅਸੀਂ ਦੋਵੇਂ ਹੀ ਸਿਰਜੂ ਅਤੇ ਬੱਚੇ ਦੇ ਪਿੱਛੇ ਜਾਵਾਂਗੇ।ਕੁੱਝ ਨਹੀਂ ਹੁੰਦਾ ਤੈਨੂੰ! ਅਜੇ ਤੇਰੇ ਕੋਲ ਭਗਤੀ ਵਾਲੀ ਦੌਲਤ ਭਰਪੂਰ ਮਾਤਰਾ ਵਿੱਚ ਮੌਜੂਦ ਹੈ।"

ਬੌਣਾ ਇਕੱਲਾ ਹੀ ਅਸੁਰਾਂ ਨਾਲ ਲੜਾਈ ਵੀ ਕਰ ਰਿਹਾ ਸੀ ਅਤੇ ਭੇੜੀਏ ਦੇ ਜ਼ਖਮਾਂ ਨੂੰ ਠੀਕ ਕਰਨ ਦੀ ਕੋਸ਼ਿਸ਼ ਵੀ ਕਰ ਰਿਹਾ ਸੀ।ਕੁੱਝ ਹੀ ਦੇਰ ਬਾਅਦ ਇੱਕ ਮੋਰ ਗੁਫ਼ਾ ਦੇ ਅੰਦਰ ਆਇਆ।ਗੁਫ਼ਾ ਦੇ ਅੰਦਰ ਪਹੁੰਚ ਕੇ ਮੋਰ ਨੇ ਵੀ ਬੌਣੇ ਦਾ ਰੂਪ ਲੈ ਲਿਆ।ਇਹ ਬੌਣਾ ਪਹਿਲੇ ਬੌਣੇ ਤੋਂ ਥੋੜ੍ਹਾ-ਜਿਹਾ ਅਲੱਗ ਸੀ।ਇਸ ਬੌਣੇ ਦੇ ਸਿਰ

ਉੱਤੇ ਇੱਕ ਰੰਗ-ਬਰੰਗਾਂ ਮੁਕਟ ਸੀ।ਮੁਕਟ ਵਿੱਚ ਵੱਖੋ-ਵੱਖਰੇ ਰੰਗਾਂ ਦੇ ਹੀਰੇ ਜੜੇ ਹੋਏ ਸਨ।ਹਰ ਹੀਰੇ ਵਿੱਚੋਂ ਵੱਖਰੀ ਤਰ੍ਹਾਂ ਦੀ ਰੌਸ਼ਨੀ ਦਿਖਾਈ ਦੇ ਰਹੀ ਸੀ।

ਉਸ ਬੌਣੇ ਨੂੰ ਦੇਖ ਕੇ ਅਸੁਰ ਗੁਫ਼ਾ ਵਿੱਚੋਂ ਬਾਹਰ ਭੱਜ ਗਏ।ਉਹ ਦੌੜ੍ਹਦੇ ਹੋਏ ਕਹਿ ਰਹੇ ਸਨ: "ਸਾਡਾ ਇੰਤਜਾਰ ਕਰਨਾ! ਅਸੀਂ ਜਲਦੀ ਹੀ ਵਾਪਿਸ ਆਵਾਂਗੇ।ਇਹ ਨਾ ਸੋਚ ਲੈਣਾ ਕਿ ਅਸੀਂ ਡਰ ਕੇ ਭੱਜ ਗਏ।ਆਪਣੇ ਗੁਰੂ ਨੂੰ ਨਾਲ ਲੈ ਕੇ ਗੁਫ਼ਾ ਵਿੱਚ ਵਾਪਿਸ ਆਵਾਂਗੇ।"

ਅਸੁਰਾਂ ਦੀਆਂ ਗੱਲਾਂ ਸੁਣ ਕੇ ਬੌਣਾ ਮੁਸਕਰਾ ਪਿਆ।ਫ਼ਿਰ ਬੌਣੇ ਦੇ ਸ਼ਰੀਰ ਵਿੱਚੋਂ ਇੱਕ ਸੁਨਿਹਰੀ ਕਿਰਨ ਨਿੱਕਲੀ ਅਤੇ ਭੇੜੀਏ ਦੇ ਸ਼ਰੀਰ ਨਾਲ ਟਕਰਾ ਗਈ।ਉਸ ਸੁਨਿਹਰੀ ਕਿਰਨ ਨਾਲ ਭੇੜੀਏ ਦੇ ਜ਼ਖਮ ਬਿਲਕੁੱਲ ਠੀਕ ਹੋ ਗਏ ਅਤੇ ਉਹ ਉੱਠ ਕੇ ਖੜ੍ਹਾ ਹੋ ਗਿਆ।

ਮੁਕਟ ਵਾਲੇ ਬੌਣੇ ਨੇ ਦੂਸਰੇ ਬੌਣੇ ਨੂੰ ਕਿਹਾ: "ਤੂੰ ਭੇੜੀਏ ਨੂੰ ਨਾਲ ਲੈ ਕੇ ਸਿਰਜੂ ਅਤੇ ਬੱਚੇ ਦੇ ਪਿੱਛੇ ਚਲਾ ਜਾ!ਇਹਨਾ ਅਸੁਰਾਂ ਨੂੰ ਮੈਂ ਦੱਸਦਾ ਹਾਂ ਕਿ ਸਾਡੇ ਨਾਲ ਪੰਗਾ ਲੈਣ ਦਾ ਨਤੀਜਾ ਕੀ ਹੁੰਦਾ ਹੈ।ਤੁਸੀਂ ਜਲਦੀ ਜਾਓ! ਬੱਚੇ ਦਾ ਚੂੜੀ ਸਮੇਤ ਜੰਗਲ ਦੇ ਓਸ ਹਿੱਸੇ ਵਿੱਚ ਪਹੁੰਚਣਾ ਬਹੁਤ ਜਰੂਰੀ ਹੈ।ਜੇ ਇਹ ਕੰਮ ਸਿਰੇ ਨਾ ਲੱਗਾ ਤਾ ਭੇੜੀਆ ਮੁੜ ਇਨਸਾਨ ਨਹੀਂ ਬਣ ਸਕੇਗਾ।ਬਹੁਤ ਮਿਹਨਤ ਕੀਤੀ ਹੈ ਇਸ ਨੇ।ਮੈਂ ਨਹੀਂ ਚਾਹੁੰਦਾ ਕਿ ਭੇੜੀਏ ਦੀ ਮਿਹਨਤ ਵਿਅਰਥ ਚਲੀ ਜਾਵੇ।"

ਮੁਕਟ ਵਾਲੇ ਬੌਣੇ ਦੀ ਗੱਲ ਸੁਣ ਕੇ ਭੇੜੀਆ ਗੁਫ਼ਾ ਵਿੱਚੋਂ ਬਾਹਰ ਨਿੱਕਲ ਗਿਆ।ਪਹਿਲੇ ਬੌਣੇ ਨੇ ਤੋਤੇ ਦਾ ਰੂਪ ਧਾਰਨ ਕੀਤਾ ਅਤੇ ਫਿਰ ਉਹ ਵੀ ਭੇੜੀਏ ਦੇ ਨਾਲ ਹੀ ਗੁਫ਼ਾ ਵਿੱਚੋਂ ਬਾਹਰ ਨਿੱਕਲ ਆਇਆ।

ਤੋਤਾ ਅਤੇ ਭੇੜੀਆ ਹੁਣ ਗੁਫ਼ਾ ਤੋਂ ਬਾਹਰ ਆ ਚੁੱਕੇ ਸਨ। ਭੇੜੀਏ ਨੇ ਬਹੁਤ ਤੇਜੀ ਨਾਲ ਜੰਗਲ ਦੇ ਓਸ ਹਿੱਸੇ ਵੱਲ ਦੌੜਣਾ ਸ਼ੁਰੂ ਕੀਤਾ ਜਿਸ ਜਗ੍ਹਾ ਤੇ ਉਹਨਾ ਨੇ ਬੱਚੇ ਨੂੰ ਲੈ ਕੇ ਪਹੁੰਚਣਾ ਸੀ। ਤੋਤਾ ਵੀ ਭੇੜੀਏ ਦੇ ਨਾਲ-ਨਾਲ ਹੀ ਉੱਡ ਰਿਹਾ ਸੀ। ਇਸੇ ਤਰ੍ਹਾਂ ਰਾਤ ਬੀਤ ਗਈ।

ਦੂਜੀ ਗੁਫ਼ਾ ਵਿੱਚ ਦਾਨਵ ਨੇ ਲੂੰਬੜ ਅਤੇ ਸਿਰਜੂ ਨੂੰ ਕਿਹਾ: "ਚੱਲੋ ਅੱਗੇ ਦਾ ਸਫ਼ਰ ਸ਼ੁਰੂ ਕਰਦੇ ਹਾਂ!!"

ਸਿਰਜੂ ਨੇ ਦਾਨਵ ਦੀ ਹਾਂ-ਵਿੱਚ-ਹਾਂ ਮਿਲਾਈ ਅਤੇ ਬੱਚੇ ਨੂੰ ਗੋਦ ਵਿੱਚ ਚੁੱਕ ਕੇ ਗੁਫ਼ਾ ਵਿੱਚੋਂ ਬਾਹਰ ਨਿੱਕਲ ਆਇਆ। ਲੂੰਬੜ ਸਭ ਤੋਂ ਅੱਗੇ ਤੁਰਨ ਲੱਗਾ ਅਤੇ ਦਾਨਵ ਸਭ ਤੋਂ ਪਿੱਛੇ। ਗੁਫ਼ਾ ਕਾਫੀ ਪਿੱਛੇ ਰਹਿ ਚੁੱਕੀ ਸੀ। ਅਚਾਨਕ ਆਕਾਸ਼ ਵਿੱਚ ਬੱਦਲ-ਹੀ-ਬੱਦਲ ਦਿਖਾਈ ਦੇਣ ਲੱਗੇ। ਇੰਜ ਲੱਗਦਾ ਸੀ ਜਿਵੇਂ ਕੋਈ ਭਿਆਨਕ ਤੂਫ਼ਾਨ ਆਉਣ ਵਾਲਾ ਹੋਵੇ।

ਦਾਨਵ ਨੇ ਲੂੰਬੜ ਅਤੇ ਸਿਰਜੂ ਨੂੰ ਕਿਹਾ: "ਅਸੁਰਾਂ ਦੀਆਂ ਰੂਹਾਂ ਅਤੇ ਉਹਨਾ ਦੇ ਗੁਰੂ ਨੇ ਸਾਨੂੰ ਘੇਰਾ ਪਾ ਲਿਆ ਹੈ। ਮੇਰੇ ਕੋਲ ਇਹਨਾ ਬਲਾਵਾਂ ਤੋਂ ਬਚਣ ਦਾ ਕੋਈ ਪੱਕਾ ਤਰੀਕਾ ਨਹੀਂ ਹੈ। ਇਹਨਾ ਨੂੰ ਸਿਰਫ਼ ਕੁੱਝ ਦੇਰ ਲਈ ਰੋਕਿਆ ਹੀ ਜਾ ਸਕਦਾ ਹੈ। ਉਸ ਕੋਸ਼ਿਸ਼ ਵਿੱਚ ਮੈਂ ਕਾਮਯਾਬ ਹੋਵਾਂਗਾ ਜਾਂ ਨਹੀਂ ਇਸ ਬਾਰੇ ਅਜੇ ਕੁੱਝ ਕਿਹਾ ਨਹੀਂ ਜਾ ਸਕਦਾ। ਤੁਸੀਂ ਦੋਵੇਂ ਬੱਚੇ ਨੂੰ ਨਾਲ ਲੈ ਕੇ ਅੱਗੇ ਨਿੱਕਲ ਜਾਓ। "

ਸਿਰਜੂ ਅਤੇ ਲੂੰਬੜ ਨੂੰ ਇਹ ਗੱਲ ਕਹਿਣ ਤੋਂ ਬਾਅਦ ਦਾਨਵ ਨੇ ਆਕਾਸ਼ ਵੱਲ ਮੂੰਹ ਕਰਕੇ ਕਿਹਾ: "ਹੇ ਮਾਂ ਮੈਨੂੰ ਮਾਫ਼ ਕਰ ਦੇ! ਮੈਂ ਤੇਰੀ ਸਾਰੀ ਭਗਤੀ ਸੱਚਾਈ ਤੋਂ ਭੱਜਣ ਵਿੱਚ ਹੀ ਗੁਆ ਦਿੱਤੀ। ਅਸੁਰਾਂ ਕੋਲੋਂ ਬਦਲਾ ਲੈਣ ਅਤੇ ਇਹਨਾ ਉੱਤੇ ਰਾਜ ਕਰਨ ਦੇ ਚੱਕਰ ਵਿੱਚ ਮੈਂ ਤੇਰੇ ਦਿਖਾਏ ਰਸਤੇ ਨੂੰ ਭੁੱਲ ਗਿਆ। ਪਹਿਲੀ ਵਾਰ ਸੱਚਾਈ

ਅਤੇ ਨੇਕੀ ਦੇ ਰਾਹ ਉੱਤੇ ਚੱਲਣ ਵਾਲੇ ਲੋਕਾਂ ਦਾ ਸਾਥ ਦੇ ਰਿਹਾ ਹਾਂ। ਇਹਨਾ ਨੂੰ ਬਚਾਉਣ ਵਿੱਚ ਮੇਰੀ ਮੱਦਦ ਕਰ!"

ਦਾਨਵ ਦੀ ਦੁਆ ਸੁਣ ਕੇ ਲੂੰਬੜ ਨੂੰ ਆਪਣੇ ਦਾਦਾ ਜੀ ਦੀ ਕਹਾਣੀ ਦਾ ਅਗਲਾ ਪਾਤਰ ਯਾਦ ਆ ਗਿਆ। ਉਸ ਨੇ ਸਿਰਜੂ ਅਤੇ ਦਾਨਵ ਨੂੰ ਕਿਹਾ: "ਮੇਰੇ ਦਾਦਾ ਜੀ ਦੀ ਕਹਾਣੀ ਦੇ ਅਨੁਸਾਰ ਇਹਨਾ ਬੱਦਲਾਂ ਦੀ ਕਾਟ ਇੱਕ ਇੱਛਿਆਧਾਰੀ ਸੱਪ ਕੋਲ ਹੈ। ਜਿਸਦਾ ਨਿਵਾਸ ਇਸ ਜਗ੍ਹਾ ਦੇ ਨੇੜੇ-ਤੇੜੇ ਹੀ ਹੋਣਾ ਚਾਹੀਦਾ ਹੈ। ਕਹਾਣੀ ਅਨੁਸਾਰ ਇੱਕ ਅਸੁਰ ਨੇ ਤਪੱਸਵੀ ਦਾ ਰੂਪ ਧਾਰਨ ਕੀਤਾ ਅਤੇ ਇਸ ਜੰਗਲ ਵਿੱਚ **ਵਿਸ਼ਨੂੰ ਦੀ** ਅਰਾਧਨਾ ਸ਼ੁਰੂ ਕਰ ਦਿੱਤੀ।"

ਲੂੰਬੜ ਨੇ ਕਹਾਣੀ ਅਨੁਸਾਰ ਅੱਗੇ ਦੱਸਿਆ: "ਉਸ ਅਸੁਰ ਕੋਲ ਪਹਿਲਾਂ ਹੀ **ਤ੍ਰਿਲੋਕੀ ਜੀ** ਦੇ ਕਾਫੀ ਵਰਦਾਨ ਸਨ। ਉਹਨਾ ਵਰਦਾਨਾਂ ਦੇ ਕਾਰਨ ਉਹ ਛੇਤੀ ਹੀ ਸਮਾਧੀ ਵਿੱਚ ਲੀਨ ਹੋ ਗਿਆ। ਉਸ ਵੇਲੇ **ਨਾਰਦ ਮੁਨੀ ਤ੍ਰਿਲੋਕੀ ਜੀ** ਦਾ ਕੋਈ ਸੰਦੇਸ਼ ਲੈ ਕੇ ਪਤਾਲ ਲੋਕ ਜਾ ਰਹੇ ਸਨ। ਜਦੋਂ ਉਹ ਇਸ ਜੰਗਲ ਨੂੰ ਪਾਰ ਕਰਨ ਲੱਗੇ ਤਾਂ ਉਹਨਾ ਦੇ ਕੰਨਾਂ ਵਿੱਚ **ਵਿਸ਼ਨੂੰ ਜੀ** ਦੇ ਜਾਪ ਦੀ ਆਵਾਜ਼ ਪਈ। **ਨਾਰਦ ਮੁਨੀ** ਆਵਾਜ਼ ਦਾ ਪਿੱਛਾ ਕਰਦਾ ਹੋਏ ਇਸ ਜਗ੍ਹਾ ਤੇ ਪਹੁੰਚ ਗਏ। ਅਸੁਰ ਨੇ ਸੰਨਿਆਸੀ ਦਾ ਰੂਪ ਧਾਰਨ ਕੀਤਾ ਹੋਇਆ ਸੀ।"

ਲੂੰਬੜ ਨੇ ਦਾਨਵ ਅਤੇ ਸਿਰਜੂ ਨੂੰ ਕਹਾਣੀ ਅਨੁਸਾਰ ਦੱਸਿਆ: "**ਨਾਰਦ ਮੁਨੀ** ਸੰਨਿਆਸੀ ਦੇ ਮੂੰਹੋਂ **ਵਿਸ਼ਨੂੰ ਜੀ** ਦਾ ਜਾਪ ਸੁਣ ਕੇ ਪ੍ਰਸੰਨ ਹੋ ਗਏ। ਇਹਨਾ ਜਜ਼ਬਾਤਾਂ ਦੇ ਤਹਿਤ **ਨਾਰਦ ਮੁਨੀ** ਸੰਨਿਆਸੀ ਦੇ ਅਸਲੀ ਚਿਹਰੇ ਨੂੰ ਪਹਿਚਾਣ ਨਾ ਸਕੇ। ਉਹਨਾ ਨੇ ਖੁਸ਼ੀ-ਖੁਸ਼ੀ ਅਪਣੀ ਤਾਕਤ ਵਰਤ ਕੇ ਓਸ ਅਸੁਰ ਦੀ ਆਵਾਜ਼ ਨੂੰ **ਵਿਸ਼ਨੂੰ ਜੀ** ਤੱਕ ਪਹੁੰਚਾ ਦਿੱਤਾ। **ਵਿਸ਼ਨੂੰ ਜੀ** ਨੇ ਓਸੇ ਸਮੇਂ ਪਾਤਾਲ ਦੇਵਤਾ ਨੂੰ ਇਸ ਜੰਗਲ ਵਿੱਚ ਭੇਜ ਦਿੱਤਾ।"

ਲੂੰਬੜ ਨੇ ਕਹਾਣੀ ਦਾ ਅਗਲਾ ਹਿੱਸਾ ਦੱਸਦੇ ਹੋਏ ਕਿਹਾ: "ਪਾਤਾਲ ਦੇਵਤਾ ਦੇ ਕਹਿਣ ਤੇ ਸੰਨਿਆਸੀ (ਅਸੁਰ) ਸਮਾਧੀ ਵਿੱਚੋਂ ਬਾਹਰ ਆ ਗਿਆ। ਉਸ ਦੇ ਸਾਹਮਣੇ **ਨਾਰਦ ਮੁਨੀ ਜੀ** ਅਤੇ ਪਾਤਾਲ ਦੇਵਤਾ ਮੌਜੂਦ ਸਨ।"

ਪਾਤਾਲ ਦੇਵਤਾ ਨੇ ਸੰਨਿਆਸੀ ਨੂੰ ਕਿਹਾ: "ਦੱਸ ਭਗਤਾ! ਤੇਰੀ ਕੀ ਇੱਛਾ ਹੈ। ਤੇਰੀ ਭਗਤੀ ਪੂਰੀ ਹੋ ਗਈ ਹੈ ਅਤੇ ਮੈਂਨੂੰ **ਵਿਸ਼ਨੂੰ ਜੀ** ਨੇ ਤੇਰੀ ਮਨੋਕਾਮਨਾ ਪੂਰੀ ਕਰਨ ਲਈ ਭੇਜਿਆ ਹੈ।"

ਸੰਨਿਆਸੀ (ਅਸੁਰ) ਨੇ ਪਾਤਾਲ ਦੇਵਤਾ ਨੂੰ ਜਵਾਬ ਦਿੱਤਾ: "ਮੇਰੀ ਇੱਛਾ ਹੈ ਕਿ ਜਦੋਂ ਵੀ ਮੇਰਾ ਦਿਲ ਕਰੇ ਅਸਮਾਨ ਵਿੱਚ ਘਣਾ ਬੱਦਲ ਅਤੇ ਤੂਫ਼ਾਨ ਇੱਕਠਾ ਹੋ ਜਾਵੇ। ਬੱਦਲ ਅਤੇ ਤੂਫ਼ਾਨ ਅਜਿਹਾ ਹੋਵੇ ਜਿਸ ਨੂੰ ਕੋਈ ਵੀ ਇਨਸਾਨ ਜਾਂ ਜਾਨਵਰ ਪਾਰ ਨਾ ਕਰ ਸਕੇ।"

ਪਤਾਲ ਦੇਵਤਾ ਤਾਂ **ਵਿਸ਼ਨੂੰ ਜੀ** ਦੇ ਕਹਿਣ ਉੱਤੇ ਆਏ ਹੀ ਓਸ ਸੰਨਿਆਸੀ(ਅਸੁਰ) ਦੀ ਇੱਛਾ ਪੂਰੀ ਕਰਨ ਲਈ ਸਨ। ਸੰਨਿਆਸੀ ਦੀ ਗੱਲ ਸੁਣ ਕੇ ਪਤਾਲ ਦੇਵਤਾ ਨੇ ਕਿਹਾ: "ਤਥਾ ਅਸਤੂ!"

ਆਪਣੀ ਇੱਛਾ ਅਨੁਸਾਰ ਵਰਦਾਨ ਪ੍ਰਾਪਤ ਕਰਨ ਤੋਂ ਬਾਅਦ ਸੰਨਿਆਸੀ ਆਪਣੇ ਅਸਲੀ ਰੂਪ ਵਿੱਚ ਆ ਗਿਆ। ਜਦੋਂ **ਨਾਰਦ ਮੁਨੀ ਜੀ** ਨੇ ਆਪਣੇ ਸਾਹਮਣੇ ਅਸੁਰ ਨੂੰ ਖੜ੍ਹੇ ਦੇਖਿਆ ਤਾਂ ਉਹਨਾ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਪਰ ਵਰਦਾਨ ਮਿਲਣ ਤੋਂ ਬਾਅਦ ਕੁੱਝ ਵੀ ਨਹੀਂ ਸੀ ਕੀਤਾ ਜਾ ਸਕਦਾ।

(ਲੂੰਬੜ ਨੇ ਕਹਾਣੀ ਅਨੁਸਾਰ ਦੱਸਿਆ) ਅਸੁਰ ਨੂੰ ਸਾਹਮਣੇ ਦੇਖ ਕੇ ਪਤਾਲ ਦੇਵਤਾ ਨੇ **ਨਾਰਦ ਮੁਨੀ ਜੀ** ਨੂੰ ਕਿਹਾ: "ਇਸ ਅਸੁਰ ਨੂੰ ਇਹ ਵਰਦਾਨ ਤੁਹਾਡੀ ਗਲਤੀ ਦੇ ਕਾਰਨ

ਮਿਲਿਆ ਹੈ। ਭਵਿੱਖ ਵਿੱਚ ਇਹ ਅਸੁਰ ਰੱਬ ਦੇ ਰਾਹ ਉੱਤੇ ਚੱਲਣ ਵਾਲੇ ਲੋਕਾਂ ਲਈ ਬਹੁਤ ਹੀ ਘਾਤਕ ਸਿੱਧ ਹੋਵੇਗਾ।"

ਲੂੰਬੜ ਨੇ ਅੱਗੇ ਦੱਸਿਆ: "ਇਹ ਗੱਲ ਕਹਿਣ ਤੋਂ ਬਾਅਦ ਪਤਾਲ ਦੇਵਤਾ ਪਤਾਲ ਵਿੱਚ ਵਾਪਿਸ ਚਲੇ ਗਏ। **ਨਾਰਦ ਮੁਨੀ** ਬਹੁਤ ਤੀਖ਼ਣ ਬੁੱਧੀ ਵਾਲੇ ਸਨ। ਉਹਨਾ ਨੇ ਜੰਗਲ ਵਿੱਚੋਂ ਸੱਪ ਫੜ੍ਹਿਆ ਅਤੇ ਉਸ ਸੱਪ ਨੂੰ ਗਲ ਵਿੱਚ ਪਾ ਕੇ ਆਪ ਵੀ **ਵਿਸ਼ਨੂੰ ਜੀ** ਦੀ ਅਰਾਧਨਾ ਵਿੱਚ ਲੱਗ ਗਏ। **ਨਾਰਦ ਮੁਨੀ** ਦਾ ਕਾਫ਼ੀ ਸਮਾਂ ਸਮਾਧੀ ਵਿੱਚ ਹੀ ਬੀਤ ਗਿਆ। **ਨਾਰਦ ਮੁਨੀ ਵਿਸ਼ਨੂੰ ਜੀ** ਦੇ ਬਹੁਤ ਪਿਆਰੇ ਭਗਤ ਸਨ। ਇਸ ਲਈ ਇੱਕ ਦਿਨ ਉਹ ਆਪ ਹੀ **ਨਾਰਦ ਮੁਨੀ** ਕੋਲ ਪਹੁੰਚ ਗਏ।

(ਲੂੰਬੜ ਨੇ ਸਿਰਜੂ ਅਤੇ ਦਾਨਵ ਨੂੰ ਕਹਾਣੀ ਅਨੁਸਾਰ ਦੱਸਿਆ) **ਵਿਸ਼ਨੂੰ ਜੀ** ਨੇ **ਨਾਰਦ ਮੁਨੀ** ਨੂੰ ਕਿਹਾ: "**ਨਾਰਦ ਮੁਨੀ**! ਮੈਂ ਤੇਰੀ ਭਗਤੀ ਤੋਂ ਬਹੁਤ ਪ੍ਰਸੰਨ ਹਾਂ! ਵੈਸੇ ਵੀ ਤੂੰ ਸਾਡਾ ਬਹੁਤ ਹੀ ਪਿਆਰਾ ਭਗਤ ਹੈਂ। ਦੱਸ ਤੈਨੂੰ ਮੇਰੇ ਕੋਲੋਂ ਕੀ ਚਾਹੀਦਾ ਹੈ?"

(ਲੂੰਬੜ ਦੇ ਦਾਦਾ ਜੀ ਦੀ ਕਹਾਣੀ ਅਨੁਸਾਰ) **ਨਾਰਦ ਮੁਨੀ** ਨੇ **ਵਿਸ਼ਨੂੰ ਜੀ** ਨੂੰ ਜਵਾਬ ਦਿੱਤਾ: "ਮੇਰੇ ਸਵਾਮੀ! ਮੇਰੇ ਇਸ ਸੱਪ ਨੂੰ ਇੱਛਿਆਧਾਰੀ ਹੋਣ ਦਾ ਵਰਦਾਨ ਦੇ ਦੇਵੋ! ਇਸ ਨੂੰ ਅਜਿਹੀ ਸ਼ਕਤੀ ਦੇਵੋ ਕਿ ਜਦੋਂ ਤੱਕ ਇਹ ਜੰਗਲ ਦੇ ਇਸ ਹਿੱਸੇ ਵਿੱਚ ਮੌਜੂਦ ਰਹੇਗਾ, ਓਸ ਸਮੇਂ ਤੱਕ ਰੱਬ ਅਤੇ ਸੱਚਾਈ ਦੇ ਰਸਤੇ ਉੱਤੇ ਚੱਲ ਰਹੇ ਭਗਤਾਂ ਨੂੰ ਅਸੁਰ ਦੇ ਬਣਾਏ ਹੋਏ ਬੱਦਲ ਰੋਕ ਨਹੀਂ ਸਕਣਗੇ।"

**ਨਾਰਦ ਮੁਨੀ** ਦੇ ਕਹਿਣ ਤੇ **ਵਿਸ਼ਨੂੰ ਜੀ** ਨੇ ਓਸ ਸੱਪ ਨੂੰ ਇੱਛਿਆਧਾਰੀ ਹੋਣ ਦਾ ਵਰਦਾਨ ਦੇ ਦਿੱਤਾ ਅਤੇ ਕਿਹਾ: "ਮੈਂ ਤੈਨੂੰ ਇਹ ਵਰਦਾਨ ਦੇ ਰਿਹਾਂ ਹਾਂ ਕਿ ਜਦੋਂ ਵੀ ਤੂੰ ਅਸੁਰ ਨੂੰ ਡੱਸ ਲਵੇਂਗਾ ਤਾਂ ਉਸ ਵੱਲੋਂ ਬਣਾਏ ਬੱਦਲ ਆਪਣੇ ਆਪ ਖ਼ਤਮ ਹੋ ਜਾਣਗੇ।"

(ਲੂੰਬੜ ਨੇ ਅੱਗੇ ਦੱਸਿਆ) ਵਰਦਾਨ ਮਿਲਣ ਤੋਂ ਬਾਅਦ **ਨਾਰਦ ਮੁਨੀ ਜੀ** ਨੇ ਸੱਪ ਨੂੰ ਗਲੇ ਵਿੱਚੋਂ ਉਤਾਰ ਕੇ ਧਰਤੀ ਉੱਤੇ ਰੱਖ ਦਿੱਤਾ। ਉਹਨਾ ਨੇ ਸੱਪ ਨੂੰ ਸੰਬੋਧਨ ਕਰਦੇ ਹੋਏ ਕਿਹਾ: "ਮੈਨੂੰ ਆਪਣੇ ਸਾਰੇ ਰੂਪ ਦਿਖਾ!"

ਸੱਪ ਨੇ ਸਭ ਤੋਂ ਪਹਿਲਾਂ ਇਨਸਾਨੀ ਰੂਪ ਧਾਰਨ ਕੀਤਾ ਅਤੇ ਬਾਅਦ ਵਿੱਚ ਹਰ ਜਾਨਵਰ ਅਤੇ ਪੰਛੀ ਦੇ ਰੂਪ ਧਾਰਨ ਕਰਕੇ **ਨਾਰਦ ਮੁਨੀ ਜੀ** ਨੂੰ ਦਿਖਾਏ।

**ਨਾਰਦ ਮੁਨੀ** ਨੇ ਸੱਪ ਦੇ ਸਾਰੇ ਰੂਪ ਦੇਖਣ ਤੋਂ ਬਾਅਦ ਸੱਪ ਨੂੰ ਕਿਹਾ: "ਤੂੰ ਅਸੁਰ ਦਾ ਰੂਪ ਵੀ ਧਾਰਨ ਕਰੇਂਗਾ! ਤੇਰਾ ਨਿਵਾਸ ਹਮੇਸ਼ਾ ਜੰਗਲ ਦੇ ਇਸੇ ਹਿੱਸੇ ਵਿੱਚ ਰਹੇਗਾ। ਤੈਨੂੰ ਇੱਛਿਆਧਾਰੀ ਹੋਣ ਦਾ ਵਰਦਾਨ ਇਸ ਲਈ ਮਿਲਿਆ ਹੈ ਤਾਂ ਜੋ ਮੇਰੀ ਗਲਤੀ ਦਾ ਸੁਧਾਰ ਹੋ ਸਕੇ। **ਵਿਸ਼ਨੂੰ ਜੀ** ਦੇ ਕਹਿਣ ਮੁਤਾਬਕ ਓਹਨਾ ਬੱਦਲਾਂ ਦੀ ਕਾਟ ਕਰਨ ਲਈ ਅਸੁਰ ਨੂੰ ਡੱਸਣਾ ਜਰੂਰੀ ਹੈ। ਅਸੁਰ ਸੱਪ ਦੀ ਗੰਧ ਨੂੰ ਪਹਿਚਾਣ ਲੈਂਦੇ ਹਨ।"

(ਲੂੰਬੜ ਨੇ ਕਹਾਣੀ ਦਾ ਅਗਲਾ ਹਿੱਸਾ ਦੱਸਿਆ) **ਨਾਰਦ ਮੁਨੀ ਜੀ** ਨੇ ਸੱਪ ਨੂੰ ਸਮਝਾਉਂਦਿਆਂ ਕਿਹਾ: "ਅਸੁਰ ਨੇ ਸੰਨਿਆਸੀ ਦਾ ਰੂਪ ਬਦਲ ਕੇ ਧੋਖੇ ਨਾਲ ਵਰਦਾਨ ਪ੍ਰਾਪਤ ਕੀਤਾ ਸੀ। ਇਸ ਲਈ ਵਰਦਾਨ ਦੀ ਕਾਟ ਵੀ ਧੋਖੇ ਨਾਲ ਹੀ ਕਰਨੀ ਹੈ। ਅਸੁਰ ਨੂੰ ਧੋਖਾ ਦੇਣ ਲਈ ਤੂੰ ਅਸੁਰ ਦਾ ਰੂਪ ਲੈ ਲਵੀਂ। ਉਸਨੂੰ ਸੱਪ ਦੀ ਗੰਧ ਨਹੀਂ ਆਵੇਗੀ। ਇਸ ਤਰ੍ਹਾਂ ਤੂੰ ਅਸੁਰ ਦੇ ਬਿਲਕੁੱਲ ਨੇੜੇ ਜਾਣ ਵਿੱਚ ਕਾਮਯਾਬ ਹੋ ਜਾਵੇਂਗਾ। ਫਿਰ ਸੱਪ ਦਾ ਰੂਪ ਧਾਰਨ ਕਰ ਕੇ ਅਸੁਰ ਨੂੰ ਡੱਸ ਲਵੀਂ। ਅਸੁਰ ਦੇ ਵਰਦਾਨ ਦੀ ਕਾਟ ਹੋ ਜਾਵੇਗੀ। ਸੱਪ ਨੂੰ ਸਾਰਾ ਕੁੱਝ ਸਮਝਾਉਣ ਤੋਂ ਬਾਅਦ **ਨਾਰਦ ਮੁਨੀ ਵਿਸ਼ਨੂੰ ਜੀ** ਸਮੇਤ ਪਤਾਲ ਲੋਕ ਚਲੇ ਗਏ।"

ਕਹਾਣੀ ਸੁਣਾਉਣ ਤੋਂ ਬਾਅਦ ਲੂੰਬੜ ਨੇ ਸਿਰਜੂ ਅਤੇ ਦਾਨਵ ਨੂੰ ਕਿਹਾ: "**ਨਾਰਦ ਮੁਨੀ ਜੀ** ਦਾ ਸੱਪ ਇਸ ਬੱਚੇ ਨੂੰ ਬਚਾ ਕੇ ਉਹਨਾ ਵੱਲੋਂ ਕੀਤੀ ਹੋਈ ਗਲਤੀ ਦਾ

ਸੁਧਾਰ ਜਰੂਰ ਕਰੇਗਾ ਕਿਉਂਕਿ ਇਸ ਬੱਚੇ ਨੂੰ ਬਚਾਉਣ ਦਾ ਹੁਕਮ ਬੌਣੇ ਨੇ ਦਿੱਤਾ ਹੈ। ਇਸ ਲਈ ਸਾਨੂੰ ਘਬਰਾਉਣਾ ਨਹੀਂ ਚਾਹੀਦਾ ਅਤੇ ਨਾਂ ਹੀ ਇਸ ਜਗ੍ਹਾ ਤੋਂ ਅੱਗੇ-ਪਿੱਛੇ ਹੋਣਾ ਚਾਹੀਦਾ ਹੈ। ”

ਲੂੰਬੜ ਦੀ ਗੱਲ ਖ਼ਤਮ ਹੋਣ ਤੋਂ ਪਹਿਲਾਂ ਹੀ ਤੇਜ ਤੂਫ਼ਾਨ ਨੇ ਉਹਨਾ ਨੂੰ ਆਪਣੀ ਚਪੇਟ ਵਿੱਚ ਲੈ ਲਿਆ। ਸ਼ੇਰਨੀ ਵੀ ਆਪਣੀ ਭੁੱਖ ਨੂੰ ਸ਼ਾਂਤ ਕਰਕੇ ਉਹਨਾ ਕੋਲ ਵਾਪਿਸ ਆ ਚੁੱਕੀ ਸੀ।

ਦਾਨਵ ਨੇ ਸਿਰਜੂ ਨੂੰ ਕਿਹਾ: “ਬੱਚੇ ਨੂੰ ਸ਼ੇਰਨੀ ਦੇ ਉੱਪਰ ਲਿਟਾ ਦੇ। ਆਪਣੇ ਸ਼ਰੀਰ ਦੀ ਔਟ ਨਾਲ ਬੱਚੇ ਨੂੰ ਤੂਫ਼ਾਨ ਦੀ ਹਵਾ ਤੋਂ ਬਚਾਉਣ ਦੀ ਕੋਸ਼ਿਸ਼ ਕਰ ਕਿਉਂਕਿ ਸਾਨੂੰ ਇਸ ਹਵਾ ਦੀ ਤਾਸੀਰ ਬਾਰੇ ਕੁੱਝ ਪਤਾ ਨਹੀਂ। ਵੈਸੇ ਵੀ ਜਿਆਦਾ ਤੇਜ ਹਵਾ ਨਾਲ ਬੱਚਾ ਬਿਮਾਰ ਹੋ ਸਕਦਾ ਹੈ। ”

ਸਿਰਜੂ ਨੇ ਬੱਚੇ ਨੂੰ ਸ਼ੇਰਨੀ ਦੇ ਉੱਪਰ ਲੇਟਾ ਦਿੱਤਾ। ਫਿਰ ਸਿਰਜੂ ਅਤੇ ਲੂੰਬੜ ਆਪਣੇ ਸ਼ਰੀਰਾਂ ਨਾਲ ਬੱਚੇ ਨੂੰ ਛੁਪਾਉਣ ਦੀ ਕੋਸ਼ਿਸ਼ ਵਿੱਚ ਲੱਗ ਗਏ। ਬੱਚਾ ਹੁਣ ਥੋੜ੍ਹਾ-ਜਿਹਾ ਵੱਡਾ ਹੋ ਚੁੱਕਾ ਸੀ ਇਸ ਲਈ ਉਹ ਆਪਣੇ ਸਿਰ ਨੂੰ ਉਤਾਂਹ ਚੁੱਕ ਕੇ ਹੂ-ਹੂ ਦੀ ਆਵਾਜ਼ ਕੱਢ ਰਿਹਾ ਸੀ ਜਿਵੇਂ ਉਹ ਕਹਿ ਰਿਹਾ ਹੋਵੇ: “ਮੇਰਾ ਗੱਲਾਂ ਕਰਨ ਨੂੰ ਦਿਲ ਕਰ ਰਿਹਾ ਹੈ!!”

ਸਿਰਜੂ ਬੱਚੇ ਵੱਲ ਦੇਖ ਕੇ ਮੁਸਕਰਾ ਰਿਹਾ ਸੀ ਅਤੇ ਸੋਚ ਰਿਹਾ ਸੀ: “ਕੁਦਰਤ ਵੀ ਪਤਾ ਨਹੀਂ ਕਿਹੜੀਆਂ-ਕਿਹੜੀਆਂ ਖੇਡਾਂ ਖੇਡਦੀ ਹੈ। ਇਸ ਅਨਭੋਲ ਬੱਚੇ ਨੂੰ ਪਤਾ ਹੀ ਨਹੀਂ! ਕੌਣ ਆਪਣਾ ਅਤੇ ਕੌਣ ਪਰਾਇਆ! ਹਰ ਖ਼ਤਰੇ ਤੋਂ ਬੇਖ਼ਬਰ ਕਿੰਨਾ ਮਸਤ ਹੈ। ਹੇ ਖ਼ੁਦਾ! ਇਸ ਮਾਸੂਮ ਬੱਚੇ ਦੀ ਰੱਖਿਆ ਕਰ। ”

ਤੂਫ਼ਾਨ ਦੀ ਗਤੀ ਪਲ ਪਲ ਵੱਧ ਰਹੀ ਸੀ।ਬੱਦਲਾਂ ਦੀ ਗੜਗੜਾਹਟ ਧਰਤੀ ਨੂੰ ਕੰਬਾ ਰਹੀ ਸੀ।ਬੱਦਲਾਂ ਦੀ ਗੜਗੜਾਹਟ ਨੂੰ ਸੁਣ ਕੇ ਬੱਚਾ ਹੂ-ਹੂ ਕਰ ਰਿਹਾ ਸੀ।ਮਾਸੂਮ ਬੱਚੇ ਨੂੰ ਲੱਗ ਰਿਹਾ ਸੀ ਕਿ ਬੱਦਲ ਅਤੇ ਤੂਫ਼ਾਨ ਇੱਕੱਠੇ ਹੋ ਕੇ ਉਸ ਨਾਲ ਖੇਡ ਰਹੇ ਹਨ।

ਦਾਨਵ ਬੈਠਾ ਮੰਤਰਾਂ ਦਾ ਜਾਪ ਕਰ ਰਿਹਾ ਸੀ।ਸਿਰਜੂ ਨੂੰ ਬਚਣ ਦੀ ਕੋਈ ਉਮੀਦ ਦਿਖਾਈ ਨਹੀਂ ਸੀ ਦੇ ਰਹੀ।ਉਹ ਆਲੇ-ਦੁਆਲੇ ਸੱਪ ਦੀ ਭਾਲ ਕਰ ਰਿਹਾ ਸੀ।ਅੱਧੇ-ਕੁ-ਘੰਟੇ ਬਾਅਦ ਸਿਰਜੂ ਨੂੰ ਇੱਕ ਅਸੁਰ ਦਿਖਾਈ ਦਿੱਤਾ।ਉਹ ਉਹਨਾ ਵੱਲ ਹੀ ਆ ਰਿਹਾ ਸੀ।ਅਸੁਰ ਨੂੰ ਦੇਖ ਕੇ ਸਿਰਜੂ ਨੇ ਲੂੰਬੜ ਨੂੰ ਕਿਹਾ: "ਸਾਹਮਣੇ ਦੇਖ! ਇੱਕ ਅਸੁਰ ਸਾਡੇ ਵੱਲ ਹੀ ਆ ਰਿਹਾ ਹੈ।ਹੁਣ ਪਤਾ ਕਿਵੇਂ ਲੱਗੇ ਕਿ ਇਹ ਅਸਲੀ ਅਸੁਰ ਹੈ ਜਾਂ ਨਾਰਦ ਮੁਨੀ ਵਾਲਾ ਸੱਪ ਹੈ?!!"

ਲੂੰਬੜ ਨੇ ਸਿਰਜੂ ਨੂੰ ਜਵਾਬ ਦਿੱਤਾ: "ਇਹ ਤਾਂ ਮੈਨੂੰ ਵੀ ਨਹੀਂ ਪਤਾ।ਮੈਨੂੰ ਕਿਹੜਾ ਪਹਿਚਾਣ ਹੈ ਉਸ ਸੱਪ ਦੀ।ਤੂੰ ਓਸ ਮੰਤਰ ਨੂੰ ਜਪਣ ਦੀ ਤਿਆਰੀ ਕਰ ਜਿਹੜਾ ਮੰਤਰ ਗੁਫ਼ਾ ਵਿੱਚ ਬੌਣੇ ਨੇ ਦਿੱਤਾ ਸੀ।"

ਸਿਰਜੂ ਅਤੇ ਲੂੰਬੜ ਗੱਲਾਂ ਕਰ ਰਹੇ ਸਨ।ਬੱਚਾ ਹੱਥ-ਪੈਰ ਮਾਰ ਕੇ ਸਿੱਧਾ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ।ਇਸੇ ਕੋਸ਼ਿਸ਼ ਵਿੱਚ ਬੱਚੇ ਦਾ ਹੱਥ ਆਪਣੇ ਗਲ ਵਿੱਚ ਪਈ ਮਾਲਾ ਤੇ ਚਲਾ ਗਿਆ।ਬੱਚੇ ਨੇ ਮਾਲਾ ਨੂੰ ਖਿੱਚਿਆ ਅਤੇ ਮਾਲਾ ਦੇ ਮੋਤੀ ਟੁੱਟ ਕੇ ਧਰਤੀ ਉੱਤੇ ਖਿੱਲਰ ਗਏ।ਇਹ ਦੇਖ ਕੇ ਸਿਰਜੂ ਅਤੇ ਲੂੰਬੜ ਘਬਰਾ ਗਏ ਕਿ ਹੁਣ ਕੀ ਬਣੇਗਾ।ਬੌਣੇ ਵੱਲੋਂ ਦਿੱਤੀ ਮਾਲਾ ਟੁੱਟ ਚੁੱਕੀ ਸੀ।

ਇਸ ਦੌਰਾਨ ਅਸੁਰ ਵੀ ਉਹਨਾ ਦੇ ਕੋਲ ਪਹੁੰਚ ਗਿਆ।ਉਸ ਦਾ ਪੈਰ ਮਾਲਾ ਦੇ ਮੋਤੀ ਉੱਤੇ ਰੱਖਿਆ ਗਿਆ।ਮੋਤੀ ਉੱਪਰ ਪੈਰ ਰੱਖਣ ਦੀ ਦੇਰ ਸੀ ਕਿ ਇੱਕ ਚੀਖ਼ ਹਵਾ ਵਿੱਚ ਗੂੰਜੀ।ਚੀਖ਼ ਦੀ ਗੂੰਜ ਐਂਨੀ ਭਿਆਨਕ ਅਤੇ ਤੇਜ ਸੀ ਕਿ ਉਸ ਆਵਾਜ਼

ਨਾਲ ਸ਼ੇਰਨੀ ਵੀ ਬੇਚੈਨ ਹੋ ਕੇ ਉੱਠਣ ਦੀ ਕੋਸ਼ਿਸ਼ ਕਰਨ ਲੱਗੀ।ਦੋ-ਕੁ-ਮਿੰਟ ਬਾਅਦ ਚੀਖ਼ ਦੀ ਆਵਾਜ਼ ਆਉਣੀ ਬੰਦ ਹੋ ਗਈ ਅਤੇ ਬੱਦਲ ਛੱਟ ਗਏ।ਤੂਫ਼ਾਨ ਥੰਮ ਗਿਆ।

ਸਿਰਜੂ ਉੱਠ ਕੇ ਖੜਾ ਹੋ ਗਿਆ ਅਤੇ ਉਸ ਨੇ ਬੱਚੇ ਨੂੰ ਵੀ ਆਪਣੀ ਗੋਦ ਵਿੱਚ ਚੁੱਕ ਲਿਆ।ਲੂੰਬੜ ਨੇ ਸਿਰਜੂ ਨੂੰ ਕਿਹਾ: "ਓਹ ਸਾਹਮਣੇ ਦੇਖ! ਅਸੁਰ ਧਰਤੀ ਉੱਤੇ ਡਿੱਗਾ ਹੋਇਆ ਹੈ।"

ਦਾਨਵ ਨੇ ਸਿਰਜੂ ਦੇ ਕੋਲ ਆ ਕੇ ਕਿਹਾ: "ਮਾਲਾ ਦੇ ਮੋਤੀਆਂ ਨੂੰ ਧਿਆਨ ਨਾਲ ਇਕੱਠਾ ਕਰ ਲੈ।ਕੋਈ ਮੋਤੀ ਰਹਿ ਨਾ ਜਾਵੇ।"

ਸਿਰਜੂ ਨੇ ਮੋਤੀ ਚੁਨਣੇ ਸ਼ੁਰੂ ਕਰ ਦਿੱਤੇ।ਦਾਨਵ ਅਸੁਰ ਨੂੰ ਦੇਖਣ ਲਈ ਉਸ ਦੇ ਕੋਲ ਪਹੁੰਚ ਗਿਆ।ਉਸ ਦੇ ਦੇਖਦਿਆਂ ਦੇਖਦਿਆਂ ਹੀ ਅਸੁਰ ਧਰਤੀ ਉੱਤੋਂ ਉੱਠਿਆ ਅਤੇ ਇਨਸਾਨ ਦੇ ਰੂਪ ਵਿੱਚ ਬਦਲ ਗਿਆ।ਉਸ ਨੇ ਦਾਨਵ ਨੂੰ ਕਿਹਾ: "ਇਹਨਾ ਬੱਦਲਾਂ ਦੀ ਕਾਟ ਕਰਨ ਵਾਲਾ ਮੈਂ ਨਹੀਂ ਹਾਂ! ਬੱਦਲਾਂ ਦੀ ਕਾਟ ਮਾਲਾ ਦੇ ਮੋਤੀ ਕਾਰਨ ਹੋਈ ਹੈ।ਤੁਸੀਂ ਕੌਣ ਹੋ ਅਤੇ ਇਸ ਛੋਟੇ ਜਿਹੇ ਬੱਚੇ ਨਾਲ ਇਸ ਖ਼ਤਰਨਾਕ ਜੰਗਲ ਵਿੱਚ ਕਿਉਂ ਘੁੰਮ ਰਹੇ ਹੋ?"

ਦਾਨਵ ਨੇ ਕੋਈ ਜਵਾਬ ਨਾ ਦਿੱਤਾ।ਉਸਨੇ ਜਮੀਨ ਉੱਤੇ ਪਏ ਮੋਤੀ ਵੱਲ ਦੇਖਿਆ।ਮੋਤੀ ਬੱਚੇ ਦੇ ਗਲ ਵਿੱਚ ਪਈ ਹੋਈ ਮਾਲਾ ਦਾ ਹੀ ਸੀ।ਦਾਨਵ ਨੇ ਮੋਤੀ ਨੂੰ ਹੱਥ ਨਾ ਲਾਇਆ।ਉਸ ਨੇ ਸਿਰਜੂ ਨੂੰ ਕਿਹਾ: "ਇਹ ਮੋਤੀ ਵੀ ਚੁੱਕ ਲੈ।ਟੁੱਟੀ ਮਾਲਾ ਨੂੰ ਚੰਗੀ ਤਰ੍ਹਾਂ ਪਰੋ ਕੇ ਦੁਬਾਰਾ ਬੱਚੇ ਦੇ ਗਲ ਵਿੱਚ ਪਹਿਨਾ ਦੇ।"

ਅਸੁਰੀ ਰੂਪ ਨੂੰ ਬਦਲ ਕੇ ਇਨਸਾਨ ਬਣੇ ਸ਼ਖ਼ਸ ਨੇ ਸਿਰਜੂ ਅਤੇ ਦਾਨਵ ਨੂੰ ਕਿਹਾ: "ਮੈਂ ਇੱਕ ਇੱਛਿਆਧਾਰੀ ਸੱਪ ਹਾਂ। **ਵਿਸ਼ਨੂੰ ਜੀ** ਦੇ ਵਰਦਾਨ ਕਾਰਨ ਮੈਨੂੰ ਆਮ ਸੱਪ ਤੋਂ ਇੱਛਿਆਧਾਰੀ ਸੱਪ ਬਣਨ ਦਾ ਮੌਕਾ ਮਿਲਿਆ ਸੀ। ਮੈਂ ਅਸੁਰ ਦੇ ਰੂਪ ਵਿੱਚ ਅਸਲੀ ਅਸੁਰ ਨੂੰ ਡੱਸਣ ਜਾ ਰਿਹਾ ਸਾਂ ਤਾਂ ਜੋ ਬੱਦਲ ਅਤੇ ਤੂਫ਼ਾਨ ਦੀ ਕਾਟ ਕਰ ਸਕਾਂ। ਉਸ ਨੂੰ ਡੱਸਣ ਤੋਂ ਪਹਿਲਾਂ ਹੀ ਮੇਰਾ ਪੈਰ ਇਸ ਮੋਤੀ ਦੇ ਉੱਤੇ ਆ ਗਿਆ। ਜੋ ਚੀਖ਼ ਫ਼ਿਜ਼ਾ ਵਿੱਚ ਸੁਣਾਈ ਦਿੱਤੀ ਉਹ ਚੀਖ਼ ਮੇਰੀ ਨਹੀਂ ਸੀ। ਚੀਖ਼ ਜਰੂਰ ਓਸੇ ਅਸੁਰ ਦੀ ਹੋਵੇਗੀ ਜਿਸ ਦੇ ਵਰ ਦੀ ਕਾਟ ਹੋਈ ਹੈ।"

ਇੱਛਿਆਧਾਰੀ ਸੱਪ ਨੇ ਸਿਰਜੂ ਅਤੇ ਦਾਨਵ ਨੂੰ ਦੱਸਿਆ: "ਮੈਨੂੰ **ਨਾਰਦ ਮੁਨੀ ਜੀ** ਨੇ ਰੱਬ ਅਤੇ ਨੇਕੀ ਦੇ ਰਾਹ ਉੱਤੇ ਚੱਲਣ ਵਾਲੇ ਲੋਕਾਂ ਦੀ ਮੱਦਦ ਕਰਨ ਲਈ ਕਿਹਾ ਸੀ। ਜੇ ਤੁਸੀਂ ਮੈਨੂੰ ਇਸ ਜੰਗਲ ਵਿੱਚ ਆਉਣ ਦਾ ਅਸਲੀ ਕਾਰਨ ਦੱਸ ਦੇਵੋ ਤਾਂ ਹੋ ਸਕਦਾ ਹੈ ਮੈਂ ਤੁਹਾਡੀ ਕੋਈ ਮੱਦਦ ਕਰਨ ਵਿੱਚ ਕਾਮਯਾਬ ਹੋ ਜਾਵਾਂ।"

ਇੱਛਿਆਧਾਰੀ ਸੱਪ ਦੀ ਗੱਲ ਸੁਣ ਕੇ ਲੂੰਬੜ ਨੇ ਉਸਨੂੰ ਕਿਹਾ: "ਤੇਰਾ ਨਿਵਾਸ ਸਦੀਆਂ ਤੋਂ ਜੰਗਲ ਦੇ ਇਸੇ ਸਥਾਨ ਉੱਤੇ ਹੈ। ਤੈਂਨੂੰ ਇਸ ਗੱਲ ਦਾ ਜਰੂਰ ਪਤਾ ਹੋਵੇਗਾ ਕਿ ਜੰਗਲ ਦੇ ਇਸ ਹਿੱਸੇ ਵਿੱਚ ਅਸੁਰਾਂ ਨੇ ਕਿਹੋ-ਜਿਹੇ ਜਾਲ ਬੁਣੇ ਹਨ।"

ਇੱਛਿਆਧਾਰੀ ਸੱਪ ਨੇ ਲੂੰਬੜ ਨੂੰ ਜਵਾਬ ਦਿੱਤਾ: "ਤੁਹਾਡੇ ਦੱਸਣ ਮੁਤਾਬਕ ਸਾਲ ਦੀ ਆਖ਼ਰੀ ਪੂਰਨਮਾਸ਼ੀ ਨੂੰ ਬੱਚੇ ਦੇ ਨਾਲ ਜਿਸ ਸਥਾਨ ਉੱਤੇ ਤੁਸੀਂ ਪਹੁੰਚਣਾ ਹੈ। ਉਹ ਜਗ੍ਹਾ ਕਾਫੀ ਦੂਰ ਹੈ। ਪੂਰਨਮਾਸ਼ੀ ਤੱਕ ਉਸ ਜਗ੍ਹਾ ਉੱਤੇ ਪਹੁੰਚਣਾ ਕਾਫੀ ਮੁਸ਼ਕਲ ਹੈ ਕਿਉਂਕਿ ਅਸੁਰਾਂ ਨੂੰ ਵੀ ਇਸ ਗੱਲ ਦਾ ਪਤਾ ਲੱਗ ਚੁੱਕਾ ਹੈ ਕਿ ਸਾਲ ਦੀ ਆਖ਼ਰੀ ਪੂਰਨਮਾਸ਼ੀ ਦੀ ਰਾਤ ਨੂੰ ਇੱਕ ਫ਼ਰਿਸ਼ਤਾ ਚੰਨ ਵਿੱਚੋਂ ਉੱਤਰ ਕੇ ਧਰਤੀ ਉੱਤੇ ਆਉਂਦਾ ਹੈ। ਉਹਨਾ ਨੇ ਸ਼ਾਇਦ ਗੁਫ਼ਾ ਵਿੱਚ ਤੁਹਾਡੀਆਂ ਗੱਲਾਂ ਸੁਣ ਲਈਆਂ ਸਨ।"

ਇੱਛਿਆਧਾਰੀ ਸੱਪ ਨੇ ਉਹਨਾ ਨੂੰ ਦੱਸਿਆ: "ਤੁਹਾਡੀਆਂ ਗੱਲਾਂ ਸੁਣਨ ਤੋਂ ਬਾਅਦ ਅਸੁਰਾਂ ਨੇ ਭਟਕਦੀਆਂ ਰੂਹਾਂ ਨੂੰ ਇਸ ਗੱਲ ਦੀ ਜਾਣਕਾਰੀ ਭੇਜ ਦਿੱਤੀ ਸੀ ਕਿ ਤੁਸੀਂ ਬੱਚੇ ਨੂੰ ਫ਼ਰਿਸ਼ਤੇ ਤੱਕ ਪਹੁੰਚਾਣ ਦੀ ਕੋਸ਼ਿਸ਼ ਕਰੋਗੇ।ਜੰਗਲ ਦੇ ਇਸ ਹਿੱਸੇ ਤੋਂ ਲੈ ਕੇ ਜੰਗਲ ਦੇ ਓਸ ਹਿੱਸੇ ਤੱਕ ਜਿੱਥੇ ਤੁਸੀਂ ਪਹੁੰਚਣਾ ਤੁਹਾਡਾ ਟਾਕਰਾ ਅਸੁਰਾਂ ਅਤੇ ਰੂਹਾਂ ਨਾਲ ਹੀ ਹੋਣ ਵਾਲਾ ਹੈ।ਵਰਦਾਨ ਦੇ ਟੁੱਟਣ ਕਾਰਨ ਅਸੁਰ ਇਸ ਸਮੇਂ ਬਹੁਤ ਕ੍ਰੋਧ ਵਿੱਚ ਹੋਣਗੇ।"

ਇੱਛਿਆਧਾਰੀ ਸੱਪ ਨੇ ਲੂੰਬੜ ਅਤੇ ਸਿਰਜੂ ਨੂੰ ਕਿਹਾ: "ਮੈਂ ਤੁਹਾਨੂੰ ਇੱਕ ਅਜਿਹੇ ਰਸਤੇ ਬਾਰੇ ਦੱਸ ਸਕਦਾ ਹਾਂ ਜਿਸਦੀ ਜਾਣਕਾਰੀ ਅਸੁਰਾਂ ਨੂੰ ਨਹੀਂ ਹੈ।ਉਸ ਰਸਤੇ ਉੱਤੇ ਚੱਲ ਕੇ ਤੁਸੀਂ ਅਪਣੀ ਮੰਜਲ ਉੱਤੇ ਪਹੁੰਚਣ ਵਿੱਚ ਕਾਮਯਾਬ ਹੋ ਸਕਦੇ ਹੋ।"

ਇੱਛਿਆਧਾਰੀ ਸੱਪ ਦੀ ਗੱਲ ਸੁਣਨ ਤੋਂ ਬਾਅਦ ਦਾਨਵ ਨੇ ਲੂੰਬੜ ਨੂੰ ਕਿਹਾ: "ਸਾਨੂੰ ਆਪਣਾ ਰਸਤਾ ਨਹੀਂ ਬਦਲਣਾ ਚਾਹੀਦਾ।ਹੋ ਸਕਦਾ ਹੈ ਭੇੜੀਆ ਅਤੇ ਬੌਣੇ ਨੂੰ ਦੂਜੇ ਰਸਤੇ ਦੀ ਕੋਈ ਜਾਣਕਾਰੀ ਹੀ ਨਾ ਹੋਵੇ।ਉਹ ਸਾਡੀ ਤਲਾਸ਼ ਇਸੇ ਰਸਤੇ ਉੱਤੇ ਕਰਨਗੇ।ਸਾਡੇ ਨਾ ਮਿਲਣ ਦੀ ਸੂਰਤ ਵਿੱਚ ਉਹ ਖ਼ਾਹਮਖ਼ਾਹ ਪ੍ਰੇਸ਼ਾਨ ਹੋ ਜਾਣਗੇ।"

ਦਾਨਵ ਦੀ ਗੱਲ ਸੁਣ ਕੇ ਇੱਛਿਆਧਾਰੀ ਸੱਪ ਨੇ ਕਿਹਾ: "ਜੇ ਤੁਸੀਂ ਇਸੇ ਰਸਤੇ ਅੱਗੇ ਵਧੇ ਤਾਂ ਇਹ ਤੁਹਾਡੀ ਬਹੁਤ ਵੱਡੀ ਗਲਤੀ ਸਾਬਤ ਹੋਵੇਗੀ।ਮੈਂ ਇੱਥੇ ਖੜ੍ਹੋ ਕੇ ਭੇੜੀਏ ਅਤੇ ਬੌਣੇ ਦਾ ਇੰਤਜਾਰ ਕਰਾਂਗਾ।ਉਹਨਾ ਦੇ ਪਹੁੰਚਣ ਤੇ ਮੈਂ ਉਹਨਾ ਨੂੰ ਤੁਹਾਡਾ ਪਤਾ ਦੇ ਦੇਵਾਂਗਾ।"

ਇੱਛਿਆਧਾਰੀ ਸੱਪ ਨੇ ਸਿਰਜੂ ਅਤੇ ਲੂੰਬੜ ਨੂੰ ਸਮਝਾਉਂਦੇ ਹੋਏ ਕਿਹਾ: "ਅਸੁਰਾਂ ਨੇ ਸਾਰੇ ਜਾਲ ਇਸ ਰਸਤੇ ਉੱਤੇ ਵਛਾਏ ਹਨ, ਇਸ ਲਈ ਦੂਜਾ ਰਾਸਤਾ ਜਿਆਦਾ ਸੁੱਰਿਖਅਤ ਹੋਵੇਗਾ।ਬਾਕੀ ਤੁਹਾਡੀ ਮਰਜੀ ਹੈ।ਮੈਂ ਸਾਰੀ ਜਾਣਕਾਰੀ ਤੁਹਾਨੂੰ ਦੇ ਚੁੱਕਾ ਹਾਂ।"

ਇਹ ਗੱਲ ਕਹਿਣ ਤੋਂ ਬਾਅਦ ਇੱਛਿਆਧਾਰੀ ਸੱਪ ਚੁੱਪ ਹੋ ਗਿਆ। ਸੱਪ ਦੀਆਂ ਗੱਲਾਂ ਸੁਣਨ ਤੋਂ ਬਾਅਦ ਲੂੰਬੜ ਨੇ ਦਾਨਵ ਨੂੰ ਕਿਹਾ: "ਇੱਛਿਆਧਾਰੀ ਸੱਪ ਸਾਡੇ ਨਾਲ ਧੋਖ਼ਾ ਨਹੀਂ ਕਰੇਗਾ ਕਿਉਂਕਿ ਇਸ ਕੋਲ **ਵਿਸ਼ਨੂੰ ਜੀ** ਦਾ ਵਰਦਾਨ ਹੈ। **ਨਾਰਦ ਮੁਨੀ** ਨੇ ਇਸ ਸੱਪ ਨੂੰ ਆਮ ਤੋਂ ਖ਼ਾਸ ਬਣਾਇਆ ਹੈ। ਇਸਦੇ ਦੱਸੇ ਹੋਏ ਰਸਤੇ ਉੱਤੇ ਹੀ ਅਸੀਂ ਅੱਗੇ ਦਾ ਸਫ਼ਰ ਤਹਿ ਕਰਾਂਗੇ।"

ਇੱਛਿਆਧਾਰੀ ਸੱਪ ਅਜੇ ਲੂੰਬੜ ਨੂੰ ਰਸਤਾ ਸਮਝਾ ਹੀ ਰਿਹਾ ਸੀ ਕਿ ਭੇੜੀਆ ਵੀ ਉਸ ਸਥਾਨ ਉੱਤੇ ਪਹੁੰਚ ਗਿਆ।

ਭੇੜੀਏ ਵੱਲ ਦੇਖ ਕੇ ਉਹ ਬਹੁਤ ਖੁਸ਼ ਹੋਏ। ਲੂੰਬੜ ਨੇ ਭੇੜੀਏ ਨੂੰ ਕਿਹਾ: "ਚੰਗਾ ਹੋਇਆ ਤੂੰ ਵੀ ਪਹੁੰਚ ਗਿਆ ਪਰ ਬੌਣਾ ਕਿੱਥੇ ਹੈ? ਉਹ ਠੀਕ ਤਾਂ ਹੈ ਨਾ?"

ਭੇੜੀਏ ਨੇ ਜਵਾਬ ਦੇਣ ਦੀ ਬਜਾਏ ਆਪਣਾ ਮੂੰਹ ਆਕਾਸ਼ ਵੱਲ ਕੀਤਾ। ਲੂੰਬੜ ਨੇ ਦੇਖਿਆ ਕਿ ਆਕਾਸ਼ ਵਿੱਚ ਤੋਤਾ ਉੱਡ ਰਿਹਾ ਹੈ। ਤੋਤੇ ਵੱਲ ਦੇਖ ਕੇ ਲੂੰਬੜ ਅਤੇ ਸਿਰਜੂ ਖੁਸ਼ ਹੋ ਗਏ। ਭੇੜੀਆ ਆਪਣੇ ਮੂੰਹ ਨਾਲ ਬੱਚੇ ਨੂੰ ਪਿਆਰ ਕਰਨ ਲੱਗਾ। ਬੱਚਾ ਵੀ ਆਪਣੇ ਮੂੰਹ ਵਿੱਚੋਂ ਵੱਖੋ-ਵੱਖ ਆਵਾਜ਼ਾਂ ਕੱਢ ਕੇ ਭੇੜੀਏ ਦੀਆਂ ਗੱਲਾਂ ਦਾ ਜਵਾਬ ਦੇ ਰਿਹਾ ਸੀ। ਬੱਚਾ ਹੁਣ ਬੈਠਣ ਲੱਗ ਗਿਆ ਸੀ।

ਭੇੜੀਏ ਨੇ ਸਿਰਜੂ ਨੂੰ ਕਿਹਾ: "ਬੱਚੇ ਨੂੰ ਕੁੱਝ ਦੇਰ ਲਈ ਮੇਰੀ ਪਿੱਠ ਉੱਤੇ ਬੈਠਾ ਦੇ! ਮੈਂ ਬੱਚੇ ਦੀ ਹੋਂਦ ਨੂੰ ਆਪਣੇ ਸ਼ਰੀਰ ਉੱਤੇ ਮਹਿਸੂਸ ਕਰਨਾ ਚਹੁੰਦਾ ਹਾਂ। ਕਿੰਨਾ ਵੱਡਾ ਹੋ ਗਿਆ ਹੈ ਇਹ ਮਾਸੂਮ ਜਿਹਾ।"

ਭੇੜੀਏ ਦੇ ਕਹਿਣ ਤੇ ਸਿਰਜੂ ਨੇ ਬੱਚੇ ਨੂੰ ਉਸ ਦੀ ਪਿੱਠ ਉੱਤੇ ਬੈਠਾ ਦਿੱਤਾ। ਤੋਤਾ ਵੀ ਆਕਾਸ਼ ਤੋਂ ਉੱਤਰ ਕੇ ਧਰਤੀ ਉੱਤੇ ਬੈਠ ਗਿਆ ਅਤੇ ਬੌਣੇ ਦੇ ਰੂਪ ਵਿੱਚ ਆ ਗਿਆ। ਬੌਣੇ ਨੇ ਬੱਚੇ ਨੂੰ ਗੋਦ ਵਿੱਚ ਲੈ ਕੇ ਬਹੁਤ ਪਿਆਰ ਕੀਤਾ। ਉਸ ਤੋਂ ਬਾਅਦ ਬੌਣੇ ਨੇ ਕੋਈ ਮੰਤਰ ਪੜ੍ਹਿਆ ਅਤੇ ਆਪਣੇ ਹੱਥ ਨੂੰ ਹਵਾ ਵਿੱਚ ਫ਼ੈਲਾ ਦਿੱਤਾ। ਕੁੱਝ ਦੇਰ ਬਾਅਦ ਬੌਣੇ ਦੇ ਹੱਥ ਵਿੱਚ ਇੱਕ ਜੈਕਟ ਆ ਗਈ। ''

ਜੈਕਟ ਬਿਲਕੁੱਲ ਬੱਚੇ ਦੇ ਨਾਪ ਦੀ ਸੀ। ਬੌਣੇ ਨੇ ਜੈਕਟ ਬੱਚੇ ਨੂੰ ਪਹਿਨਾ ਦਿੱਤੀ। ਬੌਣੇ ਨੇ ਟੁੱਟੀ ਹੋਈ ਮਾਲਾ ਨੂੰ ਵੀ ਮੰਤਰ ਨਾਲ ਬਿਲਕੁੱਲ ਪਹਿਲਾਂ ਦੀ ਤਰ੍ਹਾਂ ਠੀਕ ਕਰ ਦਿੱਤਾ।

ਦਾਨਵ ਨੇ ਤਰਲ ਪਦਾਰਥ ਵਾਲੀ ਬੋਤਲ ਕੱਢੀ ਅਤੇ ਬੌਣੇ ਵੱਲ ਵਧਾ ਦਿੱਤੀ। ਬੌਣੇ ਨੇ ਦਾਨਵ ਨੂੰ ਕਿਹਾ: ''ਮੈਨੂੰ ਇਹ ਦੇਖ ਕੇ ਬਹੁਤ ਖੁਸ਼ੀ ਹੋਈ ਕਿ ਤੂੰ ਸੱਚ ਅਤੇ ਰੱਬ ਦੇ ਰਾਹ ਉੱਤੇ ਚੱਲਣ ਦਾ ਫ਼ੈਸਲਾ ਕਰ ਲਿਆ ਹੈ। ਇਹ ਬੋਤਲ ਹੁਣ ਤੂੰ ਆਪਣੇ ਕੋਲ ਹੀ ਰੱਖ। ਜਦੋਂ ਤੱਕ ਤੇਰੀ ਭਗਤੀ ਨਹੀਂ ਵੱਧਦੀ ਇਹ ਤਰਲ ਪਦਾਰਥ ਤੇਰੇ ਕੰਮ ਅਵੇਗਾ। ਇਸ ਨੂੰ ਸੰਭਲ ਕੇ ਵਰਤੀਂ। ''

ਦਾਨਵ ਨਾਲ ਗੱਲਾਂ ਕਰਨ ਤੋਂ ਬਾਅਦ ਬੌਣੇ ਨੇ ਇੱਛਿਆਧਾਰੀ ਸੱਪ ਨੂੰ ਕਿਹਾ: ''ਤੂੰ ਵੀ ਕੁੱਝ ਦੂਰੀ ਤੱਕ ਸਾਡੇ ਨਾਲ ਹੀ ਚੱਲ॥ ''



# ਅਧਿਆਏ

# 21

## ਮੰਜ਼ਿਲ

# 21. ਮੰਜ਼ਿਲ

ਕੁੱਝ ਦੂਰੀ ਤਹਿ ਕਰਨ ਤੋਂ ਬਾਅਦ ਬੌਣੇ ਨੇ ਦਾਨਵ ਨੂੰ ਕਿਹਾ: "ਹੇ ਦਾਨਵ ! ਹੁਣ ਅਸੀਂ ਜੰਗਲ ਦੇ ਉਸ ਹਿੱਸੇ ਵਿੱਚ ਪਹੁੰਚ ਚੁੱਕੇ ਹਾਂ ਜਿਸ ਹਿੱਸੇ ਤੋਂ ਅਗਲਾ ਸਫ਼ਰ ਸਿਰਫ਼ ਲੂੰਬੜ ਅਤੇ ਭੇੜੀਏ ਨੇ ਤਹਿ ਕਰਨਾ ਹੈ।ਤੈਨੂੰ ਅਲਵਿਦਾ ਕਹਿਣ ਦਾ ਸਮਾਂ ਆ ਚੁੱਕਾ ਹੈ।ਇਸ ਤਰਲ-ਪਦਾਰਥ ਵਾਲੀ ਬੋਤਲ ਨੂੰ ਹਮੇਸ਼ਾ ਆਪਣੇ ਕੋਲ ਸੰਭਾਲ ਕੇ ਰੱਖੀਂ।"

ਬੌਣੇ ਨੇ ਦਾਨਵ ਨੂੰ ਪ੍ਰਸ਼ੰਸ਼ਾਂ ਪੂਰਵਕ ਲਹਿਜੇ ਵਿੱਚ ਕਿਹਾ: "ਹੇ ਦਾਨਵ! ਤੇਰੀ ਭਗਤੀ ਵਿੱਚ ਥੋੜ੍ਹਾ-ਜਿਹਾ ਵਾਧਾ ਕਰਕੇ ਮੈਂ ਇਸ ਗੱਲ ਦੀ ਪੁਸ਼ਟੀ ਕਰਨ ਲੱਗਾ ਹਾਂ ਕਿ ਤੂੰ ਰੱਬ ਦੇ ਰਸਤੇ ਉੱਤੇ ਅੱਗੇ ਵਧ ਰਿਹਾ ਹੈਂ।ਮੈਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿ ਤੂੰ ਆਪਣੀ ਗਲਤੀ ਨੂੰ ਸੁਧਾਰ ਕੇ ਸਹੀ ਰਸਤੇ ਉੱਤੇ ਤੁਰ ਰਿਹਾ ਹੈਂ।ਜੇ ਤੂੰ ਸੱਚ ਦੇ ਰਸਤੇ ਉੱਤੇ ਚੱਲਦਾ ਰਿਹਾ ਤਾਂ ਯਕੀਨਨ ਇੱਕ ਦਿਨ ਤੂੰ ਵੀ ਇਸ ਰਸਤੇ ਤੋਂ ਅਗਲਾ ਸਫ਼ਰ ਤਹਿ ਕਰ ਸਕੇਂਗਾ।"

ਦਾਨਵ ਨੇ ਇਹ ਗੱਲ ਸੁਣ ਕੇ ਬੌਣੇ ਅੱਗੇ ਆਦਰ ਵਜੋਂ ਆਪਣਾ ਸਿਰ ਝੁਕਾ ਦਿੱਤਾ।ਬੌਣੇ ਨੇ ਦਾਨਵ ਨੂੰ ਬੈਠਣ ਲਈ ਕਿਹਾ।ਜਦੋਂ ਦਾਨਵ ਬੈਠ ਗਿਆ ਤਾਂ ਬੌਣੇ ਨੇ ਦਾਨਵ ਦਾ ਹੱਥ ਫੜ੍ਹ ਕੇ ਕੁੱਝ ਸ਼ਬਦਾਂ ਦਾ ਉਚਾਰਣ ਕੀਤਾ।ਬੌਣੇ ਦੇ ਹੱਥ ਵਿੱਚੋਂ ਇੱਕ ਲਾਲ ਰੰਗ ਦੀ ਰੇਖਾ ਨਿੱਕਲ ਕੇ ਦਾਨਵ ਦੇ ਸ਼ਰੀਰ ਨਾਲ ਟਕਰਾਉਣ ਲੱਗੀ।ਕੁੱਝ ਦੇਰ ਬਾਅਦ ਬੌਣੇ ਨੇ ਦਾਨਵ ਦਾ ਹੱਥ ਛੱਡ ਦਿੱਤਾ।ਦਾਨਵ ਵੱਲ ਦੇਖ ਕੇ ਪਤਾ ਲੱਗ ਰਿਹਾ ਸੀ ਕਿ ਉਸਦੇ ਸ਼ਰੀਰ ਵਿੱਚ ਕੁੱਝ ਤਾਕਤਾਂ ਨੇ ਪ੍ਰਵੇਸ਼ ਕਰ ਲਿਆ ਹੈ।

ਦਾਨਵ ਤੋਂ ਵਹਿਲੇ ਹੋ ਕੇ ਬੌਣੇ ਨੇ ਸਿਰਜੂ ਨੂੰ ਕਿਹਾ: "ਪਿੰਡ ਵਿੱਚ ਸਿਰਫ਼ ਤੇਰੇ ਚੰਗੇ ਕਰਮਾਂ ਦਾ ਹਿਸਾਬ ਕਰਕੇ ਤੈਨੂੰ ਰੱਸੀਆਂ ਤੋਂ ਆਜ਼ਾਦ ਕਰ ਦਿੱਤਾ ਸੀ।ਜਿਸ ਤਰੀਕੇ

ਨਾਲ ਤੂੰ ਭੇੜੀਏ ਅਤੇ ਲੂੰਬੜ ਦਾ ਸਾਥ ਦਿੱਤਾ ਹੈ ਉਸ ਗੱਲ ਤੋਂ ਖੁਸ਼ ਹੋ ਕੇ ਮੈਂ ਤੇਰੇ ਸਾਰੇ ਮਾੜੇ ਕਰਮਾਂ ਨੂੰ ਖ਼ਤਮ ਕਰ ਰਿਹਾ ਹਾਂ।ਪਰ ਤੈਨੂੰ ਵੀ ਇਸ ਜਗ੍ਹਾ ਤੋਂ ਅੱਗੇ ਜਾਣ ਲਈ ਅਜੇ ਇੰਤਜਾਰ ਕਰਨਾ ਪਵੇਗਾ।"

ਬੌਣੇ ਨੇ ਸਿਰਜੂ ਨੂੰ ਬਹੁਤ ਪਿਆਰ ਨਾਲ ਕਿਹਾ: "ਮੈਂ ਤੈਨੂੰ ਇਕੱਲਾ ਨਹੀਂ ਛੱਡ ਰਿਹਾ।ਅੱਜ ਤੋਂ ਦਾਨਵ ਵੀ ਤੇਰੇ ਨਾਲ ਹੀ ਰਹੇਗਾ।ਤੁਸੀਂ ਦੋਵੇਂ ਇਕੱਠੇ ਰਹਿ ਕੇ ਰੱਬ ਦੀ ਭਗਤੀ ਕਰੋਗੇ।ਸੱਚਾਈ ਅਤੇ ਰੱਬ ਦੇ ਰਸਤੇ ਉੱਪਰ ਚੱਲਣ ਵਾਲੇ ਲੋਕਾਂ ਦੀ ਮੱਦਦ ਵੀ ਕਰੋਗੇ।ਜਰੂਰਤ ਪੈਣ ਤੇ ਮੈਂ ਹਮੇਸ਼ਾ ਤੁਹਾਡੇ ਕੋਲ ਪਹੁੰਚ ਜਾਵਾਂਗਾ।ਮੈਂ ਆਪਣੀ ਮਾਲਾ ਤੇਰੇ ਗਲੇ ਵਿੱਚ ਪਾ ਰਿਹਾ ਹਾਂ।"

ਬੌਣੇ ਨੇ ਸਿਰਜੂ ਨੂੰ ਕਿਹਾ: "ਜਦੋਂ ਵੀ ਤੈਨੂੰ ਮੱਦਦ ਦੀ ਲੋੜ ਮਹਿਸੂਸ ਹੋਵੇ ਮੇਰੀ ਮਾਲਾ ਨੂੰ ਹਵਾ ਵਿੱਚ ਉਛਾਲ ਦੇਣਾ।ਮੈਂ ਜਾਂ ਮੇਰਾ ਕੋਈ ਦੂਤ ਓਸੇ ਸਮੇਂ ਤੇਰੇ ਕੋਲ ਪਹੁੰਚ ਜਾਵੇਗਾ।ਜੇ ਤੁਸੀਂ ਚਾਹੋ ਤਾਂ ਇਸ ਜਗ੍ਹਾ ਉੱਤੇ ਬੈਠ ਕੇ ਲੂੰਬੜ ਅਤੇ ਭੇੜੀਏ ਦਾ ਇੰਤਜਾਰ ਕਰ ਸਕਦੇ ਹੋ।"

ਬੌਣੇ ਦੀ ਗੱਲ ਸੁਣ ਕੇ ਸਿਰਜੂ ਰੋਣ ਲੱਗ ਪਿਆ।ਉਸ ਨੇ ਬੌਣੇ ਨੂੰ ਕਿਹਾ: "ਪਿਛਲੇ ਜਨਮ ਵਿੱਚ ਮੈਂ ਜਰੂਰ ਚੰਗੇ ਕਰਮ ਕੀਤੇ ਹੋਣਗੇ ਜਿਹਨਾ ਦੇ ਸਦਕੇ ਮੈਨੂੰ ਤੁਹਾਡਾ ਸਾਥ ਨਸੀਬ ਹੋਇਆ।ਪਰ ਮੈਂ ਕੀ ਕਰਾਂ!? ਮੈਨੂੰ ਇਸ ਬੱਚੇ ਨਾਲ ਬਹੁਤ ਪਿਆਰ ਹੋ ਗਿਆ ਹੈ।ਮੈਨੂੰ ਨਹੀਂ ਲੱਗਦਾ ਕਿ ਹੁਣ ਮੈਂ ਇਸ ਬੱਚੇ ਤੋਂ ਬਗੈਰ ਰਹਿ ਸਕਾਂਗਾ!"

ਸਿਰਜੂ ਨੇ ਬੱਚੇ ਨੂੰ ਘੁੱਟ ਕੇ ਜੱਫੀ ਪਾ ਲਈ ਅਤੇ ਉੱਚੀ-ਉੱਚੀ ਰੋਣ ਲੱਗ ਪਿਆ।ਸਿਰਜੂ ਨੂੰ ਰੋਂਦਾ ਦੇਖ ਕੇ ਬੱਚਾ ਵੀ ਰੋਣ ਲੱਗਾ।ਬੱਚੇ ਨੂੰ ਰੋਂਦਾ ਦੇਖ ਕੇ ਸਾਰੇ ਹੀ ਰੋਣ ਲੱਗ ਪਏ।ਸ਼ੇਰਨੀ ਦੀਆਂ ਅੱਖਾਂ ਵਿੱਚੋਂ ਵੀ ਪਾਣੀ ਟਪਕਣ ਲੱਗ ਪਿਆ।ਕੁੱਝ ਦੇਰ ਲਈ ਸਾਰੇ ਹੀ ਭਾਵੁਕ ਹੋ ਗਏ।ਬੌਣੇ ਨੇ ਸਾਰਿਆਂ ਨੂੰ ਚੁੱਪ ਕਰਵਾਇਆ।

ਬੌਣੇ ਨੇ ਇੱਛਿਆਧਾਰੀ ਸੱਪ ਨੂੰ ਕਿਹਾ: "ਮੈਂ ਪਤਾਲ ਲੋਕ ਵਿੱਚੋਂ ਤੈਨੂੰ ਅੱਗੇ ਲੈ ਜਾਣ ਦੀ ਇਜਾਜਤ ਲੈ ਚੁੱਕਾ ਹਾਂ। ਤੂੰ ਸੱਪ ਦੇ ਰੂਪ ਵਿੱਚ ਸਾਡੇ ਨਾਲ ਅੱਗੇ ਜਾਵੇਂਗਾ। ਸ਼ੇਰਨੀ ਵੀ ਬੱਚੇ ਦੇ ਦੁੱਧ ਲਈ ਅੱਗੇ ਜਾਵੇਗੀ।"

ਇਹ ਗੱਲਾਂ ਕਹਿਣ ਤੋਂ ਬਾਅਦ ਬੌਣੇ ਨੇ ਬੱਚੇ ਨੂੰ ਲੈਣ ਲਈ ਸਿਰਜੂ ਵੱਲ ਆਪਣਾ ਹੱਥ ਵਧਾਇਆ ਪਰ ਬੱਚੇ ਨੇ ਬੌਣੇ ਕੋਲ ਆਉਣ ਦੀ ਬਜਾਏ ਸਿਰਜੂ ਦੇ ਗਲ ਨੂੰ ਜੱਫ਼ੀ ਪਾਕੇ ਆਪਣਾ ਮੂੰਹ ਦੂਜੀ ਤਰਫ਼ ਘੁਮਾ ਲਿਆ। ਸਿਰਜੂ ਨੇ ਬੱਚੇ ਦੀ ਮਾਂ ਵਾਲੀ ਚੂੜੀ ਕੱਢ ਕੇ ਬੌਣੇ ਨੂੰ ਫੜ੍ਹਾ ਦਿੱਤੀ। ਬੌਣੇ ਨੇ ਮੰਤਰ ਨਾਲ ਚੂੜੀ ਨੂੰ ਬੱਚੇ ਦੀ ਜੈਕਟ ਉੱਤੇ ਲਗਾ ਦਿੱਤਾ।

ਸਿਰਜੂ ਬਹੁਤ ਮੁਸ਼ਕਲ ਨਾਲ ਹੱਸ ਰਿਹਾ ਸੀ ਤਾਂ ਜੋ ਬੱਚਾ ਵੀ ਹੱਸ ਪਵੇ। ਉਸਨੇ ਗੱਲਾਂ-ਗੱਲਾਂ ਵਿੱਚ ਬੱਚੇ ਨੂੰ ਬੌਣੇ ਦੀ ਗੋਦ ਵਿੱਚ ਜਾਣ ਲਈ ਮਨਾ ਲਿਆ।

ਜਦੋਂ ਬੌਣਾ, ਭੇੜੀਆ ਅਤੇ ਲੂੰਬੜ ਅਗਲੇ ਸਫ਼ਰ ਉੱਤੇ ਕਦਮ ਵਧਾਉਣ ਲੱਗੇ ਤਾਂ ਸਿਰਜੂ ਨੇ ਭੇੜੀਏ ਅਤੇ ਲੂੰਬੜ ਨੂੰ ਕਿਹਾ: "ਮੈਂ ਇਸੇ ਸਥਾਨ ਉੱਤੇ ਰਹਿ ਕੇ ਤੁਹਾਡੀ ਵਾਪਸੀ ਦਾ ਇੰਤਜਾਰ ਕਰਾਂਗਾ। ਤੁਸੀਂ ਮੈਨੂੰ ਭੁੱਲ ਨਾ ਜਾਇਓ! ਮੈਂ ਹੋਰ ਕਿਸੇ ਥਾਂ ਨਹੀਂ ਜਾਣਾ ਚਾਹੁੰਦਾ, ਤੁਹਾਡੇ ਨਾਲ ਹੀ ਰਹਿਣਾ ਹੈ।"

ਸਿਰਜੂ ਤੋਂ ਬਾਅਦ ਦਾਨਵ ਨੇ ਵੀ ਬੌਣੇ ਨੂੰ ਕਿਹਾ: "ਮੈਂ ਵੀ ਸਿਰਜੂ ਨਾਲ ਇਸੇ ਜਗ੍ਹਾ ਉੱਤੇ ਲੂੰਬੜ ਅਤੇ ਭੇੜੀਏ ਦਾ ਇੰਤਜਾਰ ਕਰਾਂਗਾ।"

ਦਾਨਵ ਅਤੇ ਸਿਰਜੂ ਉਦਾਸ ਜਿਹਾ ਦਿਲ ਲੈ ਕੇ ਉੱਥੇ ਹੀ ਬੈਠ ਗਏ ਅਤੇ ਆਪਣੇ ਰਹਿਣ ਦਾ ਇੰਤਜਾਮ ਕਰਨ ਲੱਗੇ।

ਸਿਰਜੂ ਅਤੇ ਦਾਨਵ ਨੂੰ ਸਫ਼ਲ ਰਹਿਣ ਦਾ ਆਸ਼ਿਰਵਾਦ ਦੇਣ ਤੋਂ ਬਾਅਦ ਬੌਣਾ ਭੇੜੀਏ ਅਤੇ ਲੂੰਬੜ ਨਾਲ ਅੱਗੇ ਵਧ ਗਿਆ। ਬੌਣਾ ਅੱਗੇ ਤੁਰ ਰਿਹਾ ਸੀ ਅਤੇ ਬਾਕੀ ਉਸ ਦੇ ਪਿੱਛੇ ਤੁਰ ਪਏ। ਜੰਗਲ ਵਿੱਚ ਤੁਰਦਿਆਂ-ਤੁਰਦਿਆਂ ਰਾਤ ਪੈ ਗਈ। ਜਦੋਂ ਉਹਨਾ ਨੇ ਕਾਫੀ ਦੂਰੀ ਤਹਿ ਕਰ ਲਈ ਤਾਂ ਬੌਣੇ ਨੇ ਸਾਰਿਆਂ ਨੂੰ ਰੁਕਨ ਲਈ ਕਿਹਾ। ਰੁਕਨ ਤੋਂ ਬਾਅਦ ਸਾਰੇ ਬੌਣੇ ਦੇ ਮੂੰਹ ਵੱਲ ਦੇਖਣ ਲੱਗੇ।

ਬੌਣੇ ਨੇ ਇੱਛਿਆਧਾਰੀ ਸੱਪ ਨੂੰ ਕਿਹਾ: “ਤੇਰੇ ਕੋਲ ਐਂਨੀ ਸ਼ਕਤੀ ਹੈ ਕਿ ਤੂੰ ਕੋਈ ਵੀ ਰੂਪ ਧਾਰਨ ਕਰ ਸਕਦਾ ਹੈਂ। ਆਪਣੇ ਕਿਸੇ ਰੂਪ ਦੀ ਵਰਤੋਂ ਕਰਕੇ ਅੱਗ ਦਾ ਪ੍ਰਬੰਧ ਕਰ। ਇਹ ਜਗ੍ਹਾ ਬਹੁਤ ਠੰਡੀ ਹੈ। ਬੱਚਾ ਬਿਮਾਰ ਹੋ ਸਕਦਾ ਹੈ।”

ਸੱਪ ਨੇ ਆਪਣੀਆਂ ਤਾਕਤਾਂ ਦੀ ਵਰਤੋਂ ਕਰਕੇ ਦਰੱਖ਼ਤਾਂ ਦੀ ਇੱਕ ਝੰਗੀ ਕੋਲ ਅੱਗ ਬਾਲ ਦਿੱਤੀ। ਉਸ ਨੇ ਕੁੱਝ ਲੱਕੜਾਂ ਸਾਫ਼ ਕਰਕੇ ਧਰਤੀ ਉੱਤੇ ਇਸ ਤਰੀਕੇ ਨਾਲ ਰੱਖ ਦਿੱਤੀਆਂ ਕਿ ਬੌਣਾ ਬੱਚੇ ਨੂੰ ਆਰਾਮ ਕਰਨ ਲਈ ਉਹਨਾ ਲੱਕੜਾਂ ਉੱਤੇ ਲਿਟਾ ਸਕੇ।

ਬੱਚਾ ਅੱਗ ਦੇ ਕੋਲ ਬੈਠ ਕੇ ਸ਼ੇਰਨੀ ਦੇ ਨਾਲ ਖੇਡ ਰਿਹਾ ਸੀ। ਉਹ ਬੌਣੇ ਅਤੇ ਭੇੜੀਏ ਨਾਲ ਗੱਲਾਂ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਕੁੱਝ ਦੇਰ ਖੇਡਣ ਤੋਂ ਬਾਅਦ ਬੱਚਾ ਥੱਕ ਕੇ ਸੌਂ ਗਿਆ।

ਰਾਤ ਗੁਜਰ ਗਈ ਅਤੇ ਸਵੇਰ ਦੀਆਂ ਕਿਰਨਾਂ ਨੇ ਪੂਰਨਮਾਸ਼ੀ ਦੇ ਦਿਨ ਦਾ ਅਹਿਸਾਸ ਕਰਵਾਇਆ। ਬੌਣੇ ਨੇ ਬੱਚੇ ਨੂੰ ਸ਼ੇਰਨੀ ਦਾ ਦੁੱਧ ਪਿਲਾਇਆ ਅਤੇ ਫਿਰ ਸ਼ੇਰਨੀ ਨੂੰ ਆਪਣੇ ਮੰਤਰ ਦੀ ਸ਼ਕਤੀ ਨਾਲ ਓਸੇ ਜਗ੍ਹਾ ਸੁਲਾ ਦਿੱਤਾ।

ਬੌਣੇ ਨੇ ਸ਼ਕਤੀ ਨਾਲ ਬੱਚੇ ਨੂੰ ਭੇੜੀਏ ਦੀ ਪਿੱਠ ਉੱਤੇ ਬੰਨ ਦਿੱਤਾ।ਹੁਣ ਭੇੜੀਆ ਅਤੇ ਲੂੰਬੜ ਤੇਜ ਗਤੀ ਨਾਲ ਦੌੜ ਕੇ ਆਪਣਾ ਸਫ਼ਰ ਤਹਿ ਕਰ ਰਹੇ ਸਨ।ਇੱਛਿਆਧਾਰੀ ਸੱਪ ਵੀ ਉਹਨਾ ਦੇ ਨਾਲ ਅੱਗੇ ਵੱਧ ਰਿਹਾ ਸੀ।ਬੌਣਾ ਤੋਤੇ ਦੇ ਰੂਪ ਵਿੱਚ ਉਹਨਾ ਦੇ ਨਾਲ-ਨਾਲ ਉੱਡ ਰਿਹਾ ਸੀ।

ਸ਼ਾਮ ਪੈ ਗਈ।ਭੇੜੀਏ ਅਤੇ ਲੂੰਬੜ ਨੇ ਇੱਕ ਮਿੰਟ ਵੀ ਸਾਹ ਨਾ ਲਿਆ।ਬੱਚਾ ਕਦੇ ਸੌਂ ਜਾਂਦਾ ਅਤੇ ਕਦੇ ਭੇੜੀਏ ਦੀ ਪਿੱਠ ਉੱਤੇ ਹੱਥ ਮਾਰ-ਮਾਰ ਕੇ ਖੇਡਣ ਲੱਗ ਜਾਂਦਾ।ਲੂੰਬੜ ਵੀ ਆਪਣੀਆਂ ਗੱਲਾਂ ਨਾਲ ਬੱਚੇ ਦੇ ਦਿਲ ਨੂੰ ਬਹਿਲਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

ਸ਼ਾਮ ਗਹਿਰਾਉਣ ਤੇ ਬੌਣੇ ਨੇ ਭੇੜੀਏ ਅਤੇ ਲੂੰਬੜ ਨੂੰ ਰੁਕਣ ਲਈ ਇਸ਼ਾਰਾ ਕੀਤਾ।ਭੇੜੀਏ ਅਤੇ ਲੂੰਬੜ ਦੇ ਨਾਲ ਇੱਛਿਆਧਾਰੀ ਸੱਪ ਵੀ ਰੁਕ ਗਿਆ।ਤੋਤਾ ਜਮੀਨ ਉੱਤੇ ਆ ਗਿਆ ਅਤੇ ਫ਼ਿਰ ਬੌਣੇ ਦਾ ਰੂਪ ਲੈ ਲਿਆ।

ਬੌਣੇ ਨੇ ਭੇੜੀਏ ਨੂੰ ਕਿਹਾ: "ਇਸ ਸੀਮਾਂ ਤੋਂ ਅੱਗੇ ਮੈਂ ਤੁਹਾਡੇ ਨਾਲ ਨਹੀਂ ਜਾ ਸਕਦਾ।ਮੈਂ ਅਤੇ ਇੱਛਿਆਧਾਰੀ ਸੱਪ ਇਸੇ ਜਗ੍ਹਾ ਰੁਕ ਕੇ ਤੁਹਾਡਾ ਇੰਤਜਾਰ ਕਰਾਂਗੇ"।

ਇਹ ਗੱਲ ਕਹਿਣ ਤੋਂ ਬਾਅਦ ਬੌਣੇ ਨੇ ਆਪਣੇ ਲਿਬਾਸ ਵਿੱਚੋਂ ਇੱਕ ਬੋਤਲ ਕੱਢੀ ਅਤੇ ਬੋਤਲ ਵਿਚਲਾ ਸਾਰਾ ਤਰਲ ਪਦਾਰਥ ਬੱਚੇ ਨੂੰ ਪਿਲਾ ਦਿੱਤਾ।

ਸਾਰੇ ਕੰਮ ਖ਼ਤਮ ਹੋਣ ਤੋਂ ਬਾਅਦ ਬੌਣਾ ਮੁਸਕਰਾ ਪਿਆ।ਉਸ ਨੇ ਲੂੰਬੜ ਨੂੰ ਕਿਹਾ: "ਤੇਰਾ ਦਿਮਾਗ ਸੱਚਮੁੱਚ ਹੀ ਬਹੁਤ ਤੇਜ ਹੈ।ਬਚਪਨ ਵਿੱਚ ਸੁਣੀ ਹੋਈ ਕਹਾਣੀ ਦੇ ਪਾਤਰਾਂ ਨੂੰ ਯਾਦ ਰੱਖਣਾ,ਉਹਨਾ ਨੂੰ ਸਮਝਣਾ ਅਤੇ ਫਿਰ ਸੱਚਾਈ ਦੇ ਰਸਤੇ ਤੁਰਨਾ

ਤੇਰੇ ਦਿਮਾਗ ਦੀ ਸ਼ਕਤੀ ਨੂੰ ਦਰਸਾਉਂਦਾ ਹੈ।ਕਹਾਣੀ ਦੇ ਪਾਤਰਾਂ ਅਨੁਸਾਰ ਦਿਮਾਗ ਦੀ ਵਰਤੋਂ ਕਰਕੇ ਜਿਸ ਤਰੀਕੇ ਨਾਲ ਤੂੰ ਭੇੜੀਏ ਅਤੇ ਸਿਰਜੂ ਦੀ ਮੱਦਦ ਕੀਤੀ ਹੈ ,ਉਹ ਤਾਰੀਫ਼ ਦੇ ਕਾਬਲ ਹੈ।ਮੈਨੂੰ ਪੂਰੀ ਉਮੀਦ ਹੈ ਕਿ ਤੂੰ ਇੱਕ ਦਿਨ ਆਪਣੀ ਮੰਜ਼ਲ ਉੱਤੇ ਜਰੂਰ ਪਹੁੰਚ ਜਾਵੇਂਗਾ।ਮੈਂ ਤੈਨੂੰ ਤੇਰੇ ਸਫ਼ਲ ਜੀਵਨ ਲਈ ਆਸ਼ੀਰਵਾਦ ਦਿੰਦਾ ਹਾਂ।ਫ਼ਿਕਰ ਨਾ ਕਰੀਂ! ਮੈਂ ਹਮੇਸ਼ਾ ਤੇਰੇ ਨਾਲ ਹਾਂ।ਹੁਣ ਤੁਸੀਂ ਜਲਦੀ ਜਾਵੋ, ਸਮਾਂ ਬਹੁਤ ਘੱਟ ਹੈ। ”

ਇਹ ਗੱਲ ਕਹਿਣ ਤੋਂ ਬਾਅਦ ਬੌਣੇ ਨੇ ਤੋਤੇ ਦਾ ਰੂਪ ਧਾਰਨ ਕੀਤਾ ਅਤੇ ਦਰੱਖ਼ਤ ਦੀ ਟੀਸੀ ਉੱਤੇ ਬੈਠ ਗਿਆ।ਦਰੱਖ਼ਤ ਉੱਤੇ ਬੈਠ ਕੇ ਬੌਣੇ ਦੀ ਆਵਾਜ਼ ਫ਼ਿਜ਼ਾ ਵਿੱਚ ਗੂੰਜ ਗਈ :

## ( ਰੱਬ ਨਾ ਜਾਣੇ ਇਸਮ ਤੇਰੇ ਨੂੰ )

ਜੇ ਰੱਬ ਨਾ ਜਾਣੇ ਇਸਮ ਤੇਰੇ ਨੂੰ,

ਕੀ ਕਰਨਾ ਨਾਮ ਕਮਾ ਕੇ।

ਕੀ ਸ਼ੌਂਕ ਬਹਿਸ਼ਤ ਦਾ ਰੱਖਣਾ,

ਕੀ ਕਰਨਾ ਮੌਤ ਤੋਂ ਡਰਕੇ।

ਵਿੱਚ ਤਕੱਬਰ ਫ਼ੱਕਰ ਰੁਲ ਗਏ,

ਮੋਹ-ਮਾਇਆ ਵਿੱਚ ਫ਼ਸ ਕੇ।

ਹੁਬ ਰੱਖਿਏ ਖ਼ੁਦਾ ਦੀ ਐਪਰ,

ਰੱਬ ਦੀ ਰਜ਼ਾ ਵਿੱਚ ਰਹਿ ਕੇ॥

ਸੱਪ ਵੀ ਦਰੱਖ਼ਤ ਉੱਤੇ ਚੜ੍ਹ ਗਿਆ ਸੀ। ਭੇੜੀਏ ਅਤੇ ਲੂੰਬੜ ਨੇ ਇੱਕ ਵਾਰ ਫਿਰ ਤੇਜ ਗਤੀ ਨਾਲ ਆਪਣਾ ਸਫ਼ਰ ਸ਼ੁਰੂ ਕੀਤਾ। ਭੇੜੀਆ ਵਾਰ ਵਾਰ ਲੂੰਬੜ ਨੂੰ ਤੇਜ ਭੱਜਣ ਲਈ ਕਹਿ ਰਿਹਾ ਸੀ। ਰਾਤ ਹੁਣ ਗਹਿਰਾ ਚੁੱਕੀ ਸੀ॥



# ਅਧਿਆਏ 22

# ਅੰਤ

# 22. ਅੰਤ

ਲੂੰਬੜ ਨੇ ਭੇੜੀਏ ਨੂੰ ਕਿਹਾ: "ਰੁਕ ਜਾ! ਕਿਉਂ ਭੱਜੀ ਜਾ ਰਿਹਾ ਏਂ? ਇਸ ਜਗ੍ਹਾ ਵੱਲ ਧਿਆਨ ਨਾਲ ਦੇਖ! ਇਹ ਉਹ ਹੀ ਜਗ੍ਹਾ ਹੈ ਜਿੱਥੇ ਮੈਂ ਲੁਕ ਕੇ ਬੈਠਾ ਸੀ।"

ਭੇੜੀਆ ਹੱਸ ਪਿਆ ਅਤੇ ਲੂੰਬੜ ਨੂੰ ਕਹਿਣ ਲੱਗਾ: "ਹਾਂ! ਜਗ੍ਹਾ ਤਾਂ ਉਹ ਹੀ ਹੈ ਪਰ ਉਸ ਸਮੇਂ ਤੈਨੂੰ ਇਸ ਗੱਲ ਦਾ ਭੁਲੇਖ਼ਾ ਸੀ ਕਿ ਤੂੰ ਇਕੱਲਾ ਹੀ ਇਸ ਜਗ੍ਹਾ ਉੱਤੇ ਪਹੁੰਚ ਗਿਆ, ਜਦੋਂ ਕਿ ਤੈਨੂੰ ਲੱਭ ਕੇ ਐਥੇ ਤੱਕ ਲੈ ਕੇ ਆਉਣ ਵਾਲਾ ਮੈਂ ਹੀ ਸੀ।"

ਇਹ ਗੱਲ ਕਰਨ ਤੋਂ ਬਾਅਦ ਦੋਵੇਂ ਹੀ ਹੱਸ ਪਏ।ਹੁਣ ਚੰਨ ਵੱਡਾ ਹੁੰਦਾ ਜਾ ਰਿਹਾ ਸੀ।ਭੇੜੀਆ ਅਤੇ ਲੂੰਬੜ ਧਿਆਨ ਨਾਲ ਚੰਨ ਵੱਲ ਦੇਖ ਰਹੇ ਸਨ।ਉਹਨਾ ਦੇ ਦਿਲਾਂ ਵਿੱਚ ਇਸ ਗੱਲ ਦਾ ਵੀ ਖ਼ੌਫ਼ ਸੀ ਕਿ ਜੇ ਫ਼ਰਿਸ਼ਤੇ ਨੇ ਇਸ ਬੱਚੇ ਨੂੰ ਸਵੀਕਾਰ ਨਾ ਕੀਤਾ ਤਾਂ ਉਹ ਹਮੇਸ਼ਾ ਲਈ ਭੇੜੀਆ ਅਤੇ ਲੂੰਬੜ ਹੀ ਬਣੇ ਰਹਿਣਗੇ।

ਆਖ਼ਿਰਕਾਰ ਉਹ ਸਮਾਂ ਵੀ ਆ ਗਿਆ ਜਦੋਂ ਚੰਨ ਵਿੱਚੋਂ ਇੱਕ ਪਰਛਾਈ ਉੱਤਰ ਕੇ ਧਰਤੀ ਉੱਤੇ ਆ ਗਈ।ਪਰਛਾਈ ਨੂੰ ਦੇਖਿਆ ਨਹੀਂ ਸੀ ਜਾ ਸਕਦਾ ਕਿਉਂਕਿ ਉਹ ਪਲ ਪਲ ਆਪਣਾ ਰੂਪ ਬਦਲ ਰਹੀ ਸੀ।ਫਿਰ ਫ਼ਿਜ਼ਾ ਵਿੱਚ ਰੱਬ ਦੇ ਨਾਮ ਦੀ ਆਵਾਜ਼ ਗੂੰਜਣ ਲੱਗੀ।ਅਜਿਹਾ ਕੋਈ ਵੀ ਧਰਮ ਨਹੀਂ ਸੀ ਜਿਸਦੇ ਨਾਮ ਦੀ ਆਵਾਜ਼ ਫ਼ਿਜ਼ਾ ਵਿੱਚ ਸੁਣਾਈ ਨਾ ਦਿੱਤੀ ਹੋਵੇ।

ਕੁੱਝ ਦੇਰ ਬਾਅਦ ਪਰਛਾਈ ਨੇ ਮੰਤਰ ਪੜ੍ਹਿਆ ਅਤੇ ਆਪਣਾ ਹੱਥ ਭੇੜੀਏ ਵੱਲ ਕਰ ਦਿੱਤਾ।ਭੇੜੀਏ ਨੇ ਇਨਸਾਨ ਦਾ ਰੂਪ ਧਾਰਨ ਕਰ ਲਿਆ।

ਪਰਛਾਈ ਨੇ ਭੇੜੀਏ ਨੂੰ ਪੁੱਛਿਆ: "ਇਹ ਬੱਚਾ ਕੌਣ ਹੈ?"

ਭੇੜੀਏ (ਜੋ ਇਸ ਵੇਲੇ ਇਨਸਾਨ ਦੇ ਰੂਪ ਵਿੱਚ ਸੀ) ਨੇ ਬੱਚੇ ਦੀ ਜੈਕਟ ਨਾਲੋਂ ਚੂੜੀ ਖੋਲ ਕੇ ਫ਼ਰਿਸ਼ਤੇ ਦੇ ਹੱਥ ਵਿੱਚ ਰੱਖ ਦਿੱਤੀ।ਕੁੱਝ ਦੇਰ ਪਰਛਾਈ ਉਸ ਚੂੜੀ ਨੂੰ ਆਪਣੇ ਹੱਥ ਵਿੱਚ ਲੈ ਕੇ ਆਕਾਸ਼ ਵੱਲ ਦੇਖਦੀ ਰਹੀ ਅਤੇ ਕਿਸੇ ਨਾਲ ਗੱਲਾਂ ਕਰਦੀ ਰਹੀ।

ਪਰਛਾਈ ਦੀ ਬੋਲੀ ਭੇੜੀਏ ਅਤੇ ਲੂੰਬੜ ਦੀ ਸਮਝ ਤੋਂ ਪਰ੍ਹੇ ਸੀ।ਕੁੱਝ ਦੇਰ ਬਾਅਦ ਚੰਨ ਵਿੱਚੋਂ ਇੱਕ ਰੌਸ਼ਨੀ ਨਿੱਕਲੀ ਅਤੇ ਉਸ ਰੌਸ਼ਨੀ ਨੇ ਬੱਚੇ ਦੇ ਸ਼ਰੀਰ ਉੱਤੇ ਸਹੀ ਹੋਣ ਦਾ ਨਿਸ਼ਾਨ ਬਣਾ ਦਿੱਤਾ।ਫ਼ਰਿਸ਼ਤਾ ਖੁਸ਼ ਹੋ ਗਿਆ।

ਫਿਰ ਫ਼ਰਿਸ਼ਤੇ ਨੇ ਲੂੰਬੜ ਨੂੰ ਵੀ ਇਨਸਾਨ ਬਣਾ ਦਿੱਤਾ ਅਤੇ ਕਿਹਾ: "ਇਸ ਵਾਰ ਤੁਸੀਂ ਕਾਮਯਾਬ ਹੋ ਕਿਉਂਕਿ ਇਸ ਬੱਚੇ ਦੇ ਮਾਂ-ਬਾਪ ਨੇ ਖ਼ਤਮ ਹੋਣ ਤੋਂ ਪਹਿਲਾਂ ਆਪਣੇ ਫ਼ਰਜ਼ਾਂ ਨੂੰ ਪੂਰਾ ਕਰ ਦਿੱਤਾ ਸੀ।"

ਇਹ ਗੱਲ ਕਹਿਣ ਤੋਂ ਬਾਅਦ ਫ਼ਰਿਸ਼ਤੇ ਨੇ ਬੱਚੇ ਦੇ ਸ਼ਰੀਰ ਉੱਤੇ ਇੱਕ ਨਿਸ਼ਾਨ ਬਣਾ ਦਿੱਤਾ।ਫ਼ਰਿਸ਼ਤੇ ਨੇ ਲੂੰਬੜ ਅਤੇ ਭੇੜੀਏ ਨੂੰ ਕਿਹਾ: ਇਸ ਜਗ੍ਹਾ ਉੱਤੇ ਮੈਂ ਅੱਜ ਵੀ ਤੁਹਾਡੇ ਨਾਮ ਨਹੀਂ ਪੁਕਾਰ ਰਿਹਾ।ਠੀਕ ਬਾਰਾਂ ਸਾਲ ਬਾਅਦ ਤੁਹਾਡੀ ਅਗਲੀ ਪ੍ਰੀਖਿਆ ਹੋਵੇਗੀ ਜੇ ਤੁਸੀਂ ਓਸ ਪ੍ਰੀਖਿਆ ਵਿੱਚੋਂ ਪਾਸ ਹੋ ਗਏ ਫਿਰ ਹੀ ਤੁਹਾਡੇ ਨਾਮ ਇਸ ਜਗ੍ਹਾ ਉੱਤੇ ਪੁਕਾਰੇ ਜਾਣਗੇ।"

ਫ਼ਰਿਸ਼ਤੇ ਨੇ ਉਹਨਾ ਨੂੰ ਕਿਹਾ: "ਮੈਂ ਆਪਣੀਆਂ ਕੁੱਝ ਤਾਕਤਾਂ ਇਸ ਬੱਚੇ ਨੂੰ ਦੇ ਰਿਹਾ ਹਾਂ।ਬਾਰਾਂ ਸਾਲ ਤੁਸੀਂ ਦੋਵਾਂ ਨੇ ਇਸ ਬੱਚੇ ਦੇ ਨਾਲ ਹੀ ਰਹਿਣਾ ਹੈ।ਦੋ ਸਾਲ ਬਾਅਦ ਬੌਣਾ ਤੁਹਾਨੂੰ ਦੱਸ ਦੇਵੇਗਾ ਕਿ ਤੁਹਾਡਾ ਅਗਲਾ ਇਮਤਿਹਾਨ ਕੀ ਹੈ? ਹੁਣ ਤੁਸੀਂ ਜਾ ਸਕਦੇ ਹੋ।"

ਭੇੜੀਆ ਜੋ ਕਿ ਹੁਣ ਇਨਸਾਨ ਸੀ ਉਸਨੇ ਬੱਚੇ ਨੂੰ ਗੋਦ ਵਿੱਚ ਲਿਆ।ਲੂੰਬੜ ਵੀ ਇਨਸਾਨੀ ਰੂਪ ਵਿੱਚ ਆ ਚੁੱਕਾ ਸੀ।ਉਹ ਦੋਵੇਂ ਬੱਚੇ ਨੂੰ ਨਾਲ ਲੈ ਕੇ ਓਸ ਜਗ੍ਹਾ ਤੋਂ ਵਾਪਿਸ ਤੁਰ ਪਏ।

ਕੁੱਝ ਦੇਰ ਬਾਅਦ ਚੰਨ ਵਿੱਚ ਪੌੜੀ ਦਿਖਾਈ ਦਿੱਤੀ ਅਤੇ ਫ਼ਰਿਸ਼ਤਾ ਓਸ ਪੌੜੀ ਰਾਹੀਂ ਚੰਨ ਵਿੱਚ ਵਾਪਿਸ ਚਲਾ ਗਿਆ॥

# ਰਚਨਾਤਮਕ ਸੰਗ੍ਰਹਿ

# 1. ਰੱਬ ਨਾ ਜਾਣੇ ਇਸਮ ਤੇਰੇ ਨੂੰ

(ਅਧਿਆਏ-21, ਪੇਜ-186)

ਜੇ ਰੱਬ ਨਾ ਜਾਣੇ ਇਸਮ ਤੇਰੇ ਨੂੰ,
ਕੀ ਕਰਨਾ ਨਾਮ ਕਮਾ ਕੇ।

ਕੀ ਸ਼ੌਂਕ ਬਹਿਸ਼ਤ ਦਾ ਰੱਖਣਾ,
ਕੀ ਕਰਨਾ ਮੌਤ ਤੋਂ ਡਰਕੇ।

ਵਿੱਚ ਤਕੱਬਰ ਫ਼ੱਕਰ ਰੁਲ ਗਏ,
ਮੋਹ-ਮਾਇਆ ਵਿੱਚ ਫ਼ਸ ਕੇ।

ਹੁਬ ਰੱਖਿਏ ਖ਼ੁਦਾ ਦੀ ਐਪਰ,
ਰੱਬ ਦੀ ਰਜ਼ਾ ਵਿੱਚ ਰਹਿ ਕੇ॥

# PUBLISHED BOOKS





















# UPCOMING BOOKS




















## FOR ORDERING BOOKS & FEEDBACK

**WHATSAPP US @ :+91 8054031212(INDIA)**

**OR SCAN**

Udaari
WhatsApp business account

**Published Books Available @**

amazon   flipkart.com   Google Play Books